ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 30 | 30 July 2021 to 05 August 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਧਰਮਸੋਤ ਕਾਰਨ ਕੈਪਟਨ ਸਰਕਾਰ ਮੁਸ਼ਕਲ ’ਚ

## ਸਕਾਲਰਸ਼ਿਪ ਘੁਟਾਲੇ ਸਬੰਧੀ ਸੀ.ਬੀ.ਆਈ. ਵਲੋਂ ਰਿਕਾਰਡ ਮੰਗਣ ’ਤੇ ਸਰਕਾਰ ਵਿਚ ਤਰਥੱਲੀ

**ਚੰਡੀਗੜ/ਏ.ਟੀ.ਨਿਊਜ਼ :** ਆਉਂਦੇ ਦਿਨਾਂ ਵਿਚ ਕੁਝ ਕੈਪਟਨ ਸਮਰਥਕ ਮੰਤਰੀਆਂ ਲਈ ਵੱਡੀਆਂ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ। ਜਿਸ ਨਾਲ ਮੰਤਰੀ ਮੰਡਲ ਵਿਚ ਬਦਲਾਅ ਕਰਨਾ ਮਜਬੂਰੀ ਬਣ ਸਕਦੀ ਹੈ ਅਤੇ ਉਨਾਂ ਨੂੰ ਆਪਣੇ ਸਮਰਥਕ ਮੰਤਰੀਆਂ ਦੀ ਛੁੱਟੀ ਵੀ ਕਰਨੀ ਪੈ ਸਕਦੀ ਹੈ। ਸੀ.ਬੀ. ਆਈ. ਵਲੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ’ਤੇ ਲੱਗੇ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਦਾ ਬਿਓਰਾ ਮੰਗ ਲੈਣਾ ਇਸ ਦੀ ਸ਼ੁਰੂਆਤ ਸਮਝੀ ਜਾ ਰਹੀ ਹੈ। ਜਦੋਂ ਕਿ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਰਾਣਾ ਗੁਰਮੀਤ ਸਿੰਘ ਸੋਢੀ ’ਤੇ ਹਮਲਾ ਆਪਣੀ ਜਗਾ ਹੈ। ਇਸ ਦਰਮਿਆਨ ਚਰਚਾ ਹੈ ਕਿ ਇਕ ਹੋਰ ਕੈਪਟਨ ਸਮਰਥਕ ਮੰਤਰੀ ਦੀਆਂ ਹਿੱਸੇਦਾਰੀਆਂ ਵਾਲੀਆਂ ਜਾਇਦਾਦਾਂ ਦਾ ਮਾਮਲਾ ਵੀ ਜਲਦੀ ਹੀ ਸਾਹਮਣੇ ਆਉਣ ਦੀ ਸੰਭਾਵਨਾ ਹੈ। ਅਜਿਹੀ ਸਥਿਤੀ ਕੈਪਟਨ ਨੂੰ ਹੋਰ ਕਮਜ਼ੋਰ ਹੀ ਕਰੇਗੀ। ਇਹ ਵੀ ਵਰਣਨਯੋਗ ਹੈ ਕਿ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਦਾ ਦਾਅਵਾ ਹੈ ਕਿ ਧਰਮਸੋਤ ਬਾਰੇ ਸੀ.ਬੀ.ਆਈ. ਜਾਂਚ ਸ਼ੁਰੂ ਕਰਵਾਉਣ ਵਿਚ ਉਨਾਂ ਦਾ ਮਹੱਤਵਪੂਰਨ ਰੋਲ ਹੈ। ਉਨਾਂ ਦੱਸਿਆ ਕਿ ਉਨਾਂ ਨੂੰ ਇਸ ਬਾਰੇ ਰਾਜ ਸਭਾ ਵਿਚ ਜਾਂਚ ਦੀ ਯਕੀਨ ਦਹਾਨੀ ਕਰਾਈ ਗਈ ਸੀ। ਇਹ ਵੀ ਪਤਾ ਲੱਗਾ ਹੈ ਕਿ ਉਹ ਪੰਜਾਬ ਵਿਚ ਫੜੀਆਂ ਗਈਆਂ ਨਕਲੀ ਸ਼ਰਾਬ ਦੀਆਂ ਫੈਕਟਰੀਆਂ ਦੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਲਈ ਵੀ ਵਿਸ਼ੇਸ਼ ਯਤਨ ਕਰ ਰਹੇ ਹਨ। ਪੰਜਾਬ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਵੰਡ ਵਿਚ ਵਾਪਰੇ ਕਥਿਤ 63.91 ਕਰੋੜ ਦੇ ਘੁਟਾਲੇ ਦੀ ਜਾਂਚ ਸੀ.ਬੀ.





ਸੀ ਕੋਈ 39 ਕਰੋੜ ਰੁਪਏ ਉਨਾਂ ਸੰਸਥਾਵਾਂ ਨੂੰ ਦਿੱਤੇ ਗਏ ਜਿਨਾਂ ਦਾ ਕੋਈ ਰਿਕਾਰਡ ਹੀ ਨਹੀਂ ਜਾਂ ਰਿਕਾਰਡ ਮਿਲ ਨਹੀਂ ਰਿਹਾ ਅਤੇ 16.71 ਕਰੋੜ ਕੁਝ ਸੰਸਥਾਵਾਂ ਨੂੰ ਗ਼ਲਤ ਦਿੱਤਾ ਗਿਆ ਸੀ । ਕੇਂਦਰੀ ਫ਼ੰਡਾਂ ਨਾਲ ਚੱਲ ਰਹੀ ਇਸ ਸਕੀਮ ਸਬੰਧੀ ਰਾਜ ਸਰਕਾਰ ਵਲੋਂ ਪੈਸੇ ਦੀ ਵਰਤੋਂ ਸਬੰਧੀ ਰਿਪੋਰਟਾਂ ਵੀ ਕਾਫ਼ੀ ਪਛੜ ਕੇ ਦਿੱਤੀਆਂ। ਸ੍ਰੀ ਸਰੋਜ ਨੇ ਆਪਣੀ ਰਿਪੋਰਟ ਵਿਚ ਵਿਭਾਗ ਦੇ ਇਕ ਅਧਿਕਾਰੀ ਨੂੰ ਮੁੱਖ ਦੋਸ਼ੀ ਦੱਸਿਆ ਸੀ ਜੋ ਕਿ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਕਰੀਬ ਦੱਸਿਆ ਜਾ ਰਿਹਾ ਸੀ ਪਰ ਸੀ.ਬੀ.ਆਈ. ਵਲੋਂ ਇਸ ਘੁਟਾਲੇ ਨਾਲ ਸਬੰਧਤ ਸਮੁੱਚਾ ਰਿਕਾਰਡ ਪੰਜਾਬ ਸਰਕਾਰ ਤੋਂ ਮੰਗਣ ਅਤੇ ਇਹ ਰਿਕਾਰਡ ਸਬੰਧੀ ਮੁੱਦਿਆਂ ’ਤੇ ਲਈ ਗਈ ਬੈਠਕ ਤੋਂ ਬਾਅਦ ਮੁੱਖ ਮੰਤਰੀ ਨਾਲ ਵੀ ਵਿਚਾਰਿਆ ਗਿਆ । ਸਰਕਾਰੀ ਹਲਕਿਆਂ ਦਾ ਦੱਸਣਾ ਹੈ ਕਿ ਸਰਕਾਰ ਲਈ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਮਸਲੇ ਨਾਲ ਸਬੰਧਿਤ ਕੁਝ ਰਿਕਾਰਡ ਸਰਕਾਰੀ ਫਾਈਲਾਂ ਵਿਚੋਂ ਲਾਪਤਾ ਹੈ । ਇਸ ਤੋਂ ਇਲਾਵਾ ਸਰਕਾਰ ਵਲੋਂ ਸੀਨੀਅਰ ਤਿੰਨ ਆਈ.ਏ.ਐਸ. ਅਧਿਕਾਰੀਆਂ ਜਸਪਾਲ ਸਿੰਘ, ਕੇ.ਏ. ਪੀ. ਸਿਨਹਾ ਅਤੇ ਵਿਵੇਕ ਪ੍ਰਤਾਪ ਸਿੰਘ ‘ਤੇ ਆਧਾਰਿਤ ਕਮੇਟੀ ਵਲੋਂ ਜਿਵੇਂ ਇਹ ਕਹਿ ਕੇ ਇਸ ਸਾਰੇ ਮਾਮਲੇ ਨੂੰ ਰੱਖ ਦਿੱਤਾ ਸੀ ਕਿ ਕੇਵਲ 13-14 ਸੰਸਥਾਵਾਂ ਨੂੰ ਕੋਈ 7 ਕਰੋੜ ਦੀ ਰਾਸ਼ੀ ਵਾਧੂ ਦਿੱਤੀ ਗਈ ਜੋ ਉਨਾਂ ਤੋਂ ਵਾਪਸ ਵਸੂਲ ਕੀਤੀ ਜਾਵੇ ਪਰ ਕਮੇਟੀ ਨੇ ਕਿਹਾ ਸੀ ਉਨਾਂ 39 ਕਰੋੜ ਦੇ ਉਨਾਂ ਸਕਾਲਰਸ਼ਿਪਾਂ ਦਾ ਪਤਾ ਲਗਾ ਲਿਆ ਹੈ ਜਿਨਾਂ ਸਬੰਧੀ ਪਹਿਲਾਂ ਰਿਕਾਰਡ ਨਾ ਹੋਣ ਦੀ ਗੱਲ ਕੀਤੀ ਗਈ ਸੀ। ਪਰ ਹੁਣ ਜੇ ਇਸ ਕਮੇਟੀ ਦੇ ਕੰਮ ਵਿਚ ਵੀ ਕੋਈ ਤਰੁੱਟੀ ਪਾਈ ਗਈ ਤਾਂ ਉਕਤ ਅਧਿਕਾਰੀਆਂ ਦੀ ਵੀ ਸੀ.ਬੀ.ਆਈ. ਵਲੋਂ ਜਵਾਬ ਤਲਬੀ ਹੋ ਸਕਦੀ ਹੈ। ਸੀ.ਬੀ.ਆਈ. ਵਲੋਂ ਉਕਤ ਕੇਸ ਸਿੱਧੇ ਤੌਰ ’ਤੇ ਆਪਣੇ ਹੱਥਾਂ ਵਿਚ ਲਏ ਜਾਣ ਸਬੰਧੀ ਰਾਜ ਸਰਕਾਰ ਨੂੰ ਸਪੱਸ਼ਟ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਮਾਮਲੇ ਦਾ ਸਬੰਧ ਕੇਂਦਰੀ ਫ਼ੰਡਾਂ ਨਾਲ ਹੈ। ਇਸ ਲਈ ਸੀ.ਬੀ. ਆਈ. ਕੇਂਦਰ ਦੇ ਆਦੇਸ਼ਾਂ ’ਤੇ ਸਿੱਧੇ ਤੌਰ ’ਤੇ ਵੀ ਜਾਂਚ ਕਰ ਸਕਦੀ ਹੈ । ਰਾਜ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਹੋਰ ਵੀ ਬਹੁਤ ਸਾਰੇ ਦੂਜੇ ਵਿਭਾਗਾਂ ਵਿਚ ਜਿੱਥੇ ਕੇਂਦਰੀ ਫ਼ੰਡਾਂ ਨਾਲ ਕੰਮ ਹੋ ਰਹੇ ਹਨ ਹੁਣ ਉਨਾਂ ਸਬੰਧੀ ਵੀ ਕੇਂਦਰ ਲਈ ਸਿੱਧੀ ਜਾਂਚ ਦੇ ਆਦੇਸ਼ ਦੇਣ ਲਈ ਰਾਹ ਖੁੱਲ ਗਿਆ ਹੈ। ਸੂਚਨਾ ਅਨੁਸਾਰ ਕਾਨੂੰਨੀ ਪੱਖਾਂ ਨੂੰ ਜਾਂਚਣ ਤੋਂ ਬਾਅਦ ਸਰਕਾਰ ਵਲੋਂ ਸਬੰਧਤ ਵਿਭਾਗ ਨੂੰ ਸਮੁੱਚਾ ‘ਅਟੈਸਟਡ ਰਿਕਾਰਡ’ ਸੀ.ਬੀ.ਆਈ. ਨੂੰ ਮੁਹੱਈਆ ਕਰਵਾਉਣ ਦੀ ਤਿਆਰੀ ਲਈ ਕਹਿ ਦਿੱਤਾ ਗਿਆ ਹੈ । ਸਮਝਿਆ ਜਾਂਦਾ ਹੈ ਕਿ ਸੀ.ਬੀ. ਆਈ. ਜਿਨਾਂ ਸੰਸਥਾਵਾਂ ਨੂੰ ਪੈਸੇ ਵੰਡੇ ਗਏ, ਉਨਾਂ ਦੇ ਰਿਕਾਰਡ ਵੀ ਚੈੱਕ ਕਰ ਸਕਦੀ ਹੈ।

### ਸੀਬੀਆਈ ਨੂੰ ਵਜ਼ੀਫਾ ਘੁਟਾਲੇ ਦਾ ਰਿਕਾਰਡ ਨਾ ਦੇਣਾ ਨਿੰਦਣਯੋਗ : ਸੁਖਬੀਰ

**ਚੰਡੀਗੜ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ ਵੱਲੋਂ ਸੀਬੀਆਈ ਨੂੰ ਐੱਸਸੀ ਸਕਾਲਰਸ਼ਿਪ ਦਾ ਰਿਕਾਰਡ ਨਾ ਦੇਣ ’ਤੇ ਸਰਕਾਰ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀ ਸਾਧੂ ਸਿੰਘ ਧਰਮਸੋਤ ਦੀ ਹਮਾਇਤ ਕਰ ਰਹੇ ਹਨ।

## ਕਰਤਾਰਪੁਰ ਲਾਂਘਾ ਮੁੜ ਖੋਲੋ

### ਕੈਪਟਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕੀਤੀ ਅਪੀਲ



**ਚੰਡੀਗੜ/ਏ.ਟੀ.ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਵਿਡ ਦੀ ਸਥਿਤੀ ਵਿਚ ਸੁਧਾਰ ਆਉਣ ਦੇ ਮੱਦੇਨਜ਼ਰ ਕਰਤਾਰਪੁਰ ਲਾਂਘਾ ਮੁੜ ਖੋਲਣ ਦੀ ਅਪੀਲ ਕੀਤੀ ਹੈ ਤਾਂ ਕਿ ਲੋਕ ਪਾਕਿਸਤਾਨ ਵਿਚ ਸਥਿਤ ਇਤਿਹਾਸਕ ਗੁਰਧਾਮ ਦੇ ਦਰਸ਼ਨ-ਦੀਦਾਰੇ ਕਰ ਸਕਣ । ਉਨਾਂ ਕਿਹਾ ਕਿ ਬਦਲੇ ਹੋਏ ਹਾਲਾਤ ਵਿਚ ਸੁਭਾਵਿਕ ਹੈ ਕਿ ਸੰਗਤ ਨੇ ਕਰਤਾਰਪੁਰ ਸਾਹਿਬ ’ਚ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਮੁੜ ਜ਼ਾਹਿਰ ਕੀਤੀ ਹੈ ।

**ਇਕ ਵਾਰ ਫਿਰ ਵਿਰੋਧੀਆਂ ਦੇ ਨਿਸ਼ਾਨੇ ’ਤੇ ਕੈਪਟਨ ਸਰਕਾਰ**

ਸਕਾਲਰਸ਼ਿਪ ਘੁਟਾਲੇ ਵਿਚ ਕੈਪਟਨ ਸਰਕਾਰ ਦੇ ਮੰਤਰੀਆਂ ਦੇ ਸ਼ਾਮਲ ਹੋਣ ਦੇ ਤੱਥ ਸਾਹਮਣੇ ਆਉਣ ਮਗਰੋਂ ਕੈਪਟਨ ਸਰਕਾਰ ਇਕ ਵਾਰ ਫਿਰ ਵਿਰੋਧੀਆਂ ਦੇ ਨਿਸ਼ਾਨੇ ’ਤੇ ਆ ਗਈ ਹੈ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਬਾਦਲ ਨੇ ਕਿਹਾ **ਬਾਕੀ ਸਫ਼ਾ 31 ’ਤੇ**

## ਲਾਲ ਕਿਲਾ ਹਿੰਸਾ ਦਾ ਮਾਮਲਾ

### ਲੱਖਾ ਸਿਧਾਣਾ ਦੀ ਹੋਈ ਅਗਾਊਂ ਜ਼ਮਾਨਤ



**ਨਵੀਂ ਦਿੱਲੀ/ਏ.ਟੀ.ਨਿਊਜ਼ :** 26 ਜਨਵਰੀ ਅਤੇ ਲਾਲ ਕਿਲਾ ਹਿੰਸਾ ਦੇ ਮਾਮਲੇ ਵਿਚ ਲੱਖਾ ਸਿਧਾਣਾ ਨੂੰ ਦਿੱਲੀ ਦੀ ਇਕ ਅਦਾਲਤ ਨੇ ਅਗਾਊਂ ਜ਼ਮਾਨਤ ਦੇ ਦਿੱਤੀ । ਵਧੀਕ ਸੈਸ਼ਨ ਜੱਜ ਕਾਮਿਨੀ ਲਾਊ ਨੇ ਸਿਧਾਣਾ ਨੂੰ ਗ੍ਰਿਫ਼ਤਾਰੀ ਤੋਂ ਪਹਿਲਾਂ ਜ਼ਮਾਨਤ ਦੇ ਦਿੱਤੀ ਹੈ । ਲੱਖਾ ਸਿਧਾਣਾ ਵਲੋਂ ਪੇਸ਼ ਹੋਏ ਵਕੀਲ ਜਸਦੀਪ ਢਿੱਲੋਂ ਨੇ ਕਿਹਾ ਕਿ ਉਹ ਜਾਂਚ ਵਿਚ ਸ਼ਾਮਿਲ ਹੋਏ ਸਨ ਅਤੇ ਜਾਂਚ ਏਜੰਸੀ ਨੂੰ ਪੂਰਾ ਸਹਿਯੋਗ ਕਰ ਰਹੇ ਹਨ। ਉੱਧਰੋਂ ਸਰਕਾਰੀ ਵਕੀਲ ਪੰਕਜ ਭਾਟੀਆ ਨੇ ਸਿਧਾਣਾ ਦੀ ਜ਼ਮਾਨਤ ਪਟੀਸ਼ਨ ਦਾ ਵਿਰੋਧ ਕਰਦੇ ਹੋਏ ਅਦਾਲਤ ਨੂੰ ਦੱਸਿਆ ਕਿ ਸਿਧਾਣਾ ਨੇ ਪ੍ਰਦਰਸ਼ਨਕਾਰੀਆਂ ਨੂੰ ਲਾਲ ਕਿਲੇ ਨੂੰ ਜਾਣ ਲਈ ਸੱਦਾ ਦਿੱਤਾ ਸੀ ਅਤੇ ਇਸ ਮਾਮਲੇ ਵਿਚ ਮੁੱਖ ਸਾਜ਼ਿਸ਼ਕਰਤਾਵਾਂ ਵਿਚੋਂ ਇਕ ਹੈ। ਹਾਲਾਂਕਿ ਸਿਧਾਣਾ ਨੇ ਗਣਤੰਤਰ ਦਿਵਸ ਦੀ ਹਿੰਸਾ ਵਿਚ ਕਿਸੇ ਵੀ ਤਰਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

# ਭਾਰਤ ਦੀ ਮੁੱਕੇਬਾਜ਼ ਮੈਰੀ ਕੌਮ ਕੋਲੰਬੀਆ ਦੀ ਇੰਗ੍ਰਿਟ ਲੋਰੇਨਾ ਵਾਲੇਂਸ਼ਿਆ ਕੋਲੋਂ ਹਾਰੀ

## ✪ ਮੈਰੀ ਨੇ ਓਲੰਪਿਕ ਵਿਚ ਆਪਣੀ ਹਾਰ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ✪ ਓਲੰਪਿਕਸ ਤੋਂ ਹੋਈ ਬਾਹਰ ਹੋਈ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਛੇ ਵਾਰ ਦੀ ਵਿਸ਼ਵ ਚੈਂਪੀਅਨ ਐੱਮ. ਸੀ.ਮੈਰੀਕੌਮ (51 ਕਿਲੋ) ਦਾ ਦੂਜਾ ਓਲੰਪਿਕ ਤਗ਼ਮਾ ਜਿੱਤਣ ਦਾ ਸੁਪਨਾ ਪ੍ਰੀ-ਕੁਆਰਟਰ ਫਾਈਨਲ ਵਿੱਚ ਮਿਲੀ ਹਾਰ ਨਾਲ ਟੁੱਟ ਗਿਆ। ਮੈਰੀਕੌਮ ਰੀਓ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਕੋਲੰਬੀਆ ਦੀ ਇੰਗ੍ਰਿਟ ਲੋਰੇਨਾ ਵਾਲੇਂਸ਼ਿਆ ਖਿਲਾਫ਼ ਤਿੰਨ ਵਿੱਚੋਂ ਦੋ ਰਾਊਂਡਾਂ ਵਿੱਚ ਜਿੱਤਣ ਦੇ ਬਾਵਜੂਦ 2-3 ਨਾਲ ਹਾਰ ਗਈ। ਮੁਕਾਬਲੇ ਮਗਰੋਂ 38 ਸਾਲਾ ਮੈਰੀਕੌਮ ਨੇ ਕਿਹਾ, “ਨਹੀਂ ਪਤਾ ਕੀ ਹੋਇਆ। ਪਹਿਲੇ ਦੌਰ ਵਿੱਚ ਮੈਨੂੰ ਲੱਗਿਆ ਕਿ ਅਸੀਂ ਇਕ ਦੂਜੇ ਦੀ ਰਣਨੀਤੀ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਮਗਰੋਂ ਮੈਂ ਦੋਵੇਂ ਰਾਊਂਡ ਜਿੱਤੇ।” ਭਾਰਤੀ ਮੁੱਕੇਬਾਜ਼ ਪਹਿਲੇ ਰਾਊਂਡ ਵਿੱਚ 1-4 ਨਾਲ ਪੱਛੜ ਗਈ, ਪੰਜ ਵਿੱਚੋਂ ਚਾਰ ਜੱਜਾਂ ਨੇ 10-9 ਦੇ ਸਕੋਰ ਨਾਲ ਵੈਲੇਂਸੀਆ ਦੇ ਹੱਕ ਵਿੱਚ ਫੈਸਲਾ ਕੀਤਾ। ਅਗਲੇ ਦੋ ਰਾਊਂਡਾਂ ਵਿੱਚ ਪੰਜ ਵਿੱਚੋਂ ਤਿੰਨ ਜੱਜਾਂ ਨੇ ਮੈਰੀਕੌਮ ਦੇ ਹੱਕ ਵਿੱਚ ਫੈਸਲਾ ਕੀਤਾ ਹਾਲਾਂਕਿ ਕੁੱਲ ਸਕੋਰ ਫਿਰ ਵੀ ਵੈਲੇਂਸੀਆ ਦੇ ਹੱਕ ਵਿੱਚ ਗਿਆ। ਮੈਰੀ ਕੌਮ ਦਾ ਇਹ ਆਖਰੀ ਓਲੰਪਿਕ ਹੋ ਸਕਦਾ ਹੈ। ਮੈਚ ਮਗਰੋਂ ਰੈਫ਼ਰੀ ਨੇ ਵੈਲੇਂਸੀਆ ਦਾ ਹੱਥ ਉਪਰ ਚੁੱਕਿਆ ਤਾਂ ਮੈਰੀ ਕੌਮ ਦੀਆਂ ਅੱਖਾਂ ਵਿੱਚ ਹੰਝੂ ਤੇ ਚਿਹਰੇ ’ਤੇ ਮੁਸਕਾਨ ਸੀ। ਇਸ ਨਿਰਾਸ਼ਾ ਦੇ ਬਾਵਜੂਦ ਮੈਰੀ ਕੌਮ ਨੇ ਕਿਹਾ ਕਿ ਉਹਦੀ ਅਜੇ ਖੇਡਾਂ ਤੋਂ ਸੰਨਿਆਸ ਲੈਣ ਦੀ ਕੋਈ ਇੱਛਾ ਨਹੀਂ ਹੈ। ਇਸ ਦੌਰਾਨ ਸਾਬਕਾ ਖੇਡ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਮੁੱਕੇਬਾਜ਼ ਐੱਮ.ਸੀ.ਮੈਰੀਕੌਮ ਟੋਕੀਓ ਓਲੰਪਿਕ ਦੇ ਪ੍ਰੀ-ਕੁਆਰਟਰ ਫਾਈਨਲ ਮੁਕਾਬਲੇ ਵਿੱਚ ਸਪਸ਼ਟ ਵਿਜੇਤਾ ਸੀ, ਜੱਜਾਂ ਦੀ ਆਪਣੀ ਗਿਣਤੀ ਹੁੰਦੀ ਹੈ। ਮੈਰੀ ਨੇ ਕਿਹਾ ਕਿ “ਜਦੋਂ ਮੈਂ ਕਿਰਨ ਰਿਜੀਜੂ ਦਾ ਮੈਸੇਜ ਦੇਖਿਆ ਤਾਂ ਮੈਂ ਹੈਰਾਨ ਰਹਿ ਗਈ, ਮੈਂ ਪਰੇਸ਼ਾਨ ਹੋ ਰਹੀ ਹਾਂ ਕਿ ਮੇਰੀ ਫਾਈਟ ਵਿੱਚ ਇਸ ਤਰ੍ਹਾਂ ਦਾ ਫ਼ੈਸਲਾ ਵੀ ਲਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ, “ਮੈਂ ਰੋਸ ਵੀ ਜ਼ਾਹਿਰ ਨਹੀਂ ਕਰ ਸਕਦੀ ਹਾਂ, ਇਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਇਸ ਓਲੰਪਿਕ ਵਿੱਚ ਰੋਸ ਨਹੀਂ ਕੀਤਾ ਜਾ ਸਕੇਗਾ, ਫ਼ੈਸਲੇ ਨਹੀਂ ਬਦਲੇ ਜਾਣਗੇ।ਉਨ੍ਹਾਂ ਨੇ ਕਿਹਾ, “ਬਹੁਤ ਸਾਰੇ ਮੁਕਬਾਲਿਆਂ ਵਿੱਚ ਮੇਰੇ ਨਾਲ ਅਜਿਹਾ ਅਕਸਰ ਹੋ ਜਾਂਦਾ ਹੈ, ਇਹ ਕੋਈ ਪਹਿਲਾਂ ਓਲੰਪਿਕ ਨਹੀਂ ਹੈ।ਉਹ ਅੱਗੇ ਕਹਿੰਦੀ ਹੈ,




“ਮੈਨੂੰ ਲੱਗ ਰਿਹਾ ਹੈ ਕਿ ਇਹ ਸਭ ਤੋਂ ਖ਼ਰਾਬ ਓਲੰਪਿਕ ਹੈ, ਬੇਕਾਰ ਪ੍ਰਬੰਧ ਹੈ।“ 38 ਸਾਲਾ ਮੈਰੀ ਕੌਮ ਦਾ ਇੱਕ ਹੀ ਟੀਚਾ ਸੀ- ਦੋ ਵਾਰ ਮੁੱਕੇਬਾਜ਼ੀ ਵਿੱਚ ਓਲੰਪਿਕ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰੀ ਬਣਨਾ ਪਰ ਇਸ ਹਾਰ ਨਾਲ ਸੁਪਨਾ ਅਧੂਰਾ ਹੀ ਰਹਿ ਗਿਆ।ਪਿਛਲੇ 20 ਸਾਲ ਤੋਂ ਵੀ ਜ਼ਿਆਦਾ ਸਾਲਾਂ ਤੋਂ ਮੈਰੀ ਕੌਮ ਇਸੇ ਹਿੰਮਤ ਦੇ ਬਲਬੂਤੇ ਇੱਕ ਤੋਂ ਬਾਅਦ ਇੱਕ ਰਿਕਾਰਡ ਬਣਾਉਂਦੀ ਆਈ ਹੈ ਅਤੇ ਤੋੜਦੀ ਆਈ ਹੈ। ਮੈਰੀ ਕੌਮ ਦਾ ਕਹਿਣਾ ਹੈ ਕਿ ਉਂਝ ਤਾਂ ਮੈਰੀ ਦੀ ਜ਼ਿੰਦਗੀ ਦੇ ਅਨੇਕ ਪਹਿਲੂਆਂ ’ਤੇ ਅਖ਼ਬਾਰਾਂ ਦੇ ਅਣਗਿਣਤ ਪੰਨੇ ਭਰੇ ਜਾ ਚੁੱਕੇ ਹਨ, ਟੀਵੀ ਸ਼ੋਅ ਦੇ ਕਈ ਪ੍ਰੋਗਰਾਮ ਹੋ ਚੁੱਕੇ ਹਨ। ਇੱਥੋਂ ਤੱਕ ਕਿ ਫ਼ਿਲਮ ਵੀ ਬਣ ਚੁੱਕੀ ਹੈ।ਵਰਲਡ ਬਾਕਸਿੰਗ ਚੈਂਪੀਅਨ, ਓਲੰਪਿਕ ਚੈਂਪੀਅਨ, ਸੰਸਦ ਮੈਂਬਰ, ਬਾਕਸਿੰਗ ਅਕਾਦਮੀ ਦੀ ਮਾਲਕ, ਮਾਂ ਅਤੇ ਪਤਨੀ ਮੈਰੀ ਕਾਮ ਕਈ ਰੋਲ ਇਕੱਠੇ ਨਿਭਾਉਂਦੀ ਹੈ ਅਤੇ ਹਰ ਕੰਮ ਵਿੱਚ ਓਨੀ ਹੀ **ਬਾਕੀ ਸਫ਼ਾ 31 ’ਤੇ**

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਜਦੋਂ ਹਰਜੀਤ ਨੇ ਖਿੱਝ ਕੇ ਤਿੰਨ ਵਾਰ ਕਿਹਾ; ਇਹ ਠੀਕ ਹੈ - ਕਿਸ਼ਤ 8

## (ਮੁੱਦਾ ਗੁਰਦੁਆਰਾ ਫਰੀਮਾਂਟ ਦੀ ਮੈਂਬਰਸ਼ਿੱਪ ਲਿਸਟ ਦਾ)

**ਫਰੀਮਾਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਵੋਟਰ ਲਿਸਟ ਨੂੰ ਲੈ ਕੇ ਬਾਸਾ-ਗੁਰਮੀਤ ਧੜਾ ਚੋਣਾਂ ਵੇਲੇ ਮੈਂਬਰਸ਼ਿਪ ਲਿਸਟ ਵਿੱਚ ਜਾਲ੍ਹੀ ਵੋਟਾਂ ਹੋਣ ਦੀ ਦੁਹਾਈ ਪਾਉਣ ਲੱਗ ਜਾਂਦਾ ਹੈ। ਸਾਨੂੰ ਤਾਂ ਸ਼ਪੱਸ਼ਟ ਹੈ ਕਿ ਇਹ ਸਿਰਫ ਇੱਕ ਸ਼ਟੰਟ ਹੀ ਹੁੰਦਾ ਹੈ ਪਰ ਸੰਗਤ ਵਿੱਚ ਕਈ ਮੈਂਬਰ ਸ਼ੱਕੀ ਹੋ ਜਾਂਦੇ ਹਨ। ਇਹ ਮੁੱਦਾ ਇਹਨਾਂ ਨੇ 2010 ਵਿੱਚ ਅਤੇ ਇਸ ਸਾਲ 2020-2021 ਦੇ ਕੋਰਟ ਕੇਸ ਵਿੱਚ ਵੀ ਲਿਆਂਦਾ ਪਰ ਇਹ ਦੋਨੋਂ ਵਾਰੀ ਇੱਕ ਵੀ ਜਾਲ੍ਹੀ ਵੋਟ ਸਾਬਤ ਨਹੀਂ ਕਰ ਸਕੇ। ਆਉ ਆਪਾਂ ਗੱਲ ਹਰਜੀਤ ਸਿੰਘ ਦੀ ਗਵਾਹੀ ਤੋਂ ਸ਼ੁਰੂ ਕਰਦੇ ਹਾਂ। ਇਸ ਸਬੰਧ ਵਿੱਚ ਇਸਨੇ ਕਈ ਲਿਸਟਾਂ ਕੋਰਟ ਵਿੱਚ ਵਿਖਾਈਆਂ ਜਿਹੜੀਆਂ ਅੱਜ-ਕੱਲ੍ਹ ਇਹ ਅਖ਼ਬਾਰਾਂ ਵਿੱਚ ਵੀ ਲਾ ਰਹੇ ਹਨ। ਸਾਡੇ ਵਕੀਲ ਨੇ ਕਈ ਗੱਲਾਂ ਤੇ ਇਸਨੂੰ ਝੂਠਾ ਕੀਤਾ ਤਾਂ ਇਹ ਬਹੁਤ ਖਿੱਝ ਗਿਆ ਅਤੇ ਅਖੀਰ ਵਿੱਚ ਇਹ ਮੁੱਦਾ ਹੇਠ ਲਿਖੇ ਸੁਆਲ ਨਾਲ ਖਤਮ ਹੋਇਆ;

ਵਕੀਲ: ਇਸ ਲਈ ਸਾਡੇ ਕੋਲ ਇੱਥੇ ਇੱਕ ਸ਼ਪੱਸ਼ਟ ਰਿਕਾਰਡ ਹੈ, ਕੀ ਇਹ ਕਹਿਣਾ ਉਚਿਤ ਹੈ ਕਿ ਤੇਰੀ ਗਵਾਹੀ ਜਦੋਂ ਤੂੰ ਅੱਜ ਇੱਥੇ ਬੈਠਾ ਹੈ, ਕਿਸੇ ਵੀ ਕਾਰਣ ਕਰਕੇ ਤੇਰੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ 2020 ਦੀ ਮੈਂਬਰਸ਼ਿਪ ਲਿਸਟ ਵਿੱਚ ਕੋਈ ਇੱਕ ਵੀ ਨਾਮ ਅਜਿਹਾ ਨਹੀਂ ਜਿਹੜਾ 2016 ਦੀ ਲਿਸਟ ਤੋਂ ਵੱਖਰਾ ਹੋਵੇ (ਬਜਾਏ ਜਿਹੜੇ 2018 ਜਾਂ 2020 ਵਿੱਚ ਨਵੇਂ ਮੈਂਬਰ ਬਣੇ ਹਨ)?

ਹਰਜੀਤ: ਇਹ ਠੀਕ ਹੈ, ਇਹ ਠੀਕ ਹੈ, ਇਹ ਠੀਕ ਹੈ

ਵਕੀਲ; ਤੇਰੇ ਕੋਲ ਵਿਸ਼ਲੇਸ਼ਣ ਕਰਣ ਲਈ 9 ਮਹੀਨੇ ਸਨ, ਕੀ ਤੂੰ 2020 ਦੀ ਮੈਂਬਰਸ਼ਿਪ ਲਿਸਟ ਵਿੱਚੋਂ ਇੱਕ ਵੀ ਨਾਮ ਪਹਿਚਾਣ ਸਕਦਾ ਹੈ ਜਿਸਦੀ ਅਸੀਂ ਵਰਤੋਂ ਕੀਤੀ ਹੋਵੇ ਜੋ ਕਿ 2016 ਦੀ ਲਿਸਟ ਨਾਲ਼ੋਂ ਵੱਖਰਾ ਹੈ?

ਹਰਜੀਤ: ਮੈਂ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਦਾ, ਸਾਡੇ ਕੋਲ ਕੁੱਝ ਹਫ਼ਤੇ ਪਹਿਲਾਂ ਤੱਕ ਰਿਕਾਰਡ ਨਹੀਂ ਸੀ (ਨੋਟ: ਇਹ ਹਰਜੀਤ ਵੱਲੋਂ ਸਰਾਸਰ ਝੂਠ ਬੋਲਿਆ ਗਿਆ ਸੀ ਕਿਉਂ ਕਿ ਮੈਂਬਰਸ਼ਿਪ ਲਿਸਟਾਂ ਤਾਂ ਹਰੇਕ ਧੜੇ ਕੋਲ 2006 ਤੋਂ ਹੀ ਮੌਜੂਦ ਹੁੰਦੀਆਂ ਹਨ)

ਸਿੱਖ ਪੰਚਾਇਤ ਵੱਲੋਂ ਭਾਈ ਐਚ ਪੀ ਸਿੰਘ ਦੀ ਗਵਾਹੀ ਵੀ ਜੱਜ ਨੇ ਸੁਣੀ ਤੇ ਜੱਜ ਨੇ ਕਿਹਾ ਕਿ ਪੁਰਾਣੀ ਮੈਂਬਰਸ਼ਿਪ ਲਿਸਟ ਵਿੱਚ ਹੇਰਾ-ਫੇਰੀ ਸਿਰਫ ਅੰਦਾਜ਼ੇ ਤੇ ਹੀ ਨਿਰਭਰ ਹੈ ...ਪੁਰਾਣੀ ਲਿਸਟ ਵਿੱਚ ਹੇਰਾ-ਫੇਰੀ ਦਾ ਕੋਈ ਸਬੂਤ ਨਹੀਂ ... ਹਰਜੀਤ ਵੱਲੋਂ ਸੁਣਾਈਆਂ ਮੈਂਬਰਸ਼ਿਪ ਲਿਸਟ ਵਿੱਚ ਹੇਰਾ-ਫੇਰੀ ਕਰਨ ਦੀਆਂ ਬਾਤਾਂ ਵਿੱਚ ਕੋਈ ਸਬੂਤ ਨਹੀਂ।



ਇੱਥੇ ਅਸੀਂ ਸੰਗਤ ਨੂੰ ਦੱਸਣਾ ਚਾਹੁੰਦੇ ਹਾਂ ਕਿ ਗੁਰਮੀਤ ਸਿੰਘ ਧੜੇ ਵੱਲੋਂ 2010 ਵਿੱਚ ਵੀ ਕੋਰਟ ਕੇਸ ਕੀਤਾ ਗਿਆ ਸੀ। ਉਸ ਵੇਲੇ ਵੀ ਜੱਜਨੇ ਕਿਹਾ ਸੀ ਕਿ ਮੈਂਬਰਸ਼ਿਪ ਲਿਸਟ ਵਿੱਚ ਹੇਰਾ-ਫੇਰੀ ਦਾ ਕੋਈ ਸਬੂਤ ਨਹੀਂ ਤੇ ਉਸਨੇ ਕੇਸ ਖ਼ਾਰਜ ਕਰ ਦਿੱਤਾ ਸੀ (ਦੇਖੋ ਨੱਥੀ ਫੋਟੋ)। ਕੇਸਸਿਰਫ ਖ਼ਾਰਜ ਹੀ ਨਹੀਂ ਕੀਤਾ ਸਗੋਂ ਇਹਨਾਂ ਤੇ ਖ਼ਰਚਾ ਵੀ ਪਾ ਦਿੱਤਾ ਸੀ ਤੇ ਸਤੰਬਰ 17,2020 ਮੁਤਾਬਕ ਇਹਨਾਂ ਨੇ ਜਸਵਿੰਦਰ ਸਿੰਘਜੰਡੀ ਧੜੇ ਨੂੰ $27,598.13 ਦੇਣੇ ਹਨ। ( ਦੇਖੋ ਨੱਥੀ ਕੀਤੀ ਫੋਟੋ)

***Court Transcript:***

Trevor. Well, you've had now nine months to do an analysis. And can you identify one name from the 2020 list that we used that is different from the 2016 list with these names added and the 2019, '20 names added?

Harjeet. We didn't have access to these records other than the few weeks back I think when we scanned lot of documents to be fair. And I didn't have access to the list you're holding right now. So I cannot answer that question

Trevor: So just so we have a clear record here, is it fair to say that your testimony is as you sit here today, for whatever reason, you have no evidence that any name on the 2020 list is different from the 2016 list, the 2018 adds, and the 2020 adds. Is that correct?

Harjeet:That is correct, because we don't have --

Trevor: That's all I need.

Harjeet: That's correct, that's correct, that's correct.

Judge: Finally. The court finds that alleged tempering with the old list in the years prior to the election is unsupported by the evidence…

Equally important, the proof of tempering with the old list is based on hearsay and is speculative…

None of Harjeet's telling of the tampering tale was supported by admissible evidence.

### Decision

Plaintiff failed to prove, by a preponderance of the evidence that Defendants manipulated the Temple's membership list in order to prevail in the recent elections. Plaintiff failed to prove, by a preponderance of the evidence that Defendants excluded those not within their allies from examining the new memberships that Defendant were gathering. Plaintiff failed to prove by a preponderance of the evidence that Defendants held a secret, invalid meeting in which they changed the rules of the election after the rules were agreed to by a valid action of the Temple's directors. Plaintiff failed to prove by a preponderance of the evidence that the election was a "free-for-all" in which the validly agreed-upon rules were ignored or not obeyed.

Plaintiff failed to prove by a preponderance of the evidence that the recent election was tainted by wrongful conduct on the part of the Defendants.

### Judgment

Judgment is for the Defendants on all causes of action. Defendants are the prevailing party and entitled to costs subject to a memorandum of costs.

Dated: 7-26-2010

George C. Hernandez, Jr.
Judge of the Superior Court

FOR RECORDER'S USE ONLY

PLAINTIFF: Gurmeet Singh Khalsa et al.
DEFENDANT: Harjot Singh Khalsa et al.

CASE NUMBER: HG10503817

**APPLICATION FOR AND RENEWAL OF JUDGMENT**

FOR COURT USE ONLY

ENDORSED
FILED
ALAMEDA COUNTY
SEP 17 2020
CLERK OF THE SUPERIOR COURT
By JANIE THOMAS, Deputy

☑ Judgment creditor
☐ Assignee of record
applies for renewal of the judgment as follows:

1. Applicant (name and address):
Jaswinder Singh Jandi, 30948 Tidewater Dr., Union City, CA 94587

2. Judgment debtor (name and last known address):
Gurmeet Singh Khalsa, 9303 S. Bright Road, French Camp, CA 95231

3. Original judgment
   a. Case number (specify):HG10503817
   b. Entered on (date):10-13-2010
   c. Recorded:
      (1) Date:
      (2) County:
      (3) Instrument No.:

4. ☐ Judgment previously renewed(specify each case number and date):

5. ☑ Renewal of money judgment

| | | |
|---|---|---|
| a. | Total judgment | $13,861.53 |
| b. | Costs after judgment | $0.00 |
| c. | Subtotal (add a and b) | $13,861.53 |
| d. | Credits after judgment | $0.00 |
| e. | Subtotal (subtract d from c) | $13,861.53 |
| f. | Interest after judgment | $13,706.60 |
| g. | Fee for filing renewal application | $30.00 |
| h. | **Total renewed judgment** (add e, f, and g) | $27,598.13 |

i. ☐ The amounts called for in items a–h are different for each debtor. These amounts are stated for each debtor on Attachment 5.

FILE BY FAX

# ਅਮਰੀਕਾ ਇਰਾਕ ਵਿਚ 'ਜੰਗ ਮਿਸ਼ਨ' ਇਸ ਸਾਲ ਦੇ ਆਖਰ ਵਿਚ ਖਤਮ ਕਰ ਦੇਵੇਗਾ : ਬਾਈਡਨ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :-** ਅਫਗਾਨਿਸਤਾਨ ਤੋਂ ਬਾਅਦ ਅਮਰੀਕਾ ਨੇ ਇਰਾਕ ਵਿਚੋਂ ਵੀ ਆਪਣੇ ਆਪ ਨੂੰ ਸਮੇਟਣਾ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰਪਤੀ ਜੋਅ ਬਾਈਡਨ ਨੇ ਇਰਾਕ ਦੇ ਪ੍ਰਧਾਨ ਮੰਤਰੀ ਮੁਸਤਫਾ ਅਲ- ਕਾਧੀਮੀ ਨਾਲ ਮੀਟਿੰਗ ਉਪਰੰਤ ਐਲਾਨ ਕੀਤਾ ਕਿ ਇਸ ਸਾਲ ਦੇ ਅੰਤ ਤੱਕ ਇਰਾਕ ਵਿਚ ਅਮਰੀਕਾ ਦਾ 'ਜੰਗੀ ਮਿਸ਼ਨ' ਖਤਮ ਹੋ ਜਾਵੇਗਾ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਪੁੱਜਣ 'ਤੇ ਰਾਸ਼ਟਰਪਤੀ ਨੇ ਇਰਾਕ ਦੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਓਵਾਲ ਦਫਤਰ ਵਿਚ ਆਪਣੇ ਸੰਬੋਧਨ ਵਿਚ ਬਾਇਡਨ ਨੇ ਕਿਹਾ ਕਿ ਅਮਰੀਕੀ ਫੌਜ ਇਰਾਕੀ ਫੌਜੀਆਂ ਨੂੰ ਸਿਖਲਾਈ ਦੇਣਾ ਜਾਰੀ ਰਖੇਗੀ ਤੇ ਇਸਲਾਮਿਕ ਸਟੇਟ ਨਾਲ ਲੜਾਈ ਵਿੱਚ ਇਰਾਕ ਨਾਲ ਸਹਿਯੋਗ ਜਾਰੀ ਰਹੇਗਾ। ਇਸ ਵੇਲੇ ਇਰਾਕ ਵਿਚ ਅਮਰੀਕਾ ਦੇ 2500 ਦੇ ਕਰੀਬ ਫੌਜੀ ਹਨ। ਅਲ -ਕਾਧਿਮੀ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਰਾਕ ਵਿਚ ਕਿਸੇ ਵੀ ਵਿਦੇਸ਼ੀ ਫੋਰਸ ਦੀ ਕੋਈ ਲੋੜ ਨਹੀਂ ਹੈ। ਉਨਾਂ ਕਿਹਾ ਕਿ ਇਰਾਕ ਦੀਆਂ ਸੁਰੱਖਿਆ ਫੋਰਸਾਂ ਤੇ ਫੌਜ ਅਮਰੀਕਾ ਦੀ ਅਗਵਾਈ



ਵਾਲੀ ਸਾਂਝੀ ਫੌਜ ਦੀ ਮੱਦਦ ਤੋਂ ਬਿਨਾਂ ਦੇਸ਼ ਦੀ ਰਖਿਆ ਕਰਨ ਦੇ ਸਮਰਥ ਹਨ। ਓਵਾਲ ਦਫਤਰ ਵਿਚ ਬਾਇਡਨ ਨਾਲ ਹੋਈ ਮੀਟਿੰਗ ਦੌਰਾਨ ਅਲ-ਕਾਧਿਮੀ ਨੇ ਕਿਹਾ ਕਿ 'ਮੈਂ ਇਰਾਕ ਦੇ ਲੋਕਾਂ ਦੀ ਤਰਫੋਂ ਅਮਰੀਕਨ ਲੋਕਾਂ ਦਾ ਧੰਨਵਾਦ ਕਰਦਾ ਹਾਂ। ਅੱਜ ਸਾਡਾ ਦੇਸ਼ ਜਿੰਨਾ ਮਜਬੂਤ ਹੈ ਓਨਾ ਪਹਿਲਾਂ ਕਦੇ ਵੀ ਨਹੀਂ ਸੀ।' ਇਸ ਉਪਰੰਤ ਵਾਈਟ ਹਾਊਸ ਵਿਖੇ ਗੱਲਬਾਤ ਕਰਦਿਆਂ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਇਸ ਸਾਲ ਦੇ ਅੰਤ ਵਿੱਚ ਇਰਾਕ ਵਿਚ ਕਿੰਨੇ ਅਮਰੀਕੀ ਫੌਜੀ ਟਿਕੇ ਰਹਿਣਗੇ।

## ਅਮਰੀਕਾ 'ਚ ਡੈਲਟਾ ਕਾਰਨ ਫਿਰ ਸਾਰਿਆਂ ਲਈ ਜ਼ਰੂਰੀ ਹੋ ਸਕਦਾ ਹੈ ਮਾਸਕ

### ਲਾਸ ਏਂਜਲਸ ਵਿਚ ਤੇਜ਼ੀ ਨਾਲ ਫੈਲ ਰਿਹੈ ਕੋਰੋਨਾ ਸੰਕ੍ਰਮਣ

**ਵਿਲਮਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਦੇ ਇਨਫੈਕਸ਼ਨ ਰੋਗ ਮਾਹਰ ਐਂਥਨੀ ਫਾਸੀ ਨੇ ਕਿਹਾ ਕਿ ਕੋਰੋਨਾ ਇਨਫੈਕਸ਼ਨ ਦੇ ਮਾਮਲੇ 'ਚ ਉਨਾਂ ਦਾ ਦੇਸ਼ ਗ਼ਲਤ ਦਿਸ਼ਾ ਵੱਲ ਵਧ ਰਿਹਾ ਹੈ। ਉਨਾਂ ਕਿਹਾ ਕਿ ਬਗ਼ੈਰ ਟੀਕਾਕਰਨ ਵਾਲੇ ਅਮਰੀਕੀਆਂ ਤੇ ਵਧੇਰੇ ਖ਼ਤਰਨਾਕ ਡੈਲਟਾ ਵੇਰੀਐਂਟ ਕਾਰਨ ਅਮਰੀਕਾ 'ਚ ਫਿਰ ਕੋਰੋਨਾ ਦੀ ਸਥਿਤੀ ਪੈਦਾ ਹੋਣ ਲੱਗੀ ਹੈ।

ਇਕ ਟੀਵੀ ਚੈਨਲ ਨਾਲ ਗੱਲਬਾਤ 'ਚ ਫਾਸੀ ਨੇ ਕਿਹਾ ਕਿ ਅਸੀਂ ਗ਼ਲਤ ਦਿਸ਼ਾ 'ਚ ਵਧ ਰਹੇ ਹਾਂ ਤੇ ਮੈਂ ਬਹੁਤ ਨਿਰਾਸ਼ ਹਾਂ। ਉਨਾਂ ਨੇ ਕਿਹਾ ਕਿ ਸਰਕਾਰ ਦੇ ਉੱਚ ਸਿਹਤ ਅਧਿਕਾਰੀ ਫਿਰ ਸਾਰੇ ਲੋਕਾਂ ਲਈ ਮਾਸਕ ਦੀ ਸਿਫ਼ਾਰਸ਼ ਕਰਨ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਇਨਾਂ 'ਚ ਵੈਕਸੀਨ ਦੀਆਂ ਦੋਵੇਂ ਖ਼ੁਰਾਕਾਂ ਲਗਵਾ ਚੁੱਕੇ ਲੋਕ ਵੀ ਸ਼ਾਮਲ ਹਨ।

ਫਾਸੀ ਜਿਹੜੇ ਰਾਸ਼ਟਰਪਤੀ ਜੋਅ ਬਾਈਡਨ ਦੇ ਮੁੱਖ ਮੈਡੀਕਲ ਸਲਾਹਕਾਰ ਵੀ ਹਨ, ਨੇ ਕਿਹਾ ਕਿ ਮਾਸਕ ਨਾਲ ਜੁੜੇ ਦਿਸ਼ਾ ਨਿਰਦੇਸ਼ਾਂ 'ਤੇ ਚਰਚਾ ਦੌਰਾਨ ਉਹ ਵੀ ਮੌਜੂਦ ਸਨ। ਉਨਾਂ ਨੇ ਕਿਹਾ ਕਿ ਲਾਸ ਏਂਜਲਸ ਕਾਊਂਟੀ ਵਰਗੇ ਕੁਝ



ਖੇਤਰਾਂ 'ਚ ਜਿੱਥੇ ਇਨਫੈਕਸ਼ਨ ਤੇਜ਼ੀ ਨਾਲ ਫੈਲ ਰਿਹਾ ਹੈ, ਉੱਤੇ ਸਾਰੇ ਲੋਕਾਂ ਨੂੰ ਮਾਸਕ ਪਾਉਣ ਦੀ ਬੇਨਤੀ ਕੀਤੀ ਜਾਣ ਲੱਗੀ ਹੈ। ਫਾਸੀ ਨੇ ਕਿਹਾ ਕਿ ਰੋਗ ਕੰਟਰੋਲ ਤੇ ਰੋਕਥਾਮ ਕੇਂਦਰ (ਸੀਡੀਸੀ) ਮੁਤਾਬਕ ਸਥਾਨਕ ਨਿਯਮਾਂ 'ਚ ਜਤਕ ਥਾਵਾਂ 'ਤੇ ਮਾਸਕ ਪਾਉਣ ਦੀ ਜ਼ਰੂਰਤ ਖ਼ਤਮ ਕਰ ਦਿੱਤੀ ਗਈ ਸੀ। ਸੀਡੀਸੀ ਦੇ ਅੰਕੜਿਆਂ ਮੁਤਾਬਕ ਅਮਰੀਕਾ 'ਚ ਅਜੇ ਤਕ 163 ਕਰੋੜ ਲੋਕ ਯਾਨੀ 49 ਫ਼ੀਸਦੀ ਲੋਕਾਂ ਦਾ ਹੀ ਟੀਕਾਕਰਨ ਹੋਇਆ ਹੈ। ਉਨਾਂ ਕਿਹਾ ਕਿ ਬਗ਼ੈਰ ਟੀਕਾਕਰਨ ਵਾਲੇ ਲੋਕਾਂ ਕਾਰਨ ਇਹ ਹਾਲਾਤ ਪੈਦਾ ਹੋਏ ਹਨ। ਇਸ ਲਈ ਜਿਨਾਂ ਲੋਕਾਂ ਨੇ ਅਜੇ ਤਕ ਟੀਕਾ ਨਹੀਂ ਲਗਵਾਇਆ, ਉਨਾਂ ਨੂੰ ਫੌਰੀ ਤੌਰ 'ਤੇ ਟੀਕਾ ਲਗਵਾਉਣਾ ਚਾਹੀਦਾ ਹੈ। ਉਨਾਂ ਨੇ ਕੁਝ ਲੋਕਾਂ ਨੂੰ ਬੂਸਟਰ ਡੋਜ਼ ਲੈਣ ਦੀ ਜ਼ਰੂਰਤ ਵੀ ਦੱਸੀ ਹੈ।

## ਭਾਰਤੀ ਮੂਲ ਦਾ ਅਮਰੀਕੀ ਨੌਜਵਾਨ ਆਪਣੇ ਪਿਤਾ ਦੀ ਹੱਤਿਆ ਦੇ ਦੋਸ਼ ਵਿੱਚ ਗ੍ਰਿਫਤਾਰ

### ਮਾਰੀਆਂ ਕਈ ਗੋਲੀਆਂ, ਮੌਕੇ 'ਤੇ ਹੋਈ ਮੌਤ



ਰਾਜੀਵ ਕੁਮਾਰਾਸਵਾਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਸਹਿਣਸ਼ੀਲਤਾ ਕਿਸ ਹੱਦ ਤੱਕ ਵਧ ਗਈ ਹੈ ਉਸ ਦਾ ਅੰਦਾਜਾ ਜਾਰਜੀਆ, ਫੋਰਸਿਥ ਕਾਊਂਟੀ, ਵਿਚ ਵਾਪਰੀ ਘਟਨਾ ਤੋਂ ਲੱਗਦਾ ਜਿਸ ਵਿਚ ਇਕ ਭਾਰਤੀ ਮੂਲ ਦੇ 25 ਸਾਲਾ ਨੌਜਵਾਨ ਨੇ ਤਕਰਾਰ ਤੋਂ ਬਾਅਦ ਕਥਿਤ ਤੌਰ 'ਤੇ ਆਪਣੇ ਪਿਤਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। 25 ਸਾਲਾ ਰਾਜੀਵ ਕੁਮਾਰਾਸਵਾਮੀ ਨੂੰ ਪੁਲਿਸ ਨੇ ਹੱਤਿਆ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ। ਅਪਰਾਧ ਸ਼ਾਖਾ ਜੋ ਘਟਨਾ ਦੀ ਜਾਂਚ ਕਰ ਰਹੀ ਹੈ, ਅਨੁਸਾਰ ਪਿਓ-ਪੁੱਤਰ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਜਿਸ ਉਪਰੰਤ ਰਾਜੀਵ ਕੁਮਾਰਾਸਵਾਮੀ ਨੇ ਆਪਣੇ ਕਮਰੇ ਵਿਚੋਂ ਗੰਨ ਲੈ ਕੇ ਆਪਣੇ ਪਿਤਾ ਦੇ ਕਈ ਗੋਲੀਆਂ ਮਾਰੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਫੋਰਸਿਥ ਕਾਊਂਟੀ ਦੀ ਜਨ ਸੂਚਨਾ ਅਧਿਕਾਰੀ ਬੀਬੀ ਸਟੈਸੀ ਮਿਲਰ ਨੇ ਦੱਸਿਆ ਕਿ ਇਕ ਪਰਿਵਾਰਕ ਮੈਂਬਰ ਤੇ ਗਵਾਂਢੀ ਵੱਲੋਂ 911 ਨੰਬਰ ਉਪਰ ਗੋਲੀ ਚੱਲਣ ਦੀ ਜਾਣਕਾਰੀ ਦੇਣ ਉਪਰੰਤ ਪੁਲਿਸ ਤੁਰੰਤ ਘਟਨਾ ਸਥਾਨ 'ਤੇ ਪੁੱਜੀ ਤੇ ਉਸ ਨੇ ਸ਼ੱਕੀ ਦੋਸ਼ੀ ਰਾਜੀਵ ਕੁਮਾਰਾਸਵਾਮੀ ਨੂੰ ਮੌਕੇ ਉਪਰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਸਮੇਂ ਸ਼ੱਕੀ ਦੋਸ਼ੀ ਨੇ ਕੋਈ ਵਿਰੋਧ ਨਹੀਂ ਕੀਤਾ। ਉਸ ਨੂੰ ਫੋਰਸਿਥ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਪੁਲਿਸ ਅਨੁਸਾਰ ਇਸ ਪਰਿਵਾਰ ਦਾ ਅਪਰਾਧੀ ਪਿਛੋਕੜ ਨਹੀਂ ਹੈ। ਇਹ ਪਰਿਵਾਰ ਇਸ ਸਾਲ ਹੀ ਫੋਰਸਿਥ ਕਾਊਂਟੀ ਵਿਚ ਆਇਆ ਸੀ।

## ਕੈਲੀਫੋਰਨੀਆ ਦੇ ਇਕ ਘਰ ਵਿਚ ਹੋਈ ਗੋਲੀਬਾਰੀ ਦੌਰਾਨ ਪੁਲਿਸ ਅਧਿਕਾਰੀ ਸਮੇਤ 5 ਮੌਤਾਂ

### ਮ੍ਰਿਤਕਾਂ ਵਿਚ ਸ਼ੱਕੀ ਦੋਸ਼ੀ ਵੀ ਸ਼ਾਮਿਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** -ਕੈਲੀਫੋਰਨੀਆ ਦੀ ਸੈਨ ਵਾਕਿਨ ਵੈਲੀ ਦੇ ਇਕ ਘਰ ਵਿਚ ਇਕ ਸ਼ੱਕੀ ਵਿਅਕਤੀ ਨੇ 3 ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮੌਕੇ ਉਪਰ ਪੁੱਜੀ ਪੁਲਿਸ ਨੇ ਜਦੋਂ ਘਰ ਵਿਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਇਕ ਡਿਪਟੀ ਸ਼ੈਰਿਫ ਵੀ ਗੋਲੀਆਂ ਦਾ ਸ਼ਿਕਾਰ ਹੋ ਗਿਆ ਤੇ ਉਸ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਸ਼ੱਕੀ ਦੋਸ਼ੀ ਵੀ ਸ਼ਾਮਿਲ ਹੈ। ਕੇਰਨ ਕਾਊਂਟੀ ਦੇ ਪੁਲਿਸ ਅਧਿਕਾਰੀ ਜੋਇਲ ਸਵੈਨਸਨ ਨੇ ਇਹ ਜਾਣਕਾਰੀ ਦਿੱਤੀ ਹੈ। ਮਾਰੇ ਗਏ ਡਿਪਟੀ ਦਾ ਨਾਂ ਅਜੇ ਨਹੀਂ ਦੱਸਿਆ ਗਿਆ। ਵਾਸਕੋ ਦੇ ਮੇਅਰ ਏਰਿਕ ਗਾਰਸੀਆ ਨੇ ਦੱਸਿਆ ਕਿ ਗੋਲੀਬਾਰੀ ਵਿਚ ਇਕ ਡਿਪਟੀ ਸ਼ੈਰਿਫ ਜ਼ਖਮੀ ਵੀ ਹੋਇਆ ਹੈ। ਉਨਾਂ ਕਿਹਾ ਕਿ ਇਸ ਵੇਲੇ ਮੈਨੂੰ ਮ੍ਰਿਤਕ ਪੁਲਿਸ ਅਧਿਕਾਰੀ ਤੇ ਜ਼ਖਮੀ ਪੁਲਿਸ ਅਧਿਕਾਰ ਦੇ ਪਰਿਵਾਰ ਦੀ ਚਿੰਤਾ ਹੈ। ਮੁੱਢਲੀ ਰਿਪੋਰਟ ਅਨੁਸਾਰ



ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੀ ਪੁਲਿਸ ਨੇ ਘਰ ਵਿਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਉਪਰ ਗੋਲੀਆਂ ਚਲਾਈਆਂ ਗਈਆਂ ਪਰ ਪੁਲਿਸ ਦਾ ਬਚਾਅ ਹੋ ਗਿਆ। ਉਪਰੰਤ ਹਾਲਾਤ ਨਾਲ ਨਜਿੱਠਣ ਲਈ ਵਿਸ਼ੇਸ਼ ਟੀਮ ਸੱਦੀ ਗਈ। ਜਦੋਂ ਇਸ ਟੀਮ ਦੇ ਅਧਿਕਾਰੀ ਘਰ ਵਿਚ ਦਾਖਲ ਹੋਏ ਤਾਂ ਸ਼ੱਕੀ ਵਿਅਕਤੀ ਨੇ ਉਨਾਂ ਉਪਰ ਅੰਧਾਧੁੰਦ ਗੋਲੀਆਂ ਚਲਾਈਆਂ ਜਿਸ ਦੌਰਾਨ ਇਕ ਡਿਪਟੀ ਸ਼ੈਰਿਫ ਮਾਰਿਆ ਗਿਆ ਤੇ ਇਕ ਹੋਰ ਬੁਰੀ ਤਰਾਂ ਜ਼ਖਮੀ ਹੋ ਗਿਆ। ਸਮਝਿਆ ਜਾਂਦਾ ਹੈ ਕਿ ਸ਼ੱਕੀ ਹਮਲਾਵਰ ਦੀ ਮੌਤ ਵਿਸ਼ੇਸ਼ ਟੀਮ ਵੱਲੋਂ ਚਲਾਈਆਂ ਗੋਲੀਆਂ ਨਾਲ ਹੋਈ ਹੈ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤੇ ਆਸ ਪਾਸ ਦੇ ਲੋਕਾਂ ਕੋਲੋਂ ਘਟਨਾ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਸੀ ਸੀ ਟੀ ਵੀ ਕੈਮਰਿਆਂ ਦੀ ਵੀ ਮੱਦਦ ਲਈ ਜਾ ਰਹੀ ਹੈ।

## ਕੈਲੀਫੋਰਨੀਆ ਵਿਚ ਸੋਕੇ ਨੇ ਜੀਣਾ ਕੀਤਾ ਮੁਹਾਲ ਪਾਣੀ ਦੀ ਚੋਰੀ ਵਧੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਕੈਲੀਫੋਰਨੀਆ ਵਿਚ ਨਹਿਰਾਂ ਸੁੱਕ ਗਈਆਂ ਹਨ ਤੇ ਪਾਣੀ ਦੀ ਕਿਲਤ ਵੱਧ ਗਈ ਹੈ ਜਿਸ ਕਾਰਨ ਪਾਣੀ ਦੀ ਚੋਰੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਚੋਰ ਕਾਨੂੰਨੀ ਪਾਣੀ ਦੇ ਭੰਡਾਰਾਂ ਵਿਚੋਂ ਅਰਬਾਂ ਗੈਲਨ ਪਾਣੀ ਦੇ ਚੋਰੀ ਕਰਕੇ ਲੈ ਗਏ ਹਨ। ਰਾਜ ਪੱਧਰ ਦੇ ਤੇ ਸਥਾਨਕ ਅਧਿਕਾਰੀਆਂ ਅਨੁਸਾਰ ਪਾਣੀ ਦੀ ਚੋਰੀ ਕੋਈ ਨਵਾਂ ਮੁੱਦਾ ਨਹੀਂ ਹੈ ਪ੍ਰੰਤੂ ਇਸ ਸਮੇਂ ਸੋਕੇ ਕਾਰਨ ਪਾਣੀ ਦੀ ਚੋਰੀ ਰਿਕਾਰਡ ਪੱਧਰ ਉਪਰ ਵਧ ਗਈ ਹੈ। ਚੋਰ ਆਪਣੀ ਭੰਗ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਗੈਰ ਕਾਨੂੰਨੀ ਫਸਲ ਨੂੰ ਪਾਣੀ ਦੇਣ ਲਈ ਚੋਰੀ ਕਰਦੇ ਹਨ। ਕੈਲੀਫੋਰਨੀਆ ਦੇ ਫਿਸ਼ ਐਂਡ ਵਾਇਲਡ ਲਾਈਫ ਮੈਰੀਜੁਆਨਾ ਇਨਫੋਰਸਮੈਂਟ ਟੀਮ ਦੇ ਸਾਬਕਾ ਮੁਖੀ ਜੌਹਨ ਨੌਰਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਣੀ ਦੀ ਚੋਰੀ ਦਾ ਮੁੱਦਾ ਕਦੀ ਵੀ ਏਨਾ ਗੰਭੀਰ ਨਹੀਂ ਰਿਹਾ ਜਿੰਨਾ ਅੱਜ ਹੈ। ਇਹ ਚੋਰੀ ਆਮ ਕਰਕੇ ਦਿਹਾਤੀ ਖੇਤਰਾਂ ਵਿਚ ਹੁੰਦੀ ਹੈ। ਜੌਹਨ ਅਨੁਸਾਰ ਇਕ ਮੋਟੇ ਅੰਦਾਜੇ ਅਨੁਸਾਰ ਰਾਜ ਵਿਚ 2013 ਤੋਂ ਲੈ ਕੇ 12 ਅਰਬ ਗੈਲਨ ਪਾਣੀ ਦੀ ਚੋਰੀ ਹੋਈ ਹੈ। ਇਸ ਚੋਰੀ ਕਾਰਨ ਕਾਨੂੰਨੀ ਖੇਤੀ ਕਰਨ ਵਾਲੇ ਕਿਸਾਨ ਪ੍ਰਭਾਵਿਤ ਹੋ ਰਹੇ ਹਨ। ਚੋਰ ਡਰਾ ਧਮਕਾ ਕੇ ਵੀ ਪਾਣੀ ਦੀ ਚੋਰੀ ਕਰਦੇ ਹਨ। ਇਥੇ ਜ਼ਿਕਰਯੋਗ ਹੈ ਕਿ ਸੋਕੇ ਕਾਰਨ ਹੀ ਕੈਲੀਫੋਰਨੀਆ ਦੇ ਜੰਗਲਾਂ ਵਿਚ ਇਸ ਸਾਲ ਅੱਗਾਂ ਲੱਗਣ ਦੀਆਂ ਕਈ ਘਟਨਾਵਾਂ ਹੋਈਆਂ ਹਨ। ਹਜ਼ਾਰਾਂ ਏਕੜ ਜੰਗਲ ਸੜ ਕੇ ਸਵਾਹ ਹੋ ਗਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਅੱਗੇ ਬੇਵੱਸ ਨਜ਼ਰ ਆ ਰਹੇ ਹਨ-ਫਾਇਰ ਫਾਈਟਰ

## 12 ਦਿਨ ਪਹਿਲਾਂ ਲੱਗੀ ਅੱਗ ਹੋਈ ਹੋਰ ਭਿਆਨਕ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਅਨੇਕਾਂ ਬਹੁ-ਮੰਤਵੀ ਇਮਾਰਤਾਂ ਤੇ ਘਰਾਂ ਨੂੰ ਸਾੜ ਕੇ ਸਵਾਹ ਕਰ ਚੁੱਕੀ ਹੈ ਤੇ ਹਜ਼ਾਰਾਂ ਹੋਰ ਇਮਾਰਤਾਂ ਦੇ ਸੜਨ ਦਾ ਖਤਰਾ ਬਣਿਆ ਹੋਇਆ ਹੈ ਪ੍ਰੰਤੂ ਅੱਗ ਲੱਗਣ ਤੋਂ 12 ਦਿਨਾਂ ਬਾਅਦ ਵੀ ਇਸ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਅੱਗ ਬੁਝਾਊ ਅਮਲਾ ਬੇਵੱਸ ਨਜ਼ਰ ਆ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਦੂਰ ਦੁਰਾਡੇ ਖੇਤਰ ਵਿਚ ਲੱਗੀ ਅੱਗ ਸਾਧਨਾਂ ਦੀ ਘਾਟ ਕਾਰਨ ਬੁੱਝ ਨਹੀਂ ਸਕੀ। ਡਿਕਸੀ ਵਿਚ ਲੱਗੀ ਅੱਗ ਤਕਰੀਬਨ 2 ਲੱਖ ਏਕੜ ਵਿਚ ਫੈਲ ਚੁੱਕੀ ਹੈ ਜਿਸ ਉਪਰ ਕਾਬੂ ਪਾਉਣ ਲਈ 5 ਹਜ਼ਾਰ ਅੱਗ ਬੁਝਾਊ ਅਮਲੇ ਦੇ ਮੈਂਬਰ ਯਤਨ ਕਰ ਰਹੇ ਹਨ। ਲੰਘੀ ਰਾਤ ਅੱਗ ਘਟਣ ਦੀ ਬਜਾਏ ਨਾਲ ਲੱਗਦੇ ਜੰਗਲੀ ਖੇਤਰ ਵਿਚ ਵੀ ਫੈਲ ਗਈ ਹੈ। ਅੱਗ ਜੋ 14 ਜੁਲਾਈ ਨੂੰ ਲੱਗੀ ਸੀ, ਹੁਣ ਤੱਕ 20 ਤੋਂ ਵੱਧ ਇਮਾਰਤਾਂ ਨੂੰ ਤਬਾਹ ਕਰ ਚੁੱਕੀ ਹੈ ਜਿਸ ਵਿਚ ਵਪਾਰਕ ਤੇ ਹੋਰ ਇਮਾਰਤਾਂ ਸ਼ਾਮਿਲ ਹਨ। ਕੈਲੀਫੋਰਨੀਆ ਦੇ ਅਧਿਕਾਰੀਆਂ ਅਨੁਸਾਰ ਬੂਟੇ ਤੇ ਪਲੂਮਸ ਕਾਊਂਟੀਆਂ ਵਿਚ 10,700 ਤੋਂ ਵਧ ਇਮਾਰਤਾਂ ਨੂੰ ਖਤਰਾ ਬਣਿਆ ਹੋਇਆ ਹੈ। ਅੱਗ ਰਾਸ਼ਟਰੀ ਮਾਰਗ 70 ਤੇ 89 ਨੂੰ ਪਾਰ ਕਰ ਗਈ ਹੈ ਜਿਸ ਕਾਰਨ ਪੈਕਸਟਨ



ਡਿਕਸੀ ਖੇਤਰ ਵਿਚ ਅੱਗ ਨਾਲ ਸੜ ਰਹੇ ਘਰ ਤੇ ਹੋਰ ਸਮਾਨ

ਤੇ ਇੰਡਿਆਨ ਫਾਲਜ਼ ਵਿਚ ਰਹਿੰਦੇ ਲੋਕਾਂ ਲਈ ਖਤਰਾ ਪੈਦਾ ਹੋ ਗਿਆ ਹੈ। ਅੱਗ ਨਾਲ ਪ੍ਰਭਾਵਿਤ ਖੇਤਰ ਵਿਚੋਂ ਲੋਕ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹਨ। ਕਰੇਸੈਂਟ ਮਿਲਜ ਖੇਤਰ ਵਿਚ ਘੋੜਿਆਂ ਦੇ ਫਾਰਮਾਂ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਲੋਕ ਘੋੜਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਲਈ ਟਰੇਲਰਾਂ ਦੀ ਉਡੀਕ ਕਰ ਰਹੇ ਹਨ। ਅੱਗ ਦੀ ਭਿਆਨਕਤਾ ਨੂੰ ਵੇਖਦਿਆਂ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ 4 ਕਾਊਂਟੀਆਂ ਵਿਚ ਹੰਗਾਮੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਇਨਾਂ ਕਾਊਂਟੀਆਂ ਵਿਚ ਐਲਪਾਈਨ, ਲਾਸਨ, ਪਲੂਮਸ ਤੇ ਬੂਟੇ ਸ਼ਾਮਿਲ ਹਨ। ਉਨਾਂ ਨੇ ਅਧਿਕਾਰੀਆਂ ਨੂੰ ਅੱਗ ਉਪਰ ਕਾਬੂ ਪਾਉਣ ਲਈ ਸਾਰੇ ਉਪਲਬੱਧ ਸਾਧਨਾਂ ਦੀ ਵਰਤੋਂ ਕਰਨ ਲਈ ਕਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਏਨੀ ਭਿਆਨਕ ਅੱਗ ਉਨਾਂ ਨੇ ਕਦੇ ਵੀ ਨਹੀਂ ਦੇਖੀ। ਇਹ ਅੱਗ ਹੁਣ ਤੱਕ ਲੱਗੀਆਂ 86 ਭਿਆਨਕ ਅੱਗਾਂ ਵਿਚ ਸ਼ਾਮਿਲ ਹੋ ਗਈ ਹੈ। ਜ਼ਿਆਦਾਤਰ ਅੱਗ ਲੱਗਣ ਦੀਆਂ ਘਟਨਾਵਾਂ ਪੱਛਮੀ ਖੇਤਰ ਵਿਚ ਵਾਪਰੀਆਂ ਹਨ ਜਿਨਾਂ ਵਿਚ 14 ਲੱਖ ਏਕੜ ਜੰਗਲੀ ਰਕਬਾ ਸੜ ਚੁੱਕਾ ਹੈ। ਅੱਗ ਨਾਲ ਹੋਏ ਨੁਕਸਾਨ ਦਾ ਪਤਾ ਖੇਤਰ ਦੇ ਸਰਵੇਖਣ ਤੋਂ ਬਾਅਦ ਹੀ ਲੱਗੇਗਾ।

### ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਸਾਬਕਾ ਡੀਆਈਜੀ ਖਟੜਾ ਵੱਲੋਂ ਅਹਿਮ ਖੁਲਾਸੇ

## ਰਣਬੀਰ ਸਿੰਘ ਖਟੜਾ ਨੇ ਕਿਹਾ ਕਿ ਹੁਣ ਡੇਰਾ ਮੁਖੀ ਮੁਲਜ਼ਮਾਂ ਦੀ ਲਿਸਟ ਵਿਚੋਂ ਬਾਹਰ ਹੈ।



**ਚੰਡੀਗੜ/ਏ.ਟੀ.ਨਿਊਜ਼** : ਸਾਬਕਾ ਡੀਆਈਜੀ ਰਣਬੀਰ ਸਿੰਘ ਖਟੜਾ ਵੱਲੋਂ ਪੰਥ ਸਾਹਮਣੇ ਅਹਿਮ ਖੁਲਾਸੇ ਕੀਤੇ ਗਏ। ਦਰਅਸਲ, ਖਟੜਾ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਸ਼ਾਮਲ ਹੋਏ, ਜਿਸ ਦੌਰਾਨ ਬੇਅਦਬੀ ਮਾਮਲੇ 'ਚ ਪਹਿਲੀ ਵਾਰ ਖੁੱਲ ਕੇ ਖਟੜਾ ਸਾਹਮਣੇ ਆਏ।

ਖਟੜਾ ਨੇ ਦੱਸਿਆ, 'ਅਕਾਲ ਤਖ਼ਤ ਸਾਹਿਬ ਵੱਲੋਂ ਮੈਨੂੰ ਸੱਦਾ ਦਿੱਤਾ ਗਿਆ ਸੀ। ਛੇ ਸਾਲ ਤੋਂ ਸੱਦਾ ਪੱਤਰ ਦੀ ਉਡੀਕ ਵਿੱਚ ਸੀ। 30 ਨਵੰਬਰ, 2015 ਨੂੰ ਮੈਨੂੰ ਜਾਂਚ ਸੌਂਪੀ ਗਈ ਸੀ। ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਸਾਰੀ ਤਫਤੀਸ਼ ਸਿਰੇ ਲਾਈ ਗਈ।' ਉਨਾਂ ਕਿਹਾ, 'ਸਾਢੇ ਤਿੰਨ ਸਾਲ ਬਾਅਦ ਦੋਸ਼ੀਆਂ ਦੀ ਪਛਾਣ ਹੋਈ ਸੀ। ਸਾਰੀਆਂ ਘਟਨਾਵਾਂ ਨੂੰ ਇੱਕੋ ਤਰੀਕੇ ਨਾਲ ਅੰਜਾਮ ਦਿੱਤਾ ਗਿਆ। ਸਵੇਰੇ ਚਾਰ ਤੋਂ ਪੰਜ ਵਜੇ ਦੇ ਦਰਮਿਆਨ ਘਟਨਾਵਾਂ ਵਾਪਰੀਆਂ ਸੀ। ਲੋਕਾਂ ਵਿੱਚ ਵਖਰੇਵਾਂ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।' ਸਾਬਕਾ ਡੀਆਈਜੀ ਨੇ ਕਿਹਾ, 'ਮੈਂ ਸਿਰਫ ਤੇ ਸਿਰਫ ਬੇਅਦਬੀ ਦੀ ਗੱਲ ਕਰ ਰਿਹਾਂ ਹਾਂ।' ਬੇਅਦਬੀ ਕੇਸ ਵਿਚ 28 ਡੇਰਾ ਪ੍ਰੇਮੀ ਗ੍ਰਿਫਤਾਰ ਕੀਤੇ ਗਏ। ਉਨਾਂ ਦੱਸਿਆ ਕਿ 63 ਨੰਬਰ ਐਫ ਆਈ ਆਰ ਵਿਚ ਡੇਰਾ ਮੁਖੀ ਮੁਲਜ਼ਮ ਵਜੋਂ ਸ਼ਾਮਲ ਕੀਤਾ ਗਿਆ ਸੀ ਅਤੇ ਸਰੂਪ ਚੋਰੀ ਮਾਮਲੇ 'ਚ ਵੀ ਡੇਰਾ ਮੁਖੀ ਦਾ ਨਾਂ ਬੋਲਦਾ ਹੈ।

ਰਣਬੀਰ ਸਿੰਘ ਖਟੜਾ ਨੇ ਖੁਲਾਸਾ ਕੀਤਾ ਕਿ ਹੁਣ ਡੇਰਾ ਮੁਖੀ ਮੁਲਜ਼ਮਾਂ ਦੀ ਲਿਸਟ 'ਚੋਂ ਬਾਹਰ ਹੈ। ਸਾਬਕਾ ਡੀਆਈਜੀ ਮੁਤਾਬਕ ਅਦਾਲਤ ਵਿੱਚ ਬਰਗਾੜੀ ਬੇਅਦਬੀ ਨਾਲ ਸਬੰਧਤ ਐਫਆਈਆਰਜ਼ ਨੰ. 117 ਤੇ 128 ਤਹਿਤ ਪੇਸ਼ ਕੀਤੇ ਤਾਜ਼ਾ ਚਲਾਨਾਂ ਵਿੱਚ ਡੇਰਾ ਮੁਖੀ ਦਾ ਨਾਂ ਦਰਜ ਨਹੀਂ ਹੈ। ਉਨਾਂ ਸਪੱਸ਼ਟ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪੂਰੀ ਵਿਉਂਤਬੰਦੀ ਨਾਲ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਰਣਬੀਰ ਸਿੰਘ ਖਟੜਾ ਨੇ ਸਾਲ 2015 ਵਿੱਚ ਵਾਪਰੀਆਂ ਬੇਅਦਬੀ ਘਟਨਾਵਾਂ ਦੀ ਪੜਤਾਲ ਕਰਨ ਲਈ ਗਠਿਤ ਕੀਤੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕੀਤੀ ਸੀ।

# ਸ਼ਹਿਰਾਂ ਤੋਂ ਵੀ ਸੋਹਣਾ ਪੰਜਾਬ ਦਾ ਐਨ ਆਰ ਆਈ ਪਿੰਡ

### ✪ ਚਾਰੇ ਪਾਸੇ ਹਰਿਆਲੀ ਤੇ ਸੜਕ ਕਿਨਾਰੇ ਬੈਂਚ ਤੇ ਲੱਗੇ ਸੀਸੀਟੀਵੀ
### ✪ ਐਨਆਰਆਈ ਵੱਲੋਂ ਮਿਲ ਰਹੀ ਆਰਥਿਕ ਮਦਦ ਨਾਲ ਪਿੰਡ ਦੀ ਹੋ ਰਹੀ ਕਾਇਆ ਕਲਪ

**ਲੁਧਿਆਣਾ/ਏ.ਟੀ.ਨਿਊਜ਼** : ਬੇਟ ਏਰੀਆ ਦੇ ਪਿੰਡ ਜਨੇਤਪੁਰਾ ਕੋਈ ਆਮ ਪਿੰਡ ਨਹੀਂ ਹੈ ਬਲਕਿ ਇਹ ਸ਼ਹਿਰ ਵਰਗੀਆਂ ਸਹੂਲਤਾਂ ਨਾਲ ਭਰਿਆ। ਖਾਸ ਗੱਲ ਇਹ ਹੈ ਕਿ ਇੱਥੇ ਸਾਰਾ ਵਿਕਾਸ ਪਿੰਡ ਦੇ ਐਨਆਰਆਈ ਵੱਲੋਂ ਮਦਦ ਦੇ ਕੇ ਕਰਵਾਇਆ ਜਾ ਰਿਹਾ ਹੈ। ਵਿਕਾਸ ਕੰਮ ਦੀ ਜ਼ਿੰਮੇਵਾਰੀ ਪਿੰਡ ਦੀ ਯੂਥ ਵੈੱਲਫੇਅਰ ਸੁਸਾਇਟੀ ਨੇ ਲਈ ਹੈ। ਸੁਸਾਇਟੀ ਨੇ ਪਿਛਲੇ ਪੰਜ ਸਾਲਾਂ ਤੋਂ ਸੁਨੇਤਪੁਰਾ ਦੇ ਐਨਆਈਆਈ ਭਰਾਵਾਂ ਦੇ ਸਹਿਯੋਗ ਨਾਲ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਪਿੰਡ ਦੀਆਂ ਸਾਰੀਆਂ ਗਲੀਆਂ ਤੇ ਨਾਲੀਆਂ ਪੱਕੀਆਂ ਕਰਵਾ ਦਿੱਤੀਆਂ ਗਈਆਂ ਹਨ। ਚਾਰੇ ਪਾਸੇ ਹਰਿਆਲੀ ਵਿਚ ਮੋਰ ਘੁੰਮਦੇ ਅਕਸਰ ਦਿਖਾਈ ਦਿੰਦੇ ਹਨ। ਗਲੀਆਂ ਵਿਚ ਲੋਕਾਂ ਦੇ ਬੈਠਣ ਲਈ ਬੈਂਚ ਰੱਖੇ ਗਏ ਹਨ। ਹਰ ਜਗਾ ਸਾਫ-ਸਫਾਈ ਨਜ਼ਰ ਆਉਂਦੀ ਹੈ।

ਲੱਖਾਂ ਦੀ ਮਦਦ ਨੇ ਬਦਲੀ ਪਿੰਡ ਦੀ ਨੁਹਾਰ

ਸੁਸਾਇਟੀ ਦੇ ਮੈਂਬਰਾਂ ਨੇ ਦੱਸਿਆ ਕਿ





ਐਨਆਰਆਈ ਭਰਾਵਾਂ ਵੱਲੋਂ ਮਿਲ ਰਹੀ ਆਰਥਿਕ ਮਦਦ ਨਾਲ ਪਿੰਡ ਦਾ ਵਿਕਾਸ ਕਰਵਾਇਆ ਜਾ ਰਿਹਾ ਹੈ। ਐਨਆਰਆਈ ਲੋਹਗੜ ਨਿਵਾਸੀ ਰਛਪਾਲ ਸਿੰਘ ਬੰਦੇਸ਼ਾ ਕੇਨੈਡੀਅਨ ਦਾ ਇਹ ਨਾਨਕਾ ਪਿੰਡ ਹੈ। ਉਹ ਸਮੇਂ-ਸਮੇਂ 'ਤੇ ਪਿੰਡ ਦੇ ਵਿਕਾਸ ਲਈ ਮਦਦ ਦਿੰਦੇ ਰਹਿੰਦੇ ਹਨ। ਪਿਛਲੇ ਦਿਨੀਂ ਉਨਾਂ ਨੇ ਕੁੱਲ ਮਿਲਾ ਕੇ ਲਗਭਗ 60,000 ਰੁਪਏ ਦੀ ਆਰਥਿਕ ਮਦਦ ਦਿੱਤੀ ਹੈ।

**ਲੁਧਿਆਣਾ ਦੇ ਜਨੇਤਪੁਰਾ ਪਿੰਡ ਦੀਆਂ ਚਮਕਦੀਆਂ ਸੜਕਾਂ**

ਸੁਸਾਇਟੀ ਦੇ ਮੈਂਬਰ ਦਵਿੰਦਰ ਸਿੰਘ ਨੇ ਦੱਸਿਆ ਕਿ ਐਨਆਰਆਈ ਰਛਪਾਲ ਸਿੰਘ ਬੰਦੇਸ਼ਾ ਸਮੇਂ-ਸਮੇਂ 'ਤੇ ਆਪਣੀ ਨਾਨੀ ਮਾਂ ਆਸੋ ਕੌਰ ਦੀ ਯਾਦ ਵਿਚ ਲੱਖਾਂ ਰੁਪਏ ਭੇਜ ਚੁੱਕੇ ਹਨ। ਯੂਥ ਵੈੱਲਫੇਅਰ ਸੁਸਾਇਟੀ ਤੇ ਸੁਨੇਤਪੁਰਾ ਦੇ ਸਾਰੇ ਲੋਕ ਉਨਾਂ ਦਾ ਦਿਲੋਂ ਧੰਨਵਾਦ ਕਰਦੇ ਹਨ।

# ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ 'ਚ ਚਾਰ ਡੇਰਾ ਪ੍ਰੇਮੀਆਂ ਨੂੰ ਜ਼ਮਾਨਤ



**ਫ਼ਰੀਦਕੋਟ/ਏ.ਟੀ.ਨਿਊਜ਼** : ਇਲਾਕਾ ਮੈਜਿਸਟ੍ਰੇਟ ਮਿਸ ਤਰਜਨੀ ਦੀ ਅਦਾਲਤ ਨੇ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਚਾਰ ਡੇਰਾ ਪ੍ਰੇਮੀਆਂ ਨੂੰ ਮੁਕੱਦਮਾ ਚੱਲਣ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਜਾਂਚ ਟੀਮ ਨੇ ਸੁਖਜਿੰਦਰ ਸਿੰਘ, ਸ਼ਕਤੀ ਸਿੰਘ, ਬਲਜੀਤ ਸਿੰਘ ਤੇ ਰਣਜੀਤ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਇਸ ਸਬੰਧੀ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ 23 ਮਈ ਨੂੰ ਗ੍ਰਿਫ਼ਤਾਰ ਕੀਤਾ ਸੀ। ਡੇਰਾ ਪ੍ਰੇਮੀਆਂ ਦੇ ਵਕੀਲ ਵਿਨੋਦ ਕੁਮਾਰ ਮੌਂਗਾ ਨੇ ਅਦਾਲਤ ਨੂੰ ਦੱਸਿਆ ਕਿ ਉਨਾਂ ਨੂੰ ਸਿਆਸੀ ਕਾਰਨਾਂ ਕਰਕੇ ਝੂਠੇ ਮੁਕੱਦਮੇ ਵਿੱਚ ਫਸਾਇਆ ਜਾ ਰਿਹਾ ਹੈ ਅਤੇ ਡੇਰਾ ਪ੍ਰੇਮੀਆਂ ਨੇ ਕਦੇ ਵੀ ਇਤਰਾਜ਼ਯੋਗ ਪੋਸਟਰ ਨਹੀਂ ਲਾਏ। ਦੂਜੇ ਪਾਸੇ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਹੋਏ ਐਡਵੋਕੇਟ ਪੰਕਜ ਤਨੇਜਾ ਨੇ ਕਿਹਾ ਕਿ ਡੇਰਾ ਪ੍ਰੇਮੀਆਂ ਨੂੰ ਜੇਕਰ ਜ਼ਮਾਨਤ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਜਾਂਚ ਪ੍ਰਕਿਰਿਆ ਅਤੇ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਆਦੇਸ਼ ਦਿੱਤਾ ਕਿ ਚੱਲਦੇ ਮੁਕੱਦਮੇ ਤੱਕ ਡੇਰਾ ਪ੍ਰੇਮੀਆਂ ਨੂੰ ਰਿਹਾਅ ਕੀਤਾ ਜਾਵੇ।

# ਕਿਸਾਨ ਆਗੂ ਰੁਲਦੂ ਸਿੰਘ ਮਾਨਸਾ 'ਤੇ ਹਮਲਾ

## ✪ ਤਸਵੀਰਾਂ ਪਾੜੀਆਂ, ਟੈਂਟ ਵਿਚ ਮੌਜੂਦ ਕਿਸਾਨਾਂ ਨੂੰ ਮਾਰੀਆਂ ਸੱਟਾਂ ✪ ਮਾਮਲਾ ਸੰਤ ਭਿੰਡਰਾਂਵਾਲੇ ਖਿਲਾਫ਼ ਬੋਲਣ ਦਾ

**ਮਾਨਸਾ/ਏ.ਟੀ.ਨਿਊਜ਼** : ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਕਿਸਾਨ ਮਾਰੂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਸਰਕਾਰ ਦੀਆਂ ਬਰੂਹਾਂ 'ਤੇ ਚੱਲ ਰਹੇ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ ਦੇ ਟੈਂਟ 'ਤੇ ਹਮਲਾ ਕੀਤੇ ਜਾਣ ਕਰਨ ਦੀ ਪੰਜਾਬ ਕਿਸਾਨ ਯੂਨੀਅਨ, ਸੀਪੀਆਈ (ਐਮਐਲ) ਲਿਬਰੇਸ਼ਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਸ਼ਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਐਡਵੋਕੇਟ ਬਲਕਰਨ ਸਿੰਘ ਬੱਲੀ, ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਰਾਣਾ, ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਕਾਮਰੇਡ ਭਗਵੰਤ ਸਿੰਘ ਸਮਾਉਂ ਨੇ ਕਿਹਾ ਕਿ ਰੁਲਦੂ ਸਿੰਘ ਮਾਨਸਾ ਲੰਬੇ ਸਮੇਂ ਤੋਂ ਕਿਸਾਨੀ ਸੰਘਰਸ਼ ਦੀ ਅਗਵਾਈ ਕਰ ਰਹੇ ਹਨ ਅਤੇ ਹੁਣ ਦੇਸ਼ ਅੰਦਰ ਚੱਲ ਰਹੇ ਕਿਸਾਨ ਅੰਦੋਲਨ ਦੀ ਸੁਚੱਜੇ ਢੰਗ ਨਾਲ ਅਗਵਾਈ ਕਰ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਅਤੇ ਆਰ ਐਸ ਐਸ ਵੱਲੋਂ ਸਰਕਾਰ ਅੱਗੇ ਨਾ ਝੁਕਣ ਵਾਲੇ ਆਗੂਆਂ ਨੂੰ ਵੱਖ ਵੱਖ ਤਰੀਕਿਆਂ ਨਾਲ ਬਦਨਾਮ ਕਰਨ ਅਤੇ ਅੰਦੋਲਨ ਨੂੰ ਫੇਲ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਪਰ ਜਦ ਸਰਕਾਰ ਨਾਕਾਮਯਾਬ ਹੋ ਗਈ ਤਾਂ ਉਨਾਂ ਨੇ ਹੁਣ ਕਿਸਾਨ ਆਗੂਆਂ 'ਤੇ ਹਮਲੇ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਉਨਾਂ ਕਿਹਾ ਕਿ ਸਰਕਾਰ ਦੇ ਆਈਟੀ ਸੈੱਲ ਅਤੇ ਕਿਸਾਨ ਅੰਦੋਲਨ ਵਿਰੋਧੀ ਤਾਕਤਾਂ ਵੱਲੋਂ ਇਕ ਵੀਡੀਓ ਨੂੰ ਆਧਾਰ ਬਣਾ ਕੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖਿਲਾਫ਼ ਬੋਲੇ ਹਨ। ਕਿਸਾਨ ਆਗੂ ਨੂੰ ਝੂਠਾ ਬਦਨਾਮ ਕਰ ਕੇ ਕਿਸਾਨ ਘੋਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਜਦਕਿ ਉਸ ਵੀਡੀਓ ਸਮੇਤ ਰੁਲਦੂ ਸਿੰਘ ਦੀ ਕਿਸੇ ਵੀ ਵੀਡੀਓ ਵਿਚ ਸੰਤਾਂ ਸੰਬੰਧੀ ਕੋਈ ਅਪਸ਼ਬਦ ਨਹੀਂ ਬੋਲੇ ਗਏ। ਉਸ ਵੀਡੀਓ ਵਿਚ ਪਿਛਲੇ ਲੰਬੇ ਸਮੇਂ ਤੋਂ ਕਿਸਾਨ ਘੋਲ ਨੂੰ ਫੇਲ ਕਰਨ ਲਈ ਨੌਜਵਾਨਾਂ ਨੂੰ ਉਕਸਾਉਣ ਵਾਲੇ ਬਾਹਰ ਬੈਠੇ ਗੁਰਪਤਵੰਤ ਪੰਨੂੰ ਬਾਰੇ ਬੋਲਿਆ ਗਿਆ ਹੈ। ਉਨਾਂ ਕਿਹਾ ਕਿ ਰਾਤ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਦੀਆਂ ਫੋਟੋਆਂ ਪਾੜੀਆਂ ਗਈਆਂ ਅਤੇ ਉਨਾਂ



ਦੇ ਤਾਮਕੋਟ ਪਿੰਡ ਇਕਾਈ ਦੇ ਟੈਂਟ 'ਤੇ ਹਮਲਾ ਕਰਕੇ ਟੈਂਟ ਵਿਚ ਪਏ ਵਿਅਕਤੀਆਂ ਦੇ ਸੱਟਾਂ ਮਾਰੀਆਂ ਹਨ ਜਿਨਾਂ ਵਿਚੋਂ ਗੁਰਵਿੰਦਰ ਸਿੰਘ ਦੇ ਸਿਰ ਵਿਚ ਸੱਟਾਂ ਮਾਰੀਆਂ ਹਨ ਜਿਸ ਨੂੰ ਰੋਹਤਕ ਪੀਜੀਆਈ 'ਚ ਦਾਖਲ ਕਰਵਾਉਣਾ ਪਿਆ। ਉਨਾਂ ਕਿਹਾ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਕੱਲ ਮਾਨਸਾ ਆਏ ਹੋਣ ਕਾਰਨ ਬਚ ਗਏ ਨਹੀਂ ਤਾਂ ਸ਼ਰਾਰਤੀ ਅਨਸਰ ਕਿਸਾਨ ਆਗੂ ਦਾ ਜਾਨੀ ਨੁਕਸਾਨ ਕਰ ਸਕਦੇ ਸਨ। ਉਨਾਂ ਸੰਯੁਕਤ ਮੋਰਚੇ ਤੋਂ ਮੰਗ ਕੀਤੀ ਕਿ ਹਮਲਾ ਕਰਨ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇ ਨਹੀਂ ਤਾਂ ਕਿਸਾਨ ਆਗੂਆਂ 'ਤੇ ਅਜਿਹੇ ਹਮਲੇ ਹੋਰ ਵੀ ਵੱਧ ਸਕਦੇ ਹਨ ਤੇ ਘੋਲ ਨੂੰ ਫੇਲ ਕਰਨ ਵਿਚ ਲੱਗੀਆਂ ਤਾਕਤਾਂ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋ ਸਕਦੀਆਂ ਹਨ। ਆਗੂਆਂ ਨੇ ਕਿਹਾ ਕਿ ਕਿਸਾਨ ਆਗੂਆਂ ਉੱਪਰ ਕੀਤੇ ਜਾ ਰਹੇ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਸੋਮ ਪ੍ਰਕਾਸ਼ ਤੇ ਅਸ਼ਵਨੀ ਸ਼ਰਮਾ ਦਾ ਕਿਸਾਨਾਂ ਵਲੋਂ ਫੇਰ ਘਿਰਾਉ

## ✪ ਪੁਲਿਸ ਨਾਲ ਵੀ ਧੱਕਾ-ਮੁੱਕੀ ✪ ਆਦਮਪੁਰ ਵਿੱਚ ਭਾਜਪਾ ਤੇ ਆਰਐੱਸਐੱਸ ਦਾ ਵਿਰੋਧ

## ✪ ਫਗਵਾੜਾ ਵਿੱਚ ਕਿਸਾਨ ਅਤੇ ਭਾਜਪਾਈ ਆਹਮੋ-ਸਾਹਮਣੇ

**ਮੁਕੇਰੀਆਂ/ਏ.ਟੀ.ਨਿਊਜ਼ :** ਖੇਤੀ ਕਾਨੂੰਨਾਂ ਨੂੰ ਲੈ ਕੇ ਭਾਜਪਾ ਆਗੂ ਲਗਾਤਾਰ ਕਿਸਾਨਾਂ ਦੇ ਵਿਰੋਧ ਦਾ ਸ਼ਿਕਾਰ ਹੋ ਰਹੇ ਹਨ। ਮੁਕੇਰੀਆਂ ਵਿਚ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦਾ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ। ਇਸ ਮੌਕੇ ਕਿਸਾਨ ਨੇ ਕਿਹਾ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਉਦੋਂ ਤੱਕ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਆਗੂਆਂ ਦਾ ਵਿਰੋਧ ਜਾਰੀ ਰਹੇਗਾ।



ਇਸ ਮੌਕੇ ਵਿਰੋਧ ਕਰ ਰਹੇ ਕਿਸਾਨਾਂ ਨੂੰ ਰੋਕਣ ਦੌਰਾਨ ਪੁਲਿਸ ਨਾਲ ਵੀ ਧੱਕਾ-ਮੁੱਕੀ ਹੋਈ। ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਦੀ ਮੋਦੀ ਸਰਕਾਰ ਖੇਤੀ ਕਾਨੂੰਨਾਂ ਨੂੰ ਵਾਪਸ ਨਹੀਂ ਲੈਂਦੀ ਉਦੋਂ ਤੱਕ ਭਾਜਪਾ ਆਗੂਆਂ ਨੂੰ ਪੰਜਾਬ ਵਿਚ ਨਾ ਮੀਟਿੰਗਾਂ ਕਰਨ ਦਿੱਤੀਆਂ ਜਾਣਗੀਆਂ ਅਤੇ ਨਾ ਹੀ ਪਿੰਡਾਂ ਵਿਚ ਵੜਨ ਦਿੱਤਾ ਜਾਏਗਾ।

ਇਸੇ ਤਰਾਂ ਸੰਯੁਕਤ ਕਿਸਾਨ ਮੋਰਚੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਦਮਪੁਰ ਵਿੱਚ ਦੋਆਬੇ ਦੀਆਂ ਕਿਸਾਨ ਜਥੇਬੰਦੀਆਂ ਨੇ ਭਾਜਪਾ ਤੇ ਆਰਐੱਸਐੱਸ ਦਾ ਡਟਵਾਂ ਵਿਰੋਧ ਕੀਤਾ। ਕਿਸਾਨਾਂ ਨੇ ਦੱਸਿਆ ਕਿ ਗੁਰੂ ਪੂਰਨਿਮਾ ਮਨਾਉਣ ਲਈ ਆਰਐੱਸਐੱਸ ਕਾਰਕੁੰਨ ਆਦਮਪੁਰ ਵਿੱਚ ਸਮਾਗਮ ਕਰ ਰਹੇ ਸਨ, ਪਰ ਸੂਹ ਮਿਲਦਿਆਂ ਹੀ ਵੱਡੀ ਗਿਣਤੀ ਵਿੱਚ ਕਿਸਾਨ ਇਸ ਸਮਾਗਮ ਦੇ ਵਿਰੋਧ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ। ਇਸ ਮਗਰੋਂ ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਤੇ ਆਰਐੱਸਐੱਸ ਵਰਕਰਾਂ ਨੇ ਸਮਾਗਮ ਮੁਲਤਵੀ ਕਰ ਦਿੱਤਾ। ਦੋਆਬਾ ਕਿਸਾਨ ਸੰਘਰਸ਼ ਕਮੇਟੀ ਦੇ ਉਪ ਪ੍ਰਧਾਨ ਮੁਕੇਸ਼ ਚੰਦਰ, ਜਨਰਲ ਸਕੱਤਰ ਬਲਵਿੰਦਰ ਸਿੰਘ, ਸਕੱਤਰ ਦਵਿੰਦਰ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨ ਰੱਦ ਹੋਣ ਤੱਕ ਕੇਂਦਰ ਦੀ ਮੋਦੀ ਸਰਕਾਰ ਦੇ ਹਮਾਇਤੀਆਂ ਨੂੰ ਕੋਈ ਸਮਾਗਮ ਨਹੀਂ ਕਰਨ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਦਿੱਲੀ ਵਿੱਚ ਚੱਲ ਰਹੇ ਸੰਘਰਸ਼ ਦੌਰਾਨ ਸਾਢੇ ਪੰਜ ਸੌਂ ਤੋਂ ਵੱਧ ਕਿਸਾਨ ਮਜ਼ਦੂਰ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਟੱਸ ਤੋਂ ਮੱਸ ਨਹੀਂ ਹੋ ਰਹੀ।

ਭਾਰਤੀ ਜਨਤਾ ਪਾਰਟੀ ਦੇ ਆਗੂ ਅਸ਼ੋਕ ਦੁੱਗਲ ਦੇ ਫਗਵਾੜਾ ਵਿਖੇ ਨਵੇਂ ਸੈਨੇਟਰੀ ਦੇ ਉਦਘਾਟਨ ਮੌਕੇ ਮਾਹੌਲ ਉਸ ਵੇਲੇ ਤਣਾਅਪੂਰਨ ਹੋ ਗਿਆ ਜਦੋਂ ਸਾਬਕਾ ਕੇਂਦਰੀ ਮੰਤਰੀ ਤੇ ਕੌਮੀ ਐੱਸਸੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੇ ਇੱਥੇ ਉਦਘਾਟਨ ਕਰਨ ਲਈ ਪੁੱਜਣ ਬਾਰੇ ਭਿਣਕ ਕਿਸਾਨਾਂ ਦੇ ਕੰਨੀਂ ਪੈ ਗਈ। ਕਿਸਾਨਾਂ ਨੇ ਇਕੱਠੇ ਹੋ ਕੇ ਭਾਜਪਾ ਆਗੂ ਦੇ ਪ੍ਰੋਗਰਾਮ ਦਾ ਵਿਰੋਧ ਕੀਤਾ, ਜਿਸ ਮਗਰੋਂ ਭਾਜਪਾ ਆਗੂ ਤੇ ਕਿਸਾਨ ਆਹਮੋ-ਸਾਹਮਣੇ ਹੋ ਗਏ।

ਜਾਣਕਾਰੀ ਮੁਤਾਬਕ ਭਾਜਪਾ ਯੁਵਾ ਮੋਰਚਾ ਦੇ ਆਗੂ ਦੇ ਨਵੇਂ ਸੈਨੇਟਰੀ ਦਾ ਵਿਜੈ ਸਾਂਪਲਾ ਤੇ ਸੋਮ ਪ੍ਰਕਾਸ਼ ਨੇ ਉਦਘਾਟਨ ਕਰਨਾ ਸੀ। ਸੂਹ ਮਿਲਦਿਆਂ ਹੀ ਭਾਰਤੀ ਕਿਸਾਨ ਯੂਨੀਅਨ ਦੋਆਬਾ ਨੇ ਐਲਾਨ ਕੀਤਾ ਕਿ ਖੇਤੀ ਕਾਨੂੰਨ ਰੱਦ ਹੋਣ ਤੱਕ ਭਾਜਪਾ ਆਗੂਆਂ ਨੂੰ ਕਿਸੇ ਵੀ ਸਮਾਗਮ 'ਚ ਸ਼ਾਮਲ ਹੋਣ ਨਹੀਂ ਦਿੱਤਾ ਜਾਵੇਗਾ।

ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਕਿਸਾਨਾਂ ਨੂੰ ਅੰਦੋਲਨ ਸਮਾਪਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਨਿੱਜੀ ਸਮਾਗਮ ਹੈ, ਪਰ ਕਿਸਾਨਾਂ ਦਾ ਕਹਿਣਾ ਸੀ ਕਿ ਉਹ ਸਾਂਪਲਾ ਦਾ ਵਿਰੋਧ ਕਰਨ ਆਏ ਹਨ। ਸਮਾਗਮ ਲਈ ਲੱਗਿਆ ਟੈਂਟ ਹਟਾ ਦਿੱਤਾ ਜਾਵੇ ਤਾਂ ਉਹ ਚਲੇ ਜਾਣਗੇ। ਇਸ ਮਗਰੋਂ ਕਿਸਾਨ ਟੈਂਟ ਨੇੜੇ ਪੁੱਜ ਗਏ ਅਤੇ ਇਸੇ ਦੌਰਾਨ ਭਾਜਪਾ ਆਗੂ ਵੀ ਵਿਰੋਧ ਲਈ ਬਾਹਰ ਆ ਗਏ ਤੇ ਇੱਕ-ਦੂਜੇ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕੁੱਝ ਕਿਸਾਨਾਂ ਨੇ ਟੈਂਟ ਦੇ ਰੱਸੇ ਖੋਲ ਦਿੱਤੇ, ਜਿਨਾਂ ਨੂੰ ਪੁਲਿਸ ਨੇ ਬੜੀ ਮੁਸ਼ਕਲ ਨਾਲ ਰੋਕਿਆ। ਮੌਕੇ 'ਤੇ ਮੌਜੂਦ ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੋਵਾਂ ਧਿਰਾਂ ਦੇ ਕੁਝ ਵਿਅਕਤੀਆਂ ਦੀ ਮੀਟਿੰਗ ਕਰਵਾ ਕੇ ਮਾਮਲਾ ਸ਼ਾਂਤ ਕਰਵਾਇਆ।

ਬਾਕੀ ਸਫ਼ਾ 30 'ਤੇ

# ਬਸਪਾ-ਅਕਾਲੀ ਗੱਠਜੋੜ ਨੂੰ ਸੱਤਾ 'ਚ ਆਉਣ ਤੋਂ ਕੋਈ ਨਹੀਂ ਰੋਕ ਸਕਦਾ : ਗੜ੍ਹੀ

**ਨਕੋਦਰ/ਏ.ਟੀ.ਨਿਊਜ਼ :** ਪੰਜਾਬ ਵਿਚ ਆ ਰਹੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਬਸਪਾ ਗਠਜੋੜ ਸ਼ਾਨ ਨਾਲ ਜਿੱਤੇਗਾ ਤੇ ਸਰਕਾਰ ਬਣਾਏਗਾ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਜਸਬੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਪਿੰਡ ਨਵਾਂ ਪਿੰਡ ਜੱਟਾਂ ਵਿਖੇ ਹੁਸਨ ਲਾਲ ਕੌਲਧਾਰ ਐੱਨ . ਆਰ . ਆਈ . ਦੇ ਗ੍ਰਹਿ ਵਿਖੇ ਕੀਤਾ। ਉਨਾਂ ਕਿਹਾ ਕਿ ਬਸਪਾ-ਅਕਾਲੀ ਗੱਠਜੋੜ ਦੀ ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ ਅਤੇ ਢੀਂਡਸਾ ਗਰੁੱਪ ਨੂੰ ਇੰਨੀ ਤਕਲੀਫ਼ ਹੋਈ ਕਿ ਉਹ ਤੜਫਣ ਲੱਗ ਪਏ।

ਇਹ ਪਾਰਟੀਆਂ ਨਹੀਂ ਚਾਹੁੰਦੀਆਂ ਕਿ ਬਸਪਾ ਵੀ ਸੱਤਾ ਵਿਚ ਭਾਈਵਾਲ ਹੋਵੇ। ਬਸਪਾ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਕੁਝ ਮੁੱਠੀ ਭਰ ਦਲਾਲਾਂ ਰਾਹੀਂ ਬਸਪਾ ਦੇ ਹਾਥੀ ਨੂੰ ਰੋਕਣ ਦੀਆਂ ਅਸਫ਼ਲ ਕੋਸ਼ਿਸ਼ਾਂ ਕਰ ਰਹੇ ਹਨ ਪ੍ਰੰਤੂ ਬਸਪਾ ਦਾ ਹਾਥੀ ਮੋਤੀ ਮਹਿਲ ਦੇ ਕਿੰਗਰੇ ਢਾਹ ਕੇ ਹੀ ਹਟੇਗਾ। ਬਸਪਾ ਦੀ ਚੜਤ ਤੋਂ ਬੌਖਲਾਏ ਕਾਂਗਰਸ ਦੇ ਐੱਮ. ਪੀ. ਰਵਨੀਤ ਸਿੰਘ ਬਿੱਟੂ ਨੇ ਗ਼ਲਤ ਬੋਲਿਆ ਤਾਂ ਨਾਲ ਹੀ 'ਆਪ' ਦੀ ਅਨਮੋਲ ਗਗਨ ਨੇ ਸੰਵਿਧਾਨ ਦੇ ਖ਼ਿਲਾਫ਼ ਬੋਲਿਆ ਤਾਂ ਬਸਪਾ ਵਰਕਰਾਂ ਨੇ ਕਾਂਗਰਸ ਤੇ 'ਆਪ' ਖ਼ਿਲਾਫ਼ ਡਟ ਕੇ ਰੋਸ ਪ੍ਰਦਰਸ਼ਨ ਕੀਤਾ।

# ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਵਾਲੇ ਬਾਬੇ ਖ਼ਿਲਾਫ਼ ਕੇਸ ਦਰਜ

**ਤਲਵਾੜਾ/ਏ.ਟੀ.ਨਿਊਜ਼ :** ਨਾਬਾਲਗ ਲੜਕੀ ਨਾਲ ਪਿਛਲੇ ਇਕ ਸਾਲ ਤੋਂ ਡਰਾ ਧਮਕਾ ਕੇ ਜਬਰ ਜਨਾਹ ਕਰਨ ਵਾਲੇ ਬਾਬੇ ਖ਼ਿਲਾਫ਼ ਹਾਜੀਪੁਰ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਪੀੜਤ ਲੜਕੀ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨ 'ਚ ਕਿਹਾ ਕਿ ਉਸ ਨੂੰ ਉਸ ਦੀ ਭੂਆ ਨੇ ਗੋਦ ਲਿਆ ਹੋਇਆ ਹੈ ਤੇ ਉਹ ਪਿੰਡ ਦੇ ਸਰਕਾਰੀ ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਹੈ। ਬੀਤੇ ਸਾਲ 2020 ਵਿਚ ਜਦ ਉਹ ਭੂਆ ਦੇ ਘਰ 'ਚ ਇਕੱਲੀ ਸੀ ਤਾਂ, ਪਿੰਡ ਦਾ ਇਕ ਬਾਬਾ ਜਿਸ ਦਾ ਨਾਂ ਜਰਨੈਲ ਸਿੰਘ ਜੈਲਾ ਹੈ ਉਨਾਂ ਦੇ ਘਰ ਆਇਆ ਤੇ ਉਸ ਨੂੰ ਕੋਲਡ ਡਰਿੰਕ ਵਿਚ ਕੋਈ ਨਸ਼ੀਲਾ ਪਦਾਰਥ ਮਿਲਾ ਕੇ ਪਿਲਾ ਦਿੱਤਾ, ਜਿਸ ਤੋਂ ਬਾਅਦ ਬਾਬੇ ਨੇ ਉਸ ਨਾਲ ਜ਼ਬਰਦਸਤੀ ਜਬਰ ਜਨਾਹ ਕੀਤਾ। ਉਸ ਨੇ ਦੱਸਿਆ ਦੂਜੇ ਦਿਨ ਬਾਬੇ ਨੇ ਉਸ ਨੂੰ ਇਹ ਧਮਕੀ ਦਿੱਤੀ ਕਿ ਜੇ ਉਹ ਕਿਸੇ ਨੂੰ ਵੀ ਇਹ ਗੱਲ ਦੱਸੇਗੀ ਤਾਂ ਉਹ ਉਸ ਦੀ ਭੂਆ ਤੇ ਉਸ ਨੂੰ ਮਾਰ ਦੇਵੇਗਾ। ਉਸ ਤੋਂ ਬਾਅਦ ਬਾਬੇ ਨੇ ਉਸ ਨੂੰ ਡਰਾ ਧਮਕਾ ਕੇ ਕਈ ਵਾਰ ਜਬਰ ਜਨਾਹ ਕੀਤਾ। ਮਈ 2021 ਵਿਚ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਕੋਲ ਗਏ ਹੋਏ ਸਨ, ਜਿੱਥੇ ਉਸ ਨੇ ਆਪਣੇ ਨਾਲ ਬੀਤੀ ਸਾਰੀ ਗੱਲ ਦੱਸੀ। ਉਸ ਤੋਂ ਬਾਅਦ ਉਸ ਦੇ ਰਿਸ਼ਤੇਦਾਰਾਂ ਨੇ ਉਸ ਨੂੰ ਨਾਲ ਲੈ ਕੇ ਪੰਜਾਬ ਬਾਲ ਰਾਜ ਅਧਿਕਾਰ ਕਮਿਸ਼ਨ ਕੋਲ ਉਸ ਵਲੋਂ ਸ਼ਿਕਾਇਤ ਦਰਜ ਕਰਵਾਈ ਸੀ।

ਲੜਕੀ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਜਾਂਚ ਤੋਂ ਬਾਅਦ ਮੁਲਜ਼ਮ ਜਰਨੈਲ ਸਿੰਘ ਜੈਲਾ ਬਾਬਾ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਮਾਮਲਾ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਵਿਚ ਗੁਰਮਰਿਆਦਾ ਦੀ ਉਲੰਘਣਾ ਦਾ

## ✪ ਜਥੇਦਾਰ ਅਕਾਲ ਤਖਤ ਨੇ ਲਿਆ ਸਖ਼ਤ ਨੋਟਿਸ ✪ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ





**ਅੰਮ੍ਰਿਤਸਰ/ਏ.ਟੀ.ਨਿਊਜ਼ :** ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ (ਉਤਰਾਖੰਡ) ਵਿਖੇ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਆਉਣ ’ਤੇ ਗੁਰਦੁਆਰਾ ਵਿਖੇ ਸਵਾਗਤ ਮੌਕੇ ਗੁਰਮਰਯਾਦਾ ਦੀ ਉਲੰਘਣਾ ਕੀਤੀ ਗਈ। ਇਸ ਮੌਕੇ ਇਕ ਕਾਰ ਸੇਵਾ ਬਾਬੇ ਵਲੋਂ ਬੀਬੀਆਂ ਦਾ ਡਾਂਸ ਕਰਵਾਇਆ ਗਿਆ। ਇਸ ਦਾ ਸਖਤ ਨੋਟਿਸ ਲੈਂਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੇ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਹੈ। ਅਜਿਹੀ ਘਟਨਾ ਗੁਰਦੁਆਰੇ ਵਿਚ ਪਹਿਲੀ ਵਾਰ ਵਾਪਰੀ ਹੈ।

ਤਿੰਨ ਮੈਂਬਰੀ ਕਮੇਟੀ ਵਿਚ ਗਿਆਨੀ ਮਲਕੀਤ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਸਰਬਜੀਤ ਸਿੰਘ ਹੈੱਡ ਪ੍ਰਚਾਰਕ ਸ਼੍ਰੋਮਣੀ ਕਮੇਟੀ, ਭਾਈ ਅਜੀਤ ਸਿੰਘ ਧਰਮ ਪ੍ਰਚਾਰ ਕਮੇਟੀ ਮੌਕੇ ’ਤੇ ਜਾ ਕੇ ਤੁਰੰਤ ਸਾਰੀ ਘਟਨਾ ਦੀ ਜਾਂਚ ਅਤੇ ਹਰੇਕ ਪਹਿਲੂਆਂ ਤੋਂ ਨੂੰ ਦੇਖਦੇ ਹੋਏ ਰਿਪੋਰਟ ਤਿਆਰ ਕਰਨਗੇ। ਸਾਡਾ ਮੰਨਣਾ ਹੈ ਕਿ ਇਹ ਗੁਰਦੁਆਰੇ ਵਿਚ ਵਾਪਰੀ ਅਤਿ ਨਿੰਦਾਯੋਗ ਘਟਨਾ ਹੈ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਬਾਰੇ ਸਖਤੀ ਨਾਲ ਨਿਪਟਣਾ ਚਾਹੀਦਾ ਹੈ। ਜਿਹੜੇ ਸਾਧ ਸੰਤ ਨੂੰ ਗੁਰ-ਮਰਿਯਾਦਾ ਬਾਰੇ ਜਾਣਕਾਰੀ ਨਹੀਂ ਉਸ ਨੂੰ ਕਿਸੇ ਗੁਰਧਾਮ ਦੀ ਸੇਵਾ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਚੋਣ ਵਿਵਾਦਾਂ ਵਿਚ

## ਜਥੇਦਾਰ ਹਿੱਤ ਮੁੜ ਬਣੇ ਪ੍ਰਧਾਨ

**ਅੰਮ੍ਰਿਤਸਰ/ਏ.ਟੀ.ਨਿਊਜ:** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੀ ਹੋਈ ਚੋਣ ਵਿਵਾਦਾਂ ਵਿਚ ਘਿਰ ਗਈ ਹੈ। ਚੋਣ ਤੋਂ ਪਹਿਲਾਂ ਹੀ ਜਨਰਲ ਸਕੱਤਰ ਮੁਹਿੰਦਰਪਾਲ ਸਿੰਘ ਢਿੱਲੋਂ ਨੇ ਮੀਟਿੰਗ ਨੂੰ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ। ਢਿੱਲੋਂ ਨੇ ਦੱਸਿਆ ਕਿ ਤਖ਼ਤ ਸਾਹਿਬ ਬੋਰਡ ਦੇ ਮੈਂਬਰ ਹਰਪਾਲ ਸਿੰਘ ਜੌਹਲ ਨੇ ਮੀਟਿੰਗ ਵਿਚ ਸ਼ਾਮਲ ਹੋਣ ਲਈ ਆਏ ਅਤੇ ਉਨਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਸ਼ਾਮਲ ਹੋਣ ’ਤੇ ਇਤਰਾਜ਼ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਨੇ ਭਾਈ ਲੌਂਗੋਵਾਲ ਦੇ ਕਿਸੇ ਵੀ ਧਾਰਮਿਕ ਸਮਾਗਮ ਵਿਚ ਸ਼ਾਮਲ ਹੋਣ ’ਤੇ ਰੋਕ ਲਗਾਈ ਹੈ।

ਭਾਈ ਲੌਂਗੋਵਾਲ ਦੇ ਮੀਟਿੰਗ ਵਿਚ ਸ਼ਾਮਲ ਹੋਣ ਨੂੰ ਲੈ ਕੇ ਵਿਵਾਦ ਦੇ ਹੱਲ ਨਾ ਹੋ ਸਕਣ ਕਾਰਨ ਢਿੱਲੋਂ ਨੇ ਮੀਟਿੰਗ ਅੱਗੇ ਪਾ ਦਿੱਤੀ। ਉਨਾਂ ਨਾਲ ਹੀ ਭਾਈ ਲੌਂਗੋਵਾਲ ਨੂੰ ਹਦਾਇਤ ਕੀਤੀ ਕਿ ਉਹ ਮੁੜ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਤੋਂ ਲਿਖਤੀ ਆਗਿਆ ਪੱਤਰ ਲੈ ਕੇ ਆਉਣ। ਇਸੇ ਦੌਰਾਨ ਪਤਾ ਲੱਗਾ ਹੈ ਕਿ ਬੋਰਡ ਦੇ ਹਾਜ਼ਰ ਮੈਂਬਰਾਂ ਨੇ ਚੋਣ ਕਰਕੇ ਅਵਤਾਰ ਸਿੰਘ ਹਿੱਤ ਨੂੰ ਅਗਲੇ ਢਾਈ ਸਾਲ ਲਈ ਬੋਰਡ ਦਾ ਪ੍ਰਧਾਨ ਨਾਮਜ਼ਦ ਕੀਤਾ ਹੈ।

ਤਖ਼ਤ ਸਾਹਿਬ ਦੇ ਮੀਟਿੰਗ ਹਾਲ ਵਿਚ ਹੋਈ ਚੋਣ ਦੌਰਾਨ ਅਵਤਾਰ ਸਿੰਘ ਹਿੱਤ ਨੂੰ ਪ੍ਰਧਾਨ, ਜਗਜੋਤ ਸਿੰਘ ਸੋਹੀ ਨੂੰ ਸੀਨੀਅਰ ਮੀਤ ਪ੍ਰਧਾਨ, ਲਖਬਿੰਦਰ ਸਿੰਘ ਮੀਤ ਪ੍ਰਧਾਨ, ਇੰਦਰਜੀਤ ਸਿੰਘ ਜਰਨਲ ਸਕੱਤਰ ਅਤੇ ਹਰਬੰਸ ਸਿੰਘ ਨੂੰ ਸਕੱਤਰ ਚੁਣਿਆ ਗਿਆ ਹੈ।

## ਮਾਮਲਾ ਦਿੱਲੀ ਗੁਰਦੁਆਰਾ ਕਮੇਟੀ ਦੇ ਧਨ ਦੀ ਦੁਰਵਰਤੋਂ ਦਾ

# ਮਨਜਿੰਦਰ ਸਿੰਘ ਸਿਰਸਾ ਖ਼ਿਲਾਫ਼ ਲੁਕਆਊਟ ਨੋਟਿਸ ਜਾਰੀ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਬ੍ਰਾਂਚ ਨੇ ਪਟਿਆਲਾ ਹਾਊਸ ਕੋਰਟ ’ਚ ਦੱਸਿਆ ਕਿ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਖ਼ਿਲਾਫ਼ ਲੁਕਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਉਨਾਂ ਦੀ ਵਿਦੇਸ਼ ਯਾਤਰਾ ’ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਉਨਾਂ ਦੇ ਖ਼ਿਲਾਫ਼ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਜਨਰਲ ਸਕੱਤਰ ਰਹਿੰਦਿਆਂ ਫੰਡਾਂ ਦੀ ਹੇਰਾਫੇਰੀ ਦਾ ਦੋਸ਼ ਹਨ। ਉਨਾਂ ਖ਼ਿਲਾਫ਼ ਇਹ ਕਾਰਵਾਈ ਅਦਾਲਤ ਵਲੋਂ ਦਿੱਲੀ ਪੁਲਿਸ ਨੂੰ ਦਿੱਤੀ ਇਸ ਹਦਾਇਤ ’ਤੇ ਕੀਤੀ ਗਈ ਹੈ ਕਿ ਉਹ ਯਕੀਨੀ ਬਣਾਏ ਕਿ ਸਿਰਸਾ ਵਿਦੇਸ਼ ਨਾ ਭੱਜਣ। ਜਨਵਰੀ ਮਹੀਨੇ ’ਚ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਬ੍ਰਾਂਚ ’ਚ ਮਨਜਿੰਦਰ ਸਿੰਘ ਸਿਰਸਾ ਸਮੇਤ ਕੁਝ ਹੋਰ ਮੁਲਜ਼ਮਾਂ ਖ਼ਿਲਾਫ਼ ਇਕ ਸ਼ਿਕਾਇਤ ਦਰਜ ਹੋਈ ਸੀ। ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ’ਤੇ ਸ਼ਿਕਾਇਤਕਰਤਾ ਦੇ ਵਕੀਲ ਸੰਜੇ ਅਬੋਟ ਨੇ ਅਦਾਲਤ ਨੂੰ ਕਿਹਾ ਸੀ ਕਿ ਸਿਰਸਾ ਪਹਿਲਾਂ ਹੀ ਆਪਣੀ ਜਾਇਦਾਦ ਵੇਚ ਚੁੱਕੇ ਹਨ ਤੇ ਉਹ ਛੇਤੀ ਹੀ ਵਿਦੇਸ਼ ਚਲੇ ਜਾਣਗੇ।

# ਕੈਪਟਨ ਸਰਕਾਰ ਰੱਦ ਕਰੇਗੀ 806 ਨਾਜਾਇਜ਼ ਬੱਸਾਂ ਦਾ ਪਰਮਿਟ

## ਬਾਦਲਾਂ ਦੀਆਂ 150 ਬੱਸਾਂ ਹੋਣਗੀਆਂ ਪ੍ਰਭਾਵਿਤ



**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਸਰਕਾਰ ਵੱਲੋਂ ਪਰਮਿਟ ਰੱਦ ਕਰਨ ਦੇ ਨੋਟਿਸ ਖਿਲਾਫ ਪ੍ਰਾਈਵੇਟ ਬੱਸ ਅਪ੍ਰੇਟਰਾਂ ਦੇ ਸਮੂਹ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਆਪਣੀ ਪਟੀਸ਼ਨ ਵਾਪਸ ਲੈਣ ਨਾਲ, ਪੰਜਾਬ ਟਰਾਂਸਪੋਰਟ ਵਿਭਾਗ ਨੇ ਗੈਰ-ਕਾਨੂੰਨੀ ਢੰਗ ਨਾਲ ਵਧਾਈ ਗਈ 806 ਬੱਸਾਂ ਦੇ ਪਰਮਿਟ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚੋਂ 400 ਬੱਸਾਂ ਬਾਦਲ ਜਾਂ ਉਨਾਂ ਦੇ ਸਹਿਯੋਗੀਆਂ ਨਾਲ ਸਬੰਧਤ ਹਨ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
*(Ex Homeopathic Medical officer Punjab Govt.)*



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਸਿੱਧੂ ਦੇ ਹੰਕਾਰ ਕਾਰਨ ਪੰਜਾਬ ਵਿਚ ਕਾਂਗਰਸ ਪਛੜ ਸਕਦੀ ਏ

## ✪ ਕੈਪਟਨ ਨੇ ਸਿਆਸੀ ਸੂਝ ਦਿਖਾਈ, ਨਵਜੋਤ ਸਿੱਧੂ ਅਹੁਦੇ ਦੀ ਮਰਿਆਦਾ ਭੁੱਲੇ ✪ ਕਿਸਾਨ ਵੀ ਸਿੱਧੂ ਤੋਂ ਨਾਰਾਜ਼

*ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਇਸ ਸਭ ਦੇ ਮੱਦੇਨਜ਼ਰ ਹੁਣ ਜੇਕਰ ਕਾਂਗਰਸ ਦੀ ਗੱਲ ਕੀਤੀ ਜਾਵੇ ਤਾਂ ਇਸ ਵੇਲੇ ਕਾਂਗਰਸ ਵਿੱਚ ਅੰਦਰ ਖਾਤੇ ਚਾਹੇ ਦੋ ਧੜੇ ਬਣ ਗਏ ਹੋਣ ਪਰ ਲੋਕ ਕਚਹਿਰੀ ਵਿੱਚ ਕਾਂਗਰਸ ਪਾਰਟੀ ਦੀ ਇਕਜੁਟਤਾ ਹੀ ਦਰਸਾਈ ਜਾ ਰਹੀ ਹੈ। ਮਿਸ਼ਨ 2022 ਨੂੰ ਲੈ ਕੇ ਕਾਂਗਰਸ ਹਾਈਕਮਾਂਡ ਵੀ ਇਹ ਚਾਹੁੰਦੀ ਹੈ ਕਿ ਇਸ ਵੇਲੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਸਿੱਧੂ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਮਿਲ ਕੇ ਦੁਬਾਰਾ ਦੂਜੀ ਵਾਰ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਰਪੀਟ ਕਰਵਾਉਣ ਵਿੱਚ ਆਪਣੀਆਂ ਅਹਿਮ ਭੂਮਿਕਾਵਾਂ ਨਿਭਾਉਣ ਪਰ ਇਹ ਸਭ ਅਜੇ 'ਦਿੱਲੀ ਦੂਰ ਹੈ' ਵਾਂਗ ਜਾਪਦਾ ਹੈ, ਕਿਉਂਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਟਿਕਟਾਂ ਦੀ ਵੰਡ ਹੋਣੀ ਹੈ।*

*ਹੋ ਸਕਦਾ ਹੈ ਕਿ ਉਸ ਵੇਲੇ ਦੋਵਾਂ ਸਿੱਧੂਆਂ ਵਿਚ ਆਪਣੇ-ਆਪਣੇ ਚਾਹਵਾਨਾਂ ਨੂੰ ਟਿਕਟ ਦਿਵਾਉਣ ਨੂੰ ਲੈ ਕੇ ਖੜਕ ਪਵੇ ਅਤੇ ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਫਿਰ ਦੋਵੇਂ ਕਾਂਗਰਸ ਪਾਰਟੀ ਨੂੰ ਮੁੜ ਸੱਤਾ ਦੀ ਪੌੜੀ ਨਹੀਂ ਚੜ੍ਹਾ ਪਾਉਣਗੇ ਤੇ ਵਿਰੋਧੀ ਸਿਆਸੀ ਪਾਰਟੀਆਂ ਇਸ ਦਾ ਫ਼ਾਇਦਾ ਸਮੇਂ ਰਹਿੰਦਿਆਂ ਚੁੱਕ ਜਾਣਗੀਆਂ। ਪਹਿਲਾਂ ਹੀ ਕਈ ਮਹੀਨੇ ਕਾਂਗਰਸ ਪਾਰਟੀ ਅੰਦਰ ਚੱਲ ਰਹੇ ਘਮਾਸਾਨ ਨੂੰ ਲੈ ਕੇ ਵਿਅਰਥ ਹੀ ਬੀਤ ਚੁੱਕੇ ਹਨ ਅਤੇ ਹੁਣ ਉੱਪਰੋਂ ਉਕਤ ਦੋਵਾਂ ਨੂੰ ਇਹ ਚਾਹੀਦਾ ਹੈ ਕਿ ਉਹ ਆਪਣੇ ਤਿੱਖੇ ਤੇਵਰਾਂ ਨੂੰ ਨਰਮ ਕਰਦੇ ਹੋਏ ਇਕ ਦੂਜੇ ਨੂੰ ਗਲਵੱਕੜੀ ਵਿੱਚ ਲੈ ਕੇ ਆਪਣਾ ਟਾਰਗੈੱਟ ਮਿਸ਼ਨ-2022 ਨੂੰ ਸਫਲ ਬਣਾਉਣਗੇ ।*

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੱਧੂ ਦੇ ਹੰਕਾਰ ਕਾਰਨ ਸਿੱਧੂ ਦੀ ਮੁੱਖ ਮੰਤਰੀ ਅਮਰਿੰਦਰ ਸਿੰਘ ਦਰਮਿਆਨ ਦਿਲਾਂ ਦੀ ਦੂਰੀ ਹੋਈ ਹੈ । ਤਾਜਪੋਸ਼ੀ ਸਮਾਗਮ ਜਿਥੇ ਕਾਂਗਰਸ ਪਾਰਟੀ ਦੀ ਅੰਦਰਲੀ ਪਾਟੋਧਾੜ ਨੂੰ ਬਾਹਰੋਂ 'ਸਭ ਅੱਛਾ' ਹੋਣ ਦਾ ਸੰਕੇਤ ਦੇ ਗਈ, ਉਥੇ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੱਧੂ 'ਚ ਅੰਦਰਲੀ ਖਿੱਚੋਤਾਣ ਵੀ ਢਕੀ ਨਹੀਂ ਰਹਿ ਸਕੀ। ਭਾਵੇਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਿਆਸੀ ਸੂਝ ਦਿਖਾਉਂਦੇ ਹੋਏ ਹਾਈਕਮਾਨ ਸਾਹਮਣੇ ਆਪਣਾ ਪੱਲਾ ਬੋਚ ਲਿਆ ਹੈ। ਸਮਾਗਮਾਂ ਨੂੰ ਸਮੁੱਚਤਾ 'ਚ ਦੇਖੀਏ ਤਾਂ ਨਵਜੋਤ ਸਿੱਧੂ ਸਮਾਰੋਹਾਂ ਵਿੱਚ ਤਾਂ ਛਾਏ ਰਹੇ ਪ੍ਰੰਤੂ ਸਿਆਸੀ ਪੈਂਤੜੇ ਤੇ ਨਜ਼ਾਕਤ ਦੇ ਮਾਮਲੇ 'ਚ ਮਾਰ ਖਾ ਗਏ। ਜਦੋਂ ਘਟਨਾਵਾਂ ਨੂੰ ਤਰਤੀਬ 'ਚ ਦੇਖਦੇ ਹਾਂ ਤਾਂ ਚਾਹ ਪਾਰਟੀ 'ਤੇ ਜਦੋਂ ਨਵਜੋਤ ਸਿੱਧੂ ਪੁੱਜੇ ਤਾਂ ਉਨਾਂ ਮੁੱਖ ਮੰਤਰੀ ਨੂੰ ਦੂਰੋਂ ਦੁਆ ਸਲਾਮ ਕੀਤੀ। ਜਦੋਂ ਕੈਪਟਨ ਨੇ ਕੋਲ ਆਉਣ ਲਈ ਆਖਿਆ ਤਾਂ ਉਹ ਟਲਦੇ ਨਜ਼ਰ ਆਏ। ਜਦੋਂ ਦੂਸਰੇ ਆਗੂਆਂ ਨੇ ਦਬਾਅ ਪਾਇਆ ਤਾਂ ਉਹ ਕੈਪਟਨ ਦੇ ਕੋਲ ਆ ਕੇ ਬੈਠ ਗਏ। ਮਤਲਬ ਕਿ ਸਿੱਧੂ ਇਸ ਮੌਕੇ ਸਿਆਸੀ ਵਡੱਪਣ ਨਹੀਂ ਦਿਖਾ ਸਕੇ। ਪੰਜਾਬ ਭਵਨ 'ਚ ਚਾਹ ਪਾਰਟੀ ਦੇ ਚੱਲਦਿਆਂ ਹੀ ਨਵਜੋਤ ਸਿੱਧੂ ਇਕੱਲੇ ਹੀ ਕਾਂਗਰਸ ਭਵਨ ਵੱਲ ਰਵਾਨਾ ਹੋ ਗਏ। ਜਦੋਂ ਸੀਨੀਅਰ ਲੀਡਰਸ਼ਿਪ ਨੂੰ ਪਤਾ ਲੱਗਾ ਤਾਂ ਉਨਾਂ ਨੇ ਸਿੱਧੂ ਵਾਪਸ ਪੰਜਾਬ ਭਵਨ ਬੁਲਾਇਆ। ਸਿਆਸੀ ਹਲਕੇ ਆਖਦੇ ਹਨ ਕਿ ਨਵਜੋਤ ਸਿੱਧੂ ਅਮਰਿੰਦਰ ਦੇ ਕੋਲ ਬੈਠਣ ਨੂੰ ਤਿਆਰ ਨਹੀਂ ਸੀ ਜਿਸ ਚੋਂ ਪ੍ਰਧਾਨਗੀ ਦੀ ਹੈਂਕੜ ਦਾ ਮੁਢਲਾ ਪਰਛਾਵਾਂ ਦਿੱਖਿਆ।

ਕੈਪਟਨ ਸਰਕਾਰ ਜਿਨਾਂ ਵਾਅਦਿਆਂ ਨੂੰ ਪੂਰਾ ਨਹੀਂ ਕਰ ਸਕੀ, ਸਿੱਧੂ ਉਸ ਬਾਰੇ ਬੋਲ ਕੇ ਕੈਪਟਨ ਨੂੰ ਨਹੀਂ ਸਗੋਂ ਪੂਰੀ ਕਾਂਗਰਸ ਨੂੰ ਕਟਹਿਰੇ ਵਿਚ ਖੜਾ ਕਰ ਰਹੇ ਹਨ, ਜਿਸ ਦਾ ਇਕੱਲੇ ਕੈਪਟਨ ਨੂੰ ਹੀ ਨਹੀਂ ਬਲਕਿ ਪਾਰਟੀ ਨੂੰ ਵੀ ਨੁਕਸਾਨ ਭੁਗਤਣਾ ਪੈ ਸਕਦਾ ਹੈ । ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਸਿੱਧੂ ਇਕ ਵਾਰ ਫਿਰ ਬੇਅਦਬੀ, ਡਰੱਗ ਮਾਫ਼ੀਆ, ਮਾਈਨਿੰਗ ਮਾਫ਼ੀਆ,



ਟਰਾਂਸਪੋਰਟ ਮਾਫ਼ੀਆ ਵਰਗੇ ਮੁੱਦਿਆਂ ਨੂੰ ਲੈ ਕੇ ਕੈਪਟਨ ਤੋਂ ਸਵਾਲ ਕਰਨਗੇ ਤੇ ਜੇਕਰ ਇਹ ਸਵਾਲ ਸਿੱਧੂ ਤੇ ਕੈਪਟਨ ਦੇ ਵਿਚ ਕਿਸੇ ਅੰਦਰੂਨੀ ਬੈਠਕ ਵਿਚ ਚੁੱਕੇ ਜਾਂਦੇ ਹਨ ਤਾਂ ਦੋਵਾਂ ਨੇਤਾਵਾਂ ਦੇ ਵਿਚ ਇਹ ਮੁੱਦੇ ਸਲਾਹ-ਮਸ਼ਵਰੇ ਦਾ ਹਿੱਸਾ ਬਣ ਜਾਣਗੇ, ਪਰ ਜੇਕਰ ਸਿੱਧੂ ਨੇ ਪਹਿਲਾਂ ਵਾਂਗ ਇਹ ਮੁੱਦੇ ਜਨਤਕ ਤੌਰ 'ਤੇ ਚੁੱਕੇ ਤਾਂ ਪੰਜਾਬ ਕਾਂਗਰਸ ਸਮੇਤ ਹਾਈਕਮਾਨ ਲਈ ਮੁੜ ਪਹਿਲਾਂ ਵਾਲੀ ਸਥਿਤੀ ਬਣ ਜਾਣਾ ਸੁਭਾਵਿਕ ਹੋਵੇਗੀ ।

ਅਮਰਿੰਦਰ ਸਿੰਘ ਨੇ ਆਪਣੇ ਭਾਸ਼ਨ 'ਚ ਵਾਰ ਵਾਰ ਨਵਜੋਤ ਸਿੱਧੂ ਅਤੇ ਉਸ ਦੇ ਪਰਿਵਾਰ ਦੀ ਪ੍ਰਸ਼ੰਸਾ ਕੀਤੀ ਜਦੋਂ ਕਿ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਦਾ ਇੱਕ ਵਾਰ ਵੀ ਨਾਮ ਨਹੀਂ ਲਿਆ। ਇੱਥੋਂ ਤੱਕ ਕਿ ਭਾਸ਼ਨ ਦੌਰਾਨ ਸਿੱਧੂ ਨੇ ਸੁੱਖੀ ਰੰਧਾਵਾ, ਸੁਖ ਸਰਕਾਰੀਆ, ਸੁਨੀਲ ਜਾਖੜ ਆਦਿ ਦਾ ਨਾਮ ਤਾਂ ਲਿਆ ਪ੍ਰੰਤੂ ਅਮਰਿੰਦਰ ਸਿੰਘ ਦਾ ਨਾਮ ਜ਼ੁਬਾਨ 'ਤੇ ਨਹੀਂ ਲਿਆਂਦਾ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਿੱਧੂ ਦਾ ਭਾਸ਼ਨ ਇਸ ਮੌਕੇ ਨਵੀਂ ਪ੍ਰਧਾਨਗੀ ਦੇ ਕੱਦ ਮੇਚ ਦਾ ਨਹੀਂ ਜਾਪਿਆ। ਮੁੱਖ ਮੰਤਰੀ ਦੇ ਨਜ਼ਦੀਕੀ ਸੂਤਰਾਂ ਦਾ ਮੰਨਣਾ ਹੈ ਕਿ ਬਦਲੇ ਹੋਏ ਹਾਲਾਤ ਵਿਚ ਕੈਪਟਨ ਅਮਰਿੰਦਰ ਸਿੰਘ ਪਾਰਟੀ ਅੰਦਰ ਰਹਿ ਕੇ ਜਿੱਥੇ ਚੁਣੇ ਹੋਏ ਵਿਧਾਇਕਾਂ ਨਾਲ ਨੇੜਤਾ ਵਧਾਉਣਗੇ, ਉਥੇ ਹੀ ਦੂਜੇ ਪਾਸੇ ਉਹ ਕਾਂਗਰਸੀ ਆਗੂਆਂ ਨੂੰ ਵੀ ਆਪਣੇ ਨੇੜੇ ਲਿਆਉਣਗੇ।

**ਸਿੱਧੂ ਦੇ ਰਵੱਈਏ ਤੋਂ ਕੈਪਟਨ 'ਖ਼ਫ਼ਾ'**

ਕਾਂਗਰਸ ਭਵਨ ਵਿਚ ਤਾਜਪੋਸ਼ੀ ਸਮਾਗਮ ਮੌਕੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਰਵੱਈਏ ਤੋਂ ਜਿਥੇ ਕੈਪਟਨ ਖ਼ਫ਼ਾ ਦੱਸੇ ਜਾ ਰਹੇ ਹਨ ਉਥੇ ਸਿੱਧੂ ਦੇ ਤੇਵਰ ਕੈਪਟਨ ਲਈ ਘੱਟ ਤੇ ਕਾਂਗਰਸ ਲਈ ਭਾਰੀ ਸਾਬਿਤ ਹੋ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਜੋ ਹਾਲਾਤ ਬੀਤੇ ਦਿਨੀਂ ਤਾਜਪੋਸ਼ੀ ਸਮਾਗਮ ਦੌਰਾਨ ਪੈਦਾ ਹੋਏ ਹਨ, ਉਸ ਦੇ ਚੱਲਦਿਆਂ ਸਿੱਧੂ ਤੇ ਕੈਪਟਨ ਵਿਚਾਲੇ ਤਾਲਮੇਲ ਬਣਨਾ ਹੋਰ ਮੁਸ਼ਕਿਲ ਹੋ ਗਿਆ ਹੈ ਤੇ ਦੋਵਾਂ ਆਗੂਆਂ ਵਿਚਾਲੇ ਤਾਲਮੇਲ ਦੀ ਕਮੀ ਕਾਂਗਰਸ ਲਈ ਨੁਕਸਾਨਦੇਹ ਸਾਬਿਤ ਹੋ ਸਕਦੀ ਹੈ । ਕਾਂਗਰਸ ਵਿਧਾਇਕ ਰਾਜਕੁਮਾਰ ਵੇਰਕਾ ਨੇ ਸਿੱਧੂ ਖ਼ਿਲਾਫ਼ ਮੋਰਚਾ ਖੋਲਦੇ ਹੋਏ ਕੈਪਟਨ ਪ੍ਰਤੀ ਸਿੱਧੂ ਦੇ ਰਵੱਈਏ ਦੀ ਨਿਖੇਧੀ ਕੀਤੀ ਹੈ। ਵੇਰਕਾ ਨੇ ਸਿੱਧੂ ਦੇ ਰਵੱਈਏ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਕੈਪਟਨ ਦੇ ਕਾਰਨ ਹੀ ਕਾਂਗਰਸ ਦੀ ਸਰਕਾਰ ਹੈ ਤੇ ਸਾਰਿਆਂ ਨੂੰ ਕੈਪਟਨ ਦਾ ਸਨਮਾਨ ਕਰਨਾ ਚਾਹੀਦਾ ਹੈ ।

### ਸਿੱਧੂ ਹੰਕਾਰੀ : ਕਿਸਾਨ ਆਗੂ

**ਬਠਿੰਡਾ/ਏ.ਟੀ.ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਬਣਦਿਆਂ ਹੀ ਨਵਜੋਤ ਸਿੰਘ ਸਿੱਧੂ ਵਿਵਾਦ ਵਿਚ ਫਸ ਗਏ ਹਨ। ਚੰਡੀਗੜ ਵਿਚ ਕਾਰਜਭਾਰ ਸੰਭਾਲਣ ਮੌਕੇ ਉਨਾਂ ਵੱਲੋਂ ਦਿੱਤੇ ਗਏ ਬਿਆਨ ਜਥੇਬੰਦੀਆਂ ਨੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ ਤੇ ਉਨਾਂ ਨੂੰ ਹੰਕਾਰੀ ਦੱਸਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਸਿੱਧੂ ਦਾ ਹੰਕਾਰ ਸਿਰ ਚੜ ਕੇ ਬੋਲ ਰਿਹਾ ਸੀ। ਉਹ ਸ਼ਹਾਦਤ ਦੇਣ ਵਾਲੇ ਕਿਸਾਨਾਂ ਨੂੰ ਪਿਆਸਾ ਦੱਸ ਰਹੇ ਹਨ। ਕਾਰਪੋਰੇਟ ਘਰਾਣਿਆਂ ਦੇ ਅੱਗੇ ਛਾਤੀ ਤਾਣ ਕੇ ਖੜੇ ਕਿਸਾਨਾਂ ਨੂੰ ਪਿਆਸਾ ਕਹਿ ਰਹੇ ਹਨ। ਸਿੱਧੂ ਕਿਸੇ ਸੰਵਿਧਾਨਕ ਅਹੁਦੇ 'ਤੇ ਨਹੀਂ ਹਨ। ਸਿਰਫ਼ ਪ੍ਰਧਾਨ ਬਣੇ ਹਨ ਤੇ ਪਾਰਟੀ ਪ੍ਰਧਾਨ ਕੁਝ ਨਹੀਂ ਕਰ ਸਕਦਾ।

---

# ਸੁਖਾਵੇਂ ਮਾਹੌਲ ਵਿੱਚ ਸਿੱਧੂ ਤੇ ਕੈਪਟਨ ਦੀ ਮੁਲਾਕਾਤ

## ✪ ਸਿੱਧੂ ਨੇ ਪੰਜਾਬ ਲਈ ਕੈਪਟਨ ਅੱਗੇ ਰੱਖੇ ਪੰਜ ਨੁਕਤੇ ✪ ਕਾਂਗਰਸ ਪ੍ਰਧਾਨ ਨੇ ਬੇਅਦਬੀ, ਨਸ਼ਾ ਤਸਕਰੀ, ਖੇਤੀ ਕਾਨੂੰਨਾਂ ਤੇ ਮੁਲਾਜ਼ਮਾਂ ਦੇ ਮੁੱਦੇ ਉਭਾਰੇ ✪ ਮੁੱਖ ਮੰਤਰੀ ਵੱਲੋਂ ਜਲਦੀ ਹੱਲ ਦਾ ਭਰੋਸਾ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਰਮਿਆਨ ਸੁਖਾਵੇਂ ਮਾਹੌਲ 'ਚ ਹੋਈ ਪਲੇਠੀ ਮੀਟਿੰਗ ਨੇ ਅੰਦਰੂਨੀ ਖਿੱਚੋਤਾਣ ਨੂੰ ਨਰਮ ਪਾ ਦਿੱਤਾ ਹੈ। ਤਾਜਪੋਸ਼ੀ ਸਮਾਰੋਹਾਂ ਮਗਰੋਂ ਬਤੌਰ ਪ੍ਰਧਾਨ ਨਵਜੋਤ ਸਿੱਧੂ ਨੇ ਪਹਿਲੀ ਕੜੀ ਵਜੋਂ ਪੰਜਾਬ ਦੇ ਪੰਜ ਭਖ਼ਦੇ ਮੁੱਦਿਆਂ ਨੂੰ ਮੁੱਖ ਮੰਤਰੀ ਅੱਗੇ ਰੱਖਿਆ ਹੈ ਜਿਨਾਂ ਦੇ ਜਲਦੀ ਹੱਲ ਹੋਣ ਦਾ ਅਮਰਿੰਦਰ ਸਿੰਘ ਨੇ ਭਰੋਸਾ ਦਿੱਤਾ ਹੈ। ਕਾਂਗਰਸ ਦੀ ਨਵੀਂ ਸੂਬਾਈ ਟੀਮ ਵੱਲੋਂ ਪੰਜ ਨੁਕਤੇ ਮੁੱਖ ਮੰਤਰੀ ਅੱਗੇ ਰੱਖੇ ਗਏ। ਇਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਜਲਦ ਸਜ਼ਾ ਦਿਵਾਉਣਾ ਵੀ ਸ਼ਾਮਲ ਸੀ। ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਵਿਚ ਦਰਜ ਨਸ਼ਾ ਤਸਕਰੀ ਪਿਛਲੀਆਂ ਵੱਡੀਆਂ ਹਸਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਮਿਸਾਲੀ ਸਜ਼ਾ ਦਿੱਤੇ ਜਾਣ ਦਾ ਨੁਕਤਾ ਵੀ ਰੱਖਿਆ ਗਿਆ। ਇਸੇ ਤਰਾਂ ਇਕ ਨੁਕਤਾ ਸਤਲੁਜ-ਯਮੁਨਾ ਲਿੰਕ ਨਹਿਰ ਵਾਲੇ ਸਮਝੌਤੇ ਨੂੰ ਰੱਦ ਕੀਤੇ ਜਾਣ ਵਾਂਗ ਕੇਂਦਰ ਦੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਿਧਾਨ ਸਭਾ ਵਿਚ ਰੱਦ ਕੀਤੇ ਜਾਣ ਬਾਰੇ ਵੀ ਹੈ ਜਿਸ ਵਾਸਤੇ ਵਿਧਾਇਕ ਤਿਆਰ ਹਨ। ਨੁਕਸਦਾਰ ਬਿਜਲੀ ਖ਼ਰੀਦ ਸਮਝੌਤੇ ਰੱਦ ਕਰਨਾ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਰੋਸ ਮੁਜ਼ਾਹਰੇ ਕਰ ਰਹੀਆਂ ਅਧਿਆਪਕਾਂ, ਡਾਕਟਰਾਂ, ਨਰਸਾਂ, ਲਾਇਨਮੈਨਾਂ, ਸਫਾਈ ਕਰਮਚਾਰੀਆਂ ਦੀਆਂ ਜਥੇਬੰਦੀਆਂ ਨੂੰ ਫੌਰੀ ਸੁਣਨ ਵੱਲ ਵੀ ਧਿਆਨ ਦਿਵਾਇਆ ਗਿਆ ਹੈ।



ਸਰਕਾਰ ਵੱਲੋਂ ਗੱਲਬਾਤ ਦਾ ਦਰ ਖੋਲਣ ਦੀ ਗੱਲ ਕੀਤੀ ਗਈ ਹੈ।

ਇੱਥੇ ਪੰਜਾਬ ਸਿਵਲ ਸਕੱਤਰੇਤ 'ਚ ਹੋਈ ਮੀਟਿੰਗ 'ਚ ਮੁੱਖ ਮੰਤਰੀ ਤੇ ਕਾਂਗਰਸ ਪ੍ਰਧਾਨ ਸਿੱਧੂ ਵੱਲੋਂ ਇੱਕ-ਦੂਸਰੇ ਪ੍ਰਤੀ ਗਰਮਜੋਸ਼ੀ ਦਿਖਾਈ ਗਈ ਜਿਸ ਤੋਂ ਮੁੱਦਿਆਂ ਦੇ ਹੱਲ ਹੋਣ ਦੇ ਆਸਾਰ ਬਣਨ ਲੱਗੇ ਹਨ। ਵੇਰਵਿਆਂ ਅਨੁਸਾਰ ਮੀਟਿੰਗ 'ਚ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ, ਸੰਗਤ ਸਿੰਘ ਗਿਲਜ਼ੀਆਂ, ਸੁਖਵਿੰਦਰ ਡੈਨੀ ਅਤੇ ਪਵਨ ਗੋਇਲ ਤੋਂ ਇਲਾਵਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਵੀ ਮੌਜੂਦ ਸਨ।

ਅੰਮ੍ਰਿਤਸਰ ਟਾਈਮਜ਼ ਅਨੁਸਾਰ ਤਾਜਪੋਸ਼ੀ ਸਮਾਰੋਹਾਂ ਮਗਰੋਂ ਚਰਚੇ ਛਿੜੇ ਸਨ ਕਿ ਅਮਰਿੰਦਰ ਤੇ ਨਵਜੋਤ ਸਿੱਧੂ ਦਰਮਿਆਨ ਸਿਆਸੀ ਕੁੜੱਤਣ ਬਣੀ ਰਹੇਗੀ। ਪਰ ਨਵਜੋਤ ਸਿੱਧੂ ਵੱਲੋਂ ਮੁੱਖ ਮੰਤਰੀ ਨਾਲ ਮੀਟਿੰਗ ਕਰਕੇ ਪੰਜਾਬ ਦੇ ਮੁੱਦਿਆਂ ਪ੍ਰਤੀ ਆਪਣੀ ਸੁਹਿਰਦਤਾ ਦਾ ਪ੍ਰਗਟਾਵਾ ਕੀਤਾ ਗਿਆ। ਨਵਜੋਤ ਸਿੱਧੂ ਨੇ ਆਪਣੇ ਰੁਖ਼ ਵਿਚ ਨਰਮੀ ਲਿਆਂਦੀ ਹੋਈ ਸੀ ਪਰ ਉਨਾਂ ਨੇ ਮੁੱਖ ਮੰਤਰੀ ਅੱਗੇ ਉਹ ਮੁੱਦੇ ਰੱਖੇ ਹਨ ਜਿਨਾਂ ਬਾਰੇ ਸਰਕਾਰੀ ਚਾਲ ਮੱਠੀ ਸੀ। ਸਿਧੂ ਨੂੰ ਕੈਪਟਨ ਦੀ ਬੇਲੋੜੀ ਆਲੋਚਨਾ ਦੀ ਥਾਂ ਪੰਜਾਬ ਮੁਦਿਆਂ ਉਪਰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।ਦੂਸਰੇ ਪਾਸੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਹਾਂ-ਪੱਖੀ ਹੁੰਗਾਰਾ ਭਰ ਕੇ ਨਿੱਘਾ ਮਾਹੌਲ ਸਿਰਜਿਆ। ਬੇਸ਼ੱਕ ਅੱਜ ਦੋਵਾਂ ਆਗੂਆਂ ਨੇ ਪੰਜਾਬ ਦੇ ਭਲੇ ਲਈ ਆਪਸੀ ਤਾਲਮੇਲ ਬਣਾ ਕੇ ਚੱਲਣ ਦੀ ਪਹਿਲਕਦਮੀ ਕੀਤੀ ਹੈ ਪਰ ਸਿਆਸੀ ਹਲਕੇ ਆਖ ਰਹੇ ਹਨ ਕਿ ਬਹੁਤਾ ਸਿਆਸੀ ਪੈਂਡਾ ਇਹ ਆਗੂ ਇਕੱਠੇ ਚੱਲ ਨਹੀਂ ਸਕਣਗੇ। ਨਵੀਂ ਸੂਬਾਈ ਟੀਮ ਨੇ ਮੁੱਖ ਮੰਤਰੀ ਨੂੰ ਪੰਜ ਨੁਕਾਤੀ ਏਜੰਡਾ ਸੌਂਪਿਆ ਜੋ ਕਾਂਗਰਸ ਹਾਈ ਕਮਾਨ ਦੇ 18 ਨੁਕਾਤੀ ਏਜੰਡੇ ਦਾ ਹਿੱਸਾ ਹੈ। ਨਵਜੋਤ ਸਿੱਧੂ ਪੰਜਾਬ ਦੇ ਲੋਕਾਂ 'ਚ ਜਾਣ ਤੋਂ ਪਹਿਲਾਂ ਕੁੱਝ ਮੁੱਦਿਆਂ ਦਾ ਨਿਪਟਾਰਾ ਕਰਾਉਣ ਦੇ ਇੱਛੁਕ ਹਨ ਜਿਨਾਂ ਬਾਰੇ ਉਹ ਪਹਿਲਾਂ ਟਵੀਟ ਵੀ ਕਰਦੇ ਰਹੇ ਹਨ।

# ਕਿਸਾਨਾਂ ਨੇ ਕਿਸਾਨ ਸੰਸਦ ਰਾਹੀਂ ਮੋਦੀ ਸਰਕਾਰ ਨੂੰ ਕੀਤਾ ਚੈਲਿੰਜ

## ✪ ਕਿਸਾਨ ਸੰਸਦ ਵਿੱਚ 'ਖੇਤੀ ਮੰਤਰੀ' ਨੂੰ ਅਸਤੀਫ਼ਾ ਦੇਣਾ ਪਿਆ ✪ ਮੰਡੀਆਂ ਭੰਗ ਕਰਨ ਵਾਲੇ 'ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ ਕਾਨੂੰਨ' ਬਾਰੇ ਨਾ ਦੇ ਸਕੇ ਤਸੱਲੀਬਖਸ਼ ਜਵਾਬ ✪ ਕਿਸਾਨ ਬੀਬੀਆਂ ਨੇ ਸੰਭਾਲੀ ਕਿਸਾਨ ਸੰਸਦ ਦੀ ਕਮਾਨ ✪ ਕੇਂਦਰੀ ਮੰਤਰੀ ਤੋਮਰ ਭੜਕੇ, ਅਖੇ ਕਿਸਾਨ ਸੰਸਦ' ਬੇਤੁਕੀ, ਅੰਦੋਲਨ ਨਹੀਂ ✪ ਟਿਕੈਤ ਨੇ ਕਿਹਾ ਕਿ ਉਹ ਚੋਣ ਲੜਨ ਦੀ ਯੋਜਨਾ ਨਹੀਂ ਬਣਾ ਰਹੇ ਕਿਉਂਕਿ ਮੋਰਚੇ ਦਾ ਇਕਮਾਤਰ ਉਦੇਸ਼ ਬੀਜੇਪੀ ਨੂੰ ਸੱਤਾ ਤੋਂ ਹਟਾਉਣਾ

**ਨਵੀਂ ਦਿੱਲੀ /ਏ.ਟੀ.ਨਿਊਜ਼ :** ਕਿਸਾਨ ਮੋਰਚੇ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਚਲਾਈ ਜਾ ਰਹੀ 'ਕਿਸਾਨ ਸੰਸਦ' ਨੇ ਮੋਦੀ ਸਰਕਾਰ ਲਈ ਵਡਾ ਚੈਲਿੰਜ ਖੜਾ ਕਰ ਦਿਤਾ ਹੈ। ਕਿਸਾਨ ਔਰਤਾਂ ਨੇ ਵੀ ਇਸ ਸੰਸਦ ਦਾ ਹਿੱਸਾ ਬਣਦਿਆਂ ਆਪਣੀ ਸੰਸਦ ਬੁਲਾਈ। ਇਹ ਭਾਰਤੀ ਰਾਜਨੀਤੀ ਲਈ ਦਿਲ ਖਿਚਵਾਂ ਕੇਂਦਰ ਬਣੀ ਰਹੀ ਕਿ ਕਿਸਾਨ ਔਰਤਾਂ ਕਿਸੇ ਪੱਖੋਂ ਘੱਟ ਨਹੀਂ ਹਨ। ਦੂਜੇ ਦਿਨ ਕਿਸਾਨਾਂ ਦੇ 200 ਨੁਮਾਇੰਦਿਆਂ ਵੱਲੋਂ ਇਸ ਸੰਸਦ ਦੇ ਥਾਪੇ ਗਏ ਖੇਤੀ ਮੰਤਰੀ ਰਵਨੀਤ ਸਿੰਘ ਬਰਾੜ ਨੂੰ ਅਸਤੀਫ਼ਾ ਦੇਣਾ ਪਿਆ ਕਿਉਂਕਿ ਉਹ ਪ੍ਰਾਈਵੇਟ ਮੰਡੀਆਂ ਅਤੇ 'ਏਪੀਐਮਸੀ ਮੰਡੀਆਂ' ਭੰਗ ਕਰਨ ਵਾਲੇ 'ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ ਕਾਨੂੰਨ' ਤਹਿਤ ਤਸੱਲੀਬਖਸ਼ ਜਵਾਬ ਨਾ ਦੇ ਸਕੇ।

ਕਿਸਾਨ-ਸੰਸਦ ਦੀ ਇਸ ਸੰਕੇਤਕ ਕਾਰਵਾਈ ਰਾਹੀਂ ਕੇਂਦਰ ਸਰਕਾਰ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਸਾਨਾਂ ਦੀ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਮੰਨੀ ਜਾਵੇ। ਕਿਸਾਨ ਸੰਸਦ ਨੇ 'ਪੀਪਲਜ਼ ਵਿਪ' ਦੀ ਉਲੰਘਣਾ ਕਰਕੇ ਸੰਸਦ ਵਿੱਚੋਂ ਗ਼ੈਰਹਾਜ਼ਰ ਰਹਿ ਕੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਤਾਜਪੋਸ਼ੀ ਸਮਾਗਮ ਵਿੱਚ ਜਾਣ ਖ਼ਿਲਾਫ਼ 'ਨਿਖੇਧੀ ਮਤਾ' ਵੀ ਪਾਸ ਕੀਤਾ ਗਿਆ।

ਕਿਸਾਨ ਸੰਸਦ ਦੀ ਕਾਰਵਾਈ ਵਿੱਚ ਇੱਕ ਪ੍ਰਸ਼ਨ ਕਾਲ ਸ਼ਾਮਲ ਸੀ ਅਤੇ ਬਹਿਸ ਏਪੀਐੱਮਸੀ ਬਾਈਪਾਸ ਐਕਟ ਦੇ ਦੁਆਲੇ ਜਾਰੀ ਬਹਿਸ 'ਤੇ ਕੇਂਦਰਿਤ ਸੀ। ਬਰਾੜ ਨੂੰ ਖੇਤੀ ਮੰਤਰੀ ਬਣਾ ਕੇ ਸਵਾਲ ਪੁੱਛੇ ਗਏ ਕਿ ਅਮਰੀਕਾ ਦਾ ਫੇਲ ਮਾਡਲ, ਜਿਸ ਨੇ ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਖਤਮ ਕਰ ਦਿੱਤਾ, ਨੂੰ ਤੁਸੀਂ ਭਾਰਤ ਵਿੱਚ ਕਿਉਂ ਲਾਗੂ ਕਰਨਾ ਚਾਹੁੰਦੇ ਹੋ? ਕਿਸਾਨਾਂ ਦੀ ਆਮਦਨ ਦੁੱਗਣੀ ਕਿਉਂ ਨਹੀਂ ਕਰ ਸਕੇ? ਘੱਟੋ ਘੱਟ ਸਮਰਥਨ ਮੁੱਲ 'ਤੇ ਖ਼ਰੀਦ ਦੀ ਗਾਰੰਟੀ ਸਿਰਫ 6 ਫ਼ੀਸਦੀ ਕਿਸਾਨਾਂ ਨੂੰ ਹੈ। ਇਸ ਨੂੰ ਸਮੁੱਚੀ ਕਿਸਾਨੀ ਨੂੰ ਦੇਣ ਦੀ ਬਜਾਏ ਸਮੁੱਚੀ ਕਿਸਾਨੀ ਤੋਂ ਖੋਹਣਾ ਕਿਉਂ ਚਾਹੁੰਦੇ ਹੋ? ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਅਸਮਰੱਥ ਖੇਤੀ ਮੰਤਰੀ ਨੇ ਨੈਤਿਕ ਤੌਰ 'ਤੇ ਅਸਤੀਫ਼ਾ ਦੇ ਕੇ ਕਿਸਾਨ ਸੰਘਰਸ਼ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ, ਜਿਸ ਦਾ ਕਿਸਾਨ ਸੰਸਦ ਵਿੱਚ ਐਲਾਨ ਕੀਤਾ ਗਿਆ। ਸੰਸਦ ਨੇ ਏਪੀਐੱਮਸੀ ਬਾਈਪਾਸ ਐਕਟ 'ਤੇ ਦੋ ਦਿਨਾਂ ਲਈ ਬਹਿਸ ਦੇ ਅੰਤ 'ਤੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ। ਮਤੇ ਵਿੱਚ ਕੇਂਦਰੀ ਕਾਨੂੰਨ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ ਅਤੇ ਸੂਬਾ ਸਰਕਾਰਾਂ ਨੂੰ ਅਜਿਹੇ ਸੁਧਾਰ ਲਿਆਉਣ ਲਈ ਕਿਹਾ ਗਿਆ, ਜੋ ਕਿਸਾਨੀ ਹਿੱਤਾਂ ਦੀ ਰਾਖੀ ਕਰ ਸਕਣ।

**ਕਿਸਾਨ ਸੰਸਦ ਵੱਲੋਂ ਪਾਸ ਛੇ ਸੰਕਲਪ**

ਏਪੀਐੱਮਸੀ ਬਾਈਪਾਸ ਐਕਟ ਦੀਆਂ ਵਿਵਸਥਾਵਾਂ ਮੌਜੂਦਾ ਪ੍ਰਬੰਧਾਂ ਤੇ ਕਿਸਾਨੀ ਹਿੱਤਾਂ ਦੀਆਂ ਕੀਮਤਾਂ ਉੱਪਰ ਕੰਪਨੀਆਂ ਤੇ ਵਪਾਰੀਆਂ ਦੇ ਪੱਖ ਵਿੱਚ ਤਿਆਰ ਕੀਤੀਆਂ ਗਈਆਂ ਹਨ, ਜੋ ਮੌਜੂਦਾ ਨਿਯਮਾਂ ਤੇ ਨਿਗਰਾਨੀ ਤੰਤਰ ਨੂੰ ਖਤਮ ਕਰਕੇ ਕਾਰਪੋਰੇਟ ਦੇ ਦਬਦਬੇ ਨੂੰ ਵਧਾਉਣਗੀਆਂ। ਜੂਨ 2020 ਤੋਂ ਜਨਵਰੀ 2021 ਤੱਕ ਏਪੀਐੱਮਸੀ ਬਾਈਪਾਸ ਦੇ ਮਾੜੇ ਤਜਰਬੇ ਨੂੰ ਧਿਆਨ ਵਿੱਚ ਰੱਖਦਿਆਂ ਗ਼ੈਰ-ਰਜਿਸਟਰਡ ਵਪਾਰੀਆਂ ਵੱਲੋਂ ਭੁਗਤਾਨ ਕਰਨ 'ਤੇ ਧੋਖਾ ਕਰਕੇ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਸਰਕਾਰੀ ਮੰਡੀਆਂ ਦਾ ਵੀ ਨੁਕਸਾਨ ਹੋਇਆ। ਇਸ ਸਿੱਟੇ 'ਤੇ ਪਹੁੰਚਣ 'ਤੇ ਕਿ ਏਪੀਐੱਮਸੀ ਬਾਈਪਾਸ ਐਕਟ ਕਾਰਨ, ਜ਼ਿਆਦਾਤਰ ਮੰਡੀਆਂ ਹੌਲੀ ਹੌਲੀ ਗਾਇਬ ਹੋ ਜਾਣਗੀਆਂ, ਕਿਉਂਕਿ ਕਾਰਪੋਰੇਟ ਤੇ ਵਪਾਰੀ ਐਕਟ ਰਾਹੀਂ ਬਣਾਏ ਗਏ ਨਿਯਮਤ 'ਵਪਾਰਕ ਖੇਤਰਾਂ' ਵੱਲ ਵਧ ਰਹੇ ਹਨ।

ਇਹ ਸੁਣਦਿਆਂ ਕਿ ਕਿਸਾਨਾਂ ਨੂੰ ਵਧੇਰੇ ਮੰਡੀਆਂ ਦੀ ਜ਼ਰੂਰਤ ਹੈ, ਮੰਡੀਆਂ ਵਿੱਚ ਘਾਟ ਨਹੀਂ ਤੇ ਸਰਕਾਰ ਨੂੰ ਸਰਕਾਰੀ ਵਪਾਰ ਤੇ ਭੰਡਾਰਨ ਦੀਆਂ ਸਹੂਲਤਾਂ ਦੇ ਵਿਕਾਸ ਵਿੱਚ ਨਿਵੇਸ਼ ਕਰਨ ਦੀ ਜ਼ਰੂਰਤ ਹੈ ਤੇ ਕਿਸਾਨਾਂ ਨੂੰ ਕਾਰਪੋਰੇਟਾਂ ਦੇ ਚੁੰਗਲ ਵਿੱਚ ਨਹੀਂ ਛੱਡਣਾ ਚਾਹੀਦਾ।

ਜੁਲਾਈ 2019 ਵਿਚ ਕੇਂਦਰ ਅਨੁਸਾਰ, ਬਹੁਤੀਆਂ ਰਾਜ ਸਰਕਾਰਾਂ ਨੇ ਏਪੀਐੱਮਸੀ ਮਾਰਕੀਟ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਣ ਲਈ ਕਦਮ ਚੁੱਕੇ ਹਨ। ਏਪੀਐੱਮਸੀ ਬਾਈਪਾਸ ਐਕਟ ਦੁਆਰਾ ਕੇਂਦਰ ਨੇ ਰਾਜ ਸਰਕਾਰ ਦੀਆਂ ਸ਼ਕਤੀਆਂ ਨੂੰ ਖੋਹ ਲਿਆ ਹੈ, ਜਿਸ ਨਾਲ ਸੰਵਿਧਾਨ ਤੇ ਸੰਘੀ ਢਾਂਚੇ ਦੇ ਲੋਕਤੰਤਰੀ ਕਾਰਜਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਔਰਤਾਂ ਖੇਤੀ ਵੀ ਕਰ ਸਕਦੀਆਂ ਹਨ ਅਤੇ ਦੇਸ਼ ਵੀ ਚਲਾ ਸਕਦੀਆਂ ਹਨ।'

**ਬੀਬੀਆਂ ਨੇ ਵੀ ਚਲਾਈ ਸੰਸਦ**

ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਅੰਦੋਲਨ ਦੌਰਾਨ ਕਿਸਾਨ ਬੀਬੀਆਂ ਵੱਲੋਂ ਜੰਤਰ ਮੰਤਰ ਵਿਖੇ ਕਿਸਾਨ ਸੰਸਦ ਦੀ ਕਾਰਵਾਈ ਚਲਾਈ ਗਈ। ਕਿਸਾਨ ਸੰਸਦ 'ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ 200 ਔਰਤਾਂ ਸ਼ਾਮਲ ਹੋਈਆਂ। ਕਿਸਾਨਾਂ ਨੇ ਨਾਅਰੇਬਾਜ਼ੀ ਕਰਦਿਆਂ ਕੇਂਦਰ ਸਰਕਾਰ ਵੱਲੋਂ ਪਿਛਲੇ ਵਰ੍ਹੇ ਬਣਾਏ ਗਏ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। 'ਕਿਸਾਨ ਸੰਸਦ' ਜ਼ਰੂਰੀ ਵਸਤਾਂ (ਸੋਧ) ਕਾਨੂੰਨ 'ਤੇ ਕੇਂਦਰਤ ਕੀਤੀ ਗਈ। ਕਿਸਾਨਾਂ ਨੇ ਅਜਿਹਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਜੋ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਿੰਦਾ ਹੋਵੇ। ਔਰਤਾਂ ਦੀ ਕਿਸਾਨ ਸੰਸਦ ਦਾ ਸੰਚਾਲਨ ਸੂਬਾ ਆਗੂ ਅਤੇ ਬੁਲਾਰਾ ਸੁਭਾਸ਼ਿਨੀ ਅਲੀ ਕੀਤਾ। ਸੁਭਾਸ਼ਿਨੀ ਅਲੀ ਨੇ ਕਿਹਾ, 'ਔਰਤਾਂ ਖੇਤੀ ਵੀ ਕਰ ਸਕਦੀਆਂ ਹਨ ਅਤੇ ਦੇਸ਼ ਵੀ ਚਲਾ ਸਕਦੀਆਂ ਹਨ । ਉਨਾਂ ਕਿਹਾ ਕਿ ਕਾਲੇ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਜਾਰੀ ਰਹੇਗੀ।' ਸੁਭਾਸ਼ਿਨੀ ਨੇ ਕਿਹਾ, 'ਸਰਕਾਰ ਸਾਨੂੰ ਅੱਤਵਾਦੀ ਤੇ ਖ਼ਾਲਿਸਤਾਨੀ ਆਦਿ ਨਾਵਾਂ ਨਾਲ ਸੰਬੋਧਨ ਕਰਨਾ ਜਾਰੀ ਪਰ ਜੇਕਰ ਉਸ ਵਿੱਚ ਤਾਕਤ ਹੈ ਤਾਂ ਉਸ ਨੂੰ ਇਨਾਂ ਅਤਿਵਾਦੀਆਂ ਤੇ ਖ਼ਾਲਿਸਤਾਨੀਆਂ ਵੱਲੋਂ ਪੈਦਾ ਕੀਤੇ ਅਨਾਜ ਨੂੰ ਨਹੀਂ ਖਾਣਾ ਚਾਹੀਦਾ।'

**ਤੋਮਰ ਕਿਸਾਨੀ ਸੰਸਦ ਤੋਂ ਭੜਕੇ**

ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਅੰਦੋਲਨ ਮੁੜ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ। ਸੰਸਦ ਸੈਸ਼ਨ ਦੌਰਾਨ ਕਿਸਾਨ ਜਥੇਬੰਦੀਆਂ ਵਲੋਂ ਜੰਤਰ-ਮੰਤਰ 'ਤੇ ਮੁਕਾਬਲੇ ਦੀ ਸੰਸਦ ਚਲਾਏ ਜਾਣ ਨੂੰ ਲੈ ਕੇ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਭੜਕ ਗਏ ਹਨ ।ਖੇਤੀਬਾੜੀ ਮੰਤਰੀ ਤੋਮਰ ਨੇ ਕਿਹਾ ਕਿ ਦੇਸ਼ ਵਿਚ ਸੰਸਦ ਇਕ ਹੀ ਹੁੰਦੀ ਹੈ ਜਿਸ ਨੂੰ ਲੋਕ ਚੁਣਦੇ ਹਨ। ਯੂਨੀਅਨ ਦੇ ਲੋਕ ਅਜਿਹੀਆਂ ਗੱਲਾਂ ਕਰ ਰਹੇ ਹਨ ਅਤੇ ਅੰਦੋਲਨ ਕਰ ਰਹੇ ਹਨ ਉਹ ਬੇਕਾਰ ਹੈ। ਕਿਸਾਨ ਜਥੇਬੰਦੀਆਂ ਦੀ ਸੰਸਦ ਬੇਤੁਕੀ ਹੈ। ਅਸੀਂ ਪਹਿਲਾਂ ਵੀ ਕਈ ਵਾਰ ਕਹਿ ਚੁੱਕੇ ਹਾਂ ਕਿ ਕਿਸਾਨ ਜਥੇਬੰਦੀਆਂ ਅੰਦੋਲਨ ਦਾ ਰਾਹ ਛੱਡ ਕੇ ਗੱਲਬਾਤ ਦਾ ਰਾਹ ਅਪਣਾਉਣ। ਸਰਕਾਰ ਹਰ ਤਰਾਂ ਨਾਲ ਗੱਲਬਾਤ ਲਈ ਤਿਆਰ ਹੈ। ਯਾਦ ਰਹੇ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਚਲਾ ਰਹੇ ਹਨ। 22 ਜੁਲਾਈ ਨੂੰ ਕਿਸਾਨ ਸੰਸਦ ਸ਼ੁਰੂ ਹੋਈ ਅਤੇ ਇਹ 9 ਅਗਸਤ ਤੱਕ ਚਲੇਗੀ।

**ਕਿਸਾਨ ਲੀਡਰ ਰਾਕੇਸ਼ ਟਿਕੈਤ ਭਾਜਪਾ ਤੋਂ ਔਖੇ**

ਇਨਾਂ ਸਭ ਦੇ ਵਿਚ ਇਕ ਵਾਰ ਫਿਰ ਰਾਕੇਸ਼ ਟਿਕੈਤ ਨੇ ਮੋਦੀ ਸਰਕਾਰ ਨੂੰ ਆਪਣੇ ਇਰਾਦਿਆਂ ਬਾਰੇ ਜਾਣੂ ਕਰਵਾਇਆ ਹੈ। ਕਿਸਾਨ ਲੀਡਰ ਰਾਕੇਸ਼ ਟਿਕੈਤ ਨੇ ਕਿਹਾ ਕਿ ਉਹ ਚੋਣ ਲੜਨ ਦੀ ਯੋਜਨਾ ਨਹੀਂ ਬਣਾ ਰਹੇ ਕਿਉਂਕਿ ਮੋਰਚੇ ਦਾ ਇਕਮਾਤਰ ਉਦੇਸ਼ ਬੀਜੇਪੀ ਨੂੰ ਸੱਤਾ ਤੋਂ ਹਟਾਉਣਾ ਸੀ ਤਾਂ ਕਿ ਨਵੀਂ ਸਰਕਾਰ ਮੋਦੀ ਸਰਕਾਰ ਵੱਲੋਂ ਬਣਾਏ ਗਏ ਤਿੰਨ ਵਿਵਾਦਪੂਰਵਕ ਖੇਤੀ ਕਾਨੂੰਨਾਂ ਨੂੰ ਰੱਦ ਕਰ ਸਕਣ। ਕਿਸਾਨ ਲੀਡਰ ਟਿਕੈਤ ਨੇ ਕਿਹਾ ਕਿ ਸੱਤਾ ਧਿਰ ਬੀਜੇਪੀ ਦੇ ਨਾਲ ਕਿਸਾਨ ਜੰਗ ਵਿਚ ਹਨ ਤੇ ਦੇਸ਼ ਦਾ ਇਕ ਵੀ ਕਿਸਾਨ ਭਵਿੱਖ ਵਿਚ ਇਸ ਪਾਰਟੀ ਨੂੰ ਵੋਟ ਨਹੀਂ ਦੇਵੇਗਾ। ਸਾਡੀ ਸਿੱਧੀ-ਸਾਦੀ ਰਣਨੀਤੀ ਉਨਾਂ ਲੋਕਾਂ ਨੂੰ ਸਮਰਥਨ ਦੇਣਾ ਹੈ, ਜੋ ਬੀਜੇਪੀ ਨੂੰ ਹਰਾਉਣ 'ਚ ਸਮਰੱਥ ਹੈ। ਅਸੀਂ ਇਸ ਨੂੰ ਬੰਗਾਲ 'ਚ ਵੀ ਕੀਤਾ ਤੇ 2022 ਵਿਚ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿਚ ਇਸ ਨੂੰ ਦੁਹਰਾਵਾਂਗੇ।'

ਭਾਰਤੀ ਕਿਸਾਨ ਯੂਨੀਅਨ ਦੇ ਰਾਕੇਸ਼ ਟਿਕੈਤ ਨੇ ਕਿਹਾ ਕਿ ਉਨਾਂ ਦੇ ਅੰਦੋਲਨ ਵਿਚ ਦਿੱਲੀ ਨੂੰ ਅੱਠ ਮਹੀਨੇ ਪੂਰੇ ਹੋ ਗਏ ਹਨ ਤੇ ਹੁਣ ਮਿਸ਼ਨ ਯੂਪੀ ਤੇ ਉੱਤਰਾਖੰਡ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।



*ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਕਿਸਾਨ ਅੰਦੋਲਨ ਵੱਲੋਂ ਭਾਈਚਾਰਕ ਸਾਂਝ ਵਧਾਉਣ, ਔਰਤਾਂ ਨੂੰ ਮੈਦਾਨ ਵਿਚ ਆਉਣ ਲਈ ਉਤਸ਼ਾਹਿਤ ਕਰਨ ਅਤੇ ਸ਼ਾਂਤਮਈ ਤਾਸੀਰ ਰੱਖਣ ਵਰਗੇ ਗੁਣਾਂ ਕਰਕੇ ਸਰਕਾਰ ਦੇ ਹਰ ਨਾਂਹ-ਪੱਖੀ ਪ੍ਰਾਪੇਗੰਡੇ ਦਾ ਸ.ਫਲਤਾ ਨਾਲ ਜਵਾਬ ਦਿੱਤਾ। ਕਿਸਾਨ ਅੰਦੋਲਨ ਨੇ ਫੈਡਰਲਿਜ਼ਮ ਦੇ ਮੁੱਦੇ ਨੂੰ ਬਾਖ਼ੂਬੀ ਉਭਾਰਿਆ ਹੈ। ਸਰਕਾਰ ਨਾਲ ਗੱਲਬਾਤ ਦੌਰਾਨ ਆਗੂਆਂ ਨੇ ਇਹ ਦਲੀਲ ਜ਼ੋਰਦਾਰ ਤਰੀਕੇ ਨਾਲ ਰੱਖੀ ਕਿ ਖੇਤੀ ਰਾਜਾਂ ਦਾ ਵਿਸ਼ਾ ਹੋਣ ਦੇ ਬਾਵਜੂਦ ਤਿੰਨ ਕਾਨੂੰਨ ਬਣਾ ਕੇ ਕੇਂਦਰ ਨੇ .ਗੈਰ-ਸੰਵਿਧਾਨਕ ਕੰਮ ਕੀਤਾ ਹੈ। ਇਸ ਅੰਦੋਲਨ ਨੇ ਕਾਰਪੋਰੇਟ ਵਿਕਾਸ ਮਾਡਲ ਨੂੰ ਚੁਣੌਤੀ ਦਿੰਦਿਆਂ ਬਦਲਵੇਂ ਵਿਕਾਸ ਮਡਾਲ ਦੀ ਤਲਾਸ਼ ਦੀ ਚੇਤਨਾ ਪੈਦਾ ਕਰਨ ਵਿਚ ਭੂਮਿਕਾ ਨਿਭਾਈ ਹੈ। ਇਸੇ ਕਰਕੇ ਦੁਨੀਆ ਦੇ ਵੱਡੇ ਚਿੰਤਕ ਵੀ ਕਿਸਾਨ ਅੰਦੋਲਨ ਨੂੰ ਭਵਿੱਖ ਦੀ ਉਮੀਦ ਵਜੋਂ ਦੇਖ ਰਹੇ ਹਨ। ਸੰਯੁਕਤ ਕਿਸਾਨ ਮੋਰਚਾ ਕਿਸਾਨ ਸੰਸਦ ਰਾਹੀਂ ਨਾਮ-ਧਰੀਕ ਜਮਹੂਰੀਅਤ ਦੇ ਮੁਕਾਬਲੇ ਕਈ ਨਵੀਆਂ ਜਮਹੂਰੀ ਪਿਰਤਾਂ ਪਾ ਰਿਹਾ ਹੈ। ਅਨੇਕਾਂ ਕਿਸਾਨ ਜਥੇਬੰਦੀਆਂ ਵੱਲੋਂ ਹਰ ਮੁਸ਼ਕਿਲ ਸਮੇਂ ਵਿਚ ਸਹਿਮਤੀ ਨਾਲ .ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਕਸਤ ਕਰਨਾ ਵਖਰੇਵਿਆਂ ਦੇ ਬਾਵਜੂਦ ਮਿਲ ਕੇ ਚੱਲਣ ਦਾ ਨਾਯਾਬ ਨਮੂਨਾ ਪੇਸ਼ ਕੀਤਾ ਜਾ ਰਿਹਾ ਹੈ। ਕਿਸਾਨ ਸੰਸਦ ਦੇ ਮੌਨਸੂਨ ਸੈਸ਼ਨ ਮੌਕੇ ਸੰਯੁਕਤ ਕਿਸਾਨ ਮੋਰਚੇ ਦੀ ਵੋਟਰਾਂ ਵੱਲੋਂ ਵਿਪ ਜਾਰੀ ਕਰਨ ਦੀ ਰਣਨੀਤੀ ਆਗੂਆਂ ਨੂੰ ਵੋਟਰਾਂ ਪ੍ਰਤੀ ਜਵਾਬਦੇਹ ਹੋਣ ਵਾਲੇ ਪਾਸੇ ਤੋਰਨ ਦੀ ਸਮਝਦਾਰੀ ਪੈਦਾ ਕਰਦਾ ਹੈ। ਇਹ ਅਗਾਂਹ ਚੁਣੇ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦੇ ਹੱਕ ਅਤੇ ਚੋਣ ਮੈਨੀਫੈਸਟੋ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਅਗਲੀ ਮੰਗ ਦਾ ਆਧਾਰ ਬਣੇਗਾ। ਸੰਸਦ ਦੇ ਮੁਕਾਬਲੇ ਮੁਤਵਾਜ਼ੀ ਕਿਸਾਨ ਸੰਸਦ ਲਗਾਉਣ ਅਤੇ 26 ਜੁਲਾਈ ਨੂੰ 200 ਕਿਸਾਨ ਔਰਤਾਂ ਰਾਹੀਂ ਸੰਸਦ ਚਲਾਉਣ ਦਾ .ਫ਼ੈਸਲਾ ਦੇਸ਼ ਦੇ ਸੰਸਦ ਮੈਂਬਰਾਂ ਉੱਤੇ ਸਵਾਲ ਖੜਾ ਕਰਦਾ ਹੈ ਕਿ ਤੀਹਾਂ ਸਾਲਾਂ ਤੋਂ ਔਰਤਾਂ ਦੀ ਸੰਸਦ ਤੇ ਵਿਧਾਨ ਸਭਾਵਾਂ ਵਿਚ 33 .ਫ਼ੀਸਦ ਹਿੱਸੇਦਾਰੀ ਵਾਲਾ ਕਾਨੂੰਨ ਕਿਉਂ ਨਹੀਂ ਬਣਿਆ? ਕਿਸਾਨ ਅੰਦੋਲਨ ਮੁੜ ਖੇਤੀ ਮੁੱਦਿਆਂ ਨੂੰ ਚਰਚਾ ਦਾ ਕੇਂਦਰ ਬਣਾਉਣ ਵਿਚ ਸ.ਫਲ ਦਿਖਾਈ ਦੇ ਰਿਹਾ ਹੈ। ਅਗਲੇ ਸਾਲ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅੰਦੋਲਨ ਲਈ ਪਰਖ ਦੀ ਇਕ ਹੋਰ ਘੜੀ ਹੋਵੇਗੀ। ਅਜ਼ਾਦ ਭਾਰਤ ਦੇ ਇਤਿਹਾਸ ਵਿੱਚ ਕਿਸਾਨ ਸੰਸਦ ਨੇ ਇੱਕ ਨਵਾਂ ਅਧਿਆਏ ਲਿਖ ਦਿੱਤਾ ਹੈ, ਜਿਸ ਰਾਹੀਂ ਅੰਦੋਲਨਕਾਰੀਆਂ ਨੇ ਸਭ ਸਿਆਸੀ ਧਿਰਾਂ ਨੂੰ ਇਹ ਦੱਸ ਦਿੱਤਾ ਹੈ ਕਿ ਜਿਹੜਾ ਕਿਸਾਨ ਆਪਣੀ ਮਿਹਨਤ ਨਾਲ ਦੇਸ਼ ਨੂੰ ਖੁਰਾਕ ਵਿੱਚ ਆਤਮਨਿਰਭਰ ਬਣਾ ਸਕਦਾ ਹੈ, ਉਹ ਲੋਕਤੰਤਰ ਦੀ ਰਾਖੀ ਲਈ ਵੀ ਸਿਰ-ਧੜ ਦੀ ਬਾਜ਼ੀ ਲਾ ਸਕਦਾ ਹੈ ।ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਨੇ ਅਗਲਾ ਕਦਮ ਪੁੱਟਦਿਆਂ ਪੱਛਮੀ ਬੰਗਾਲ ਵਾਂਗ ਹੀ ਉਤਰ ਪ੍ਰਦੇਸ਼ ਤੇ ਉਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਧੂੜ ਚਟਾਉਣ ਲਈ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ ।*

# ਪੰਜਾਬ ਕਾਂਗਰਸ ਦੀ ਡੁੱਬਦੀ ਬੇੜੀ ਕੌਣ ਲਾਏਗਾ ਬੰਨੇ ?



**ਗੁਰਮੀਤ ਸਿੰਘ ਪਲਾਹੀ**
**9815802070**

ਜਦੋਂ ਤੱਕ ਕੈਪਟਨ ਅਮਰਿੰਦਰ ਸਿੰਘ ਕੋਲ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਹੈ ਅਤੇ ਉਸ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਦੇ ਵਿਧਾਇਕਾਂ ਦੀ ਹਮਾਇਤ ਪ੍ਰਾਪਤ ਹੈ, ਉਦੋਂ ਤੱਕ ਕਾਂਗਰਸ ਹਾਈ ਕਮਾਨ ਅਮਰਿੰਦਰ ਸਿੰਘ ਦਾ ਕੁਝ ਨਹੀਂ ਵਿਗਾੜ ਸਕਦੀ। ਇੱਕੋ ਪਰਿਵਾਰ ਵਲੋਂ ਸਾਂਭੀ ਕਾਂਗਰਸ, ਕਿਸੇ ਵੀ ਹੋਰ ਨੇਤਾ ਜਾਂ ਖੇਤਰੀ ਨੇਤਾ ਨੂੰ ਆਪਣੇ ਤੋਂ ਵੱਡਾ ਨਹੀਂ ਹੋਣ ਦਿੰਦੀ ਤਾਂ ਕਿ ਗਾਂਧੀ ਪਰਿਵਾਰ ਦਾ ਦਬਦਬਾ, ਜਿੰਨਾ ਕੁ ਵੀ ਬਚਿਆ ਹੈ, ਬਣਿਆ ਰਹੇ। ਉਂਜ ਗਾਂਧੀ ਪਰਿਵਾਰ ਦੇ ਤਿੰਨੋਂ ਜੀਅ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਆਪਣੇ ਕੁਝ ਵਫ਼ਾਦਾਰਾਂ ਨਾਲ ਕਾਂਗਰਸ ਦਾ 'ਕਾਰੋਬਾਰ' ਚਲਾ ਰਹੇ ਹਨ, ਜਿਹੜਾ ਕੁਝ ਵਰਿਆਂ ਵਿੱਚ ਪੂਰੇ ਰਾਸ਼ਟਰ ਤੋਂ ਸਿਮਟ ਕੇ ਕੁਝ ਰਾਜਾਂ ਤੱਕ ਸੀਮਤ ਰਹਿ ਗਿਆ ਹੈ ਅਤੇ ਜਿਸ ਨੂੰ ਪਿਛਲੇ ਲੰਮੇ ਸਮੇਂ ਤੋਂ ਚੋਣਾਂ ਵਿੱਚ ਵੱਡੀਆਂ ਤੋਂ ਵੱਡੀਆਂ ਹਾਰਾਂ ਦਾ ਮੂੰਹ ਵੇਖਣਾ ਪਿਆ ਹੈ। ਪੱਛਮੀ ਬੰਗਾਲ ਵਿੱਚ ਕਾਂਗਰਸ ਦਾ ਨਾਮ-ਥੇਹ ਨਹੀਂ ਰਿਹਾ। ਯੂ.ਪੀ. ਚੋਣਾਂ ਸਿਰ ਉੱਤੇ ਹਨ, ਕਾਂਗਰਸ ਦਾ ਉੱਥੇ ਵੱਡਾ ਕਾਡਰ ਨਹੀਂ ਅਤੇ ਪੰਜਾਬ ਵਰਗੇ ਸੂਬੇ ਵਿੱਚ ਕਾਂਗਰਸ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੇ ਰਾਹ ਤੁਰੀ ਹੋਈ ਹੈ।

ਬਿਨਾਂ ਸ਼ੱਕ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਚਾਰ ਸਾਲ ਦੇ ਅਰਸੇ ਵਿੱਚ ਪੰਜਾਬ ਦਾ ਕੁਝ ਵੀ ਨਹੀਂ ਸੁਆਰਿਆ। ਜਿਹੜੇ ਵਾਇਦੇ ਉਸ ਵਲੋਂ ਕੀਤੇ ਗਏ ਸਨ, ਕਹਿਣ ਨੂੰ ਤਾਂ ਭਾਵੇਂ ਸਾਰੇ ਪੂਰੇ ਕਰਨ ਦੀ ਗੱਲ ਕੈਪਟਨ ਅਮਰਿੰਦਰ ਸਿੰਘ ਕਰਦੇ ਹਨ, ਪਰ ਹਕੀਕੀ ਤੌਰ 'ਤੇ ਇਹ ਸਚਾਈ ਨਹੀਂ ਹੈ। ਨਸ਼ਿਆਂ ਦਾ ਕਾਰੋਬਾਰ ਖ਼ਤਮ ਕਰਨ ਸਬੰਧੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਉੱਤੇ ਕੈਪਟਨ ਤੋਂ ਪੰਜਾਬੀਆਂ ਨੂੰ ਵੱਡੀਆਂ ਆਸਾਂ ਸਨ। ਰੇਤ ਮਾਫੀਏ ਦਾ ਲੱਕ ਤੋੜਨ ਦੀ ਵੀ ਪੰਜਾਬੀਆਂ ਨੂੰ ਕੈਪਟਨ ਤੋਂ ਤਵੱਕੋ ਸੀ ਅਤੇ ਇਹ ਵੀ ਕਿ ਉਹ ਆਪਣੇ ਜ਼ਿਮੀਦਾਰ ਹੁੰਦੇ ਹੋਏ, ਕਿਸਾਨ ਸਮੱਸਿਆਵਾਂ ਸਮਝਕੇ ਉਹਨਾਂ ਦੇ ਕਰਜ਼ੇ ਮੁਆਫ਼ ਕਰ ਦੇਣਗੇ। ਫੌਜੀ ਹੋਣ ਦੇ ਨਾਤੇ ਲੋਕ ਇਹ ਵੀ ਚਾਹੁੰਦੇ ਸਨ ਕਿ ਉਸ ਦੇ ਰਾਜ ਵਿੱਚ ਭ੍ਰਿਸ਼ਟਾਚਾਰ ਨਾ ਹੋਵੇ, ਪਰ ਕੈਪਟਨ ਦੇ ਗੱਦੀ ਸਾਂਭਣ ਦੇ ਦੋ ਸਾਲਾਂ ਬਾਅਦ ਹੀ ਦਿਸਣ ਲੱਗ ਪਿਆ ਸੀ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਦਾ ਸ਼ਾਸਨ ਉਵੇਂ ਹੀ ਕੰਮ ਕਰ ਰਿਹਾ ਹੈ, ਕੁਝ ਵੀ ਨਹੀਂ ਬਦਲਿਆ।

ਹਾਂ, ਇੰਨਾ ਕੁ ਜ਼ਰੂਰ ਹੋਇਆ ਹੈ ਕਿ ਪੰਜਾਬ ਹਿਤੈਸ਼ੀ ਫ਼ੈਸਲੇ ਲੈਣ ਦਾ ਸਮਾਂ ਜਦੋਂ ਆਇਆ ਕੈਪਟਨ ਅਮਰਿੰਦਰ ਸਿੰਘ ਨੇ ਦ੍ਰਿੜਤਾ ਨਾਲ ਪੰਜਾਬ ਦੇ ਪਾਣੀਆਂ ਸਬੰਧੀ ਆਵਾਜ਼ ਬੁਲੰਦ ਕੀਤੀ। ਕਿਸਾਨਾਂ ਸਬੰਧੀ ਤਿੰਨੇ ਕਾਲੇ ਕਾਨੂੰਨ ਰੱਦ ਕਰਨ ਦਾ ਮਤਾ ਅਸੰਬਲੀ ਵਿੱਚ ਪਾਸ ਕੀਤਾ ਅਤੇ ਕਿਸਾਨਾਂ ਦੇ ਹੱਕ ਵਿੱਚ ਖੜੇ ਹੋਏ।

ਪਰ ਪੰਜਾਬੀਆਂ ਦੇ ਮਸਲੇ ਤਾਂ ਬਹੁਤ ਵੱਡੇ ਸਨ। ਇਨਾਂ ਮਸਲਿਆਂ ਨੂੰ ਹੱਲ ਕਰਨ ਲਈ ਤਾਂ ਕੈਪਟਨ ਨੂੰ ਪੰਜਾਬੀਆਂ ਨੇ ਪੰਜਾਬ ਸੰਭਾਲਿਆ ਸੀ। ਪਰ ਕੈਪਟਨ ਮਹੱਲਾਂ ਵਿੱਚ ਵੜ ਗਏ। ਰਾਜ-ਸ਼ਾਸਨ ਲੋਕ ਨੁਮਾਇੰਦਿਆਂ ਦੀ ਮਰਜ਼ੀ ਨਾਲ ਨਹੀਂ, ਸਗੋਂ ਅਫਸਰਸ਼ਾਹੀ ਹੱਥ ਫੜਾ ਦਿੱਤਾ। ਸਲਾਹਕਾਰਾਂ ਨੇ ਆਪਣੇ ਢੰਗ ਨਾਲ ਪਿਛਲੇ ਚਾਰ ਸਾਲ ਪੰਜਾਬ ਚਲਾਇਆ। ਪਰ ਕਿਉਂਕਿ ਪੰਜਾਬ ਵਿੱਚ ਵਿਰੋਧੀ ਧਿਰ ਤਾਕਤਵਰ ਨਹੀਂ ਸੀ, ਵੰਡੀ ਹੋਈ ਸੀ, ਪੰਜਾਬ ਦੇ ਹਾਕਮਾਂ ਚੰਮ ਦੀਆਂ ਚਲਾਈਆਂ। ਕੁਝ ਵੱਡੇ ਸਿਆਸਦਾਨ ਮਾਫੀਆ ਨਾਲ ਰਲ ਗਏ, ਆਪਣੇ ਸਵਾਰਥਾਂ ਕਾਰਨ ਉਹਨਾਂ ਚੁੱਪ ਵੱਟ ਲਈ। ਪੰਜਾਬ ਲੁੱਟਿਆ ਜਾਂਦਾ ਰਿਹਾ। ਪੰਜਾਬ ਦੇ ਮਸਲਿਆਂ ਸਬੰਧੀ ਵੱਟੀ ਚੁੱਪ ਨੇ ਲੋਕਾਂ ਵਿੱਚ ਅਸੰਤੋਸ਼ ਪੈਦਾ ਕੀਤਾ। ਅੱਜ ਜਦੋਂ ਪੰਜਾਬ ਚੋਣਾਂ ਦੀਆਂ ਬਰੂਹਾਂ 'ਤੇ ਹੈ, ਪੰਜਾਬ ਦੇ ਹਰ ਵਰਗ ਦੇ ਲੋਕਾਂ ਵਿੱਚ ਹਾਹਾਕਾਰ ਹੈ। ਬਿਜਲੀ, ਪੈਟਰੋਲ ਨੇ ਲੋਕਾਂ ਨੂੰ ਰੁਆ ਦਿੱਤਾ ਹੈ। ਬੇਰੁਜ਼ਗਾਰ ਸੜਕਾਂ 'ਤੇ ਬੈਠੇ ਹਨ। ਕਾਂਗਰਸ ਅੰਦਰ ਆਏ ਕਾਟੋ-ਕਲੇਸ਼ ਕਾਰਨ ਲੋਕਾਂ ਦੀ ਸੁਣਨ ਵਾਲਾ ਹਾਕਮ ਹੀ ਕੋਈ ਨਹੀਂ। ਅਫਸਰ ਦਫ਼ਤਰੀਂ ਬੈਠੇ ਹਨ, ਮੁਲਾਜ਼ਮ ਹੜਤਾਲਾਂ 'ਤੇ ਹਨ। ਪਿਛਲੇ ਇੱਕ ਮਹੀਨੇ ਤੋਂ ਸੂਬਾ ਸਰਕਾਰ ਦਾ ਕੰਮਕਾਰ ਬੁਰੀ ਤਰਾਂ ਪ੍ਰਭਾਵਿਤ ਹੈ। ਪੰਜਾਬ ਸਿਵਲ ਸਕੱਤਰੇਤ ਵਿੱਚ ਸੁੰਨਸਾਨ ਛਾਈ ਹੋਈ ਹੈ।

ਕਾਟੋ-ਕਲੇਸ਼ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਕਾਫੀ ਵਧਿਆ ਹੈ। ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੰਘ ਸਿੱਧੂ ਨੂੰ ਜੋ ਗਾਂਧੀ ਪਰਿਵਾਰ ਦਾ ਚਹੇਤਾ ਹੈ, ਸੂਬਾ ਕਾਂਗਰਸ ਪ੍ਰਧਾਨ ਮੰਨਣ ਲਈ ਤਿਆਰ ਨਹੀਂ, ਜਦਕਿ ਨਵਜੋਤ ਸਿੰਘ ਸਿੱਧੂ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੋਹਣ ਦੇ ਯਤਨ ਵਿੱਚ ਹੈ। ਕਾਂਗਰਸ ਹਾਈ ਕਮਾਨ ਨੇ ਕੈਪਟਨ ਨੂੰ ਸਾਧੀ ਰੱਖਣ ਲਈ ਸਾਫ਼ ਕਰ ਦਿੱਤਾ ਹੋਇਆ ਹੈ ਕਿ ਅਗਲੀਆਂ 2022 ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਲੜੀਆਂ ਜਾਣਗੀਆਂ ਤੇ ਨਵਜੋਤ ਸਿੰਘ ਸਿੱਧੂ ਕਾਂਗਰਸ ਪ੍ਰਧਾਨ ਹੋਣਗੇ। ਪਰ ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਿੱਧੂ ਦੇ ਨਾਲ ਚਾਰ ਕਾਰਜਕਾਰੀ ਪ੍ਰਧਾਨ ਬਣਾ ਦਿੱਤੇ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਨਵਜੋਤ ਸਿੰਘ ਸਿੱਧੂ ਉੱਤੇ ਕਾਂਗਰਸ ਹਾਈ ਕਮਾਨ ਯਕੀਨ ਨਹੀਂ ਕਰਦੀ ਜੋ ਉਸਦੇ ਪੈਰਾਂ ਵਿੱਚ ਬੇੜੀਆਂ ਪਹਿਲਾਂ ਹੀ ਪਾ ਦਿੱਤੀਆਂ ਗਈਆਂ ਹਨ ?

ਇਸ ਫ਼ੈਸਲੇ ਨਾਲ ਪੰਜਾਬ ਕਾਂਗਰਸ ਬੁਰੀ ਤਰਾਂ ਦੋ-ਫਾੜ ਹੋਈ ਦਿਖਦੀ ਹੈ। ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਵਜੋਂ ਜੀ ਆਇਆਂ ਆਖਣ ਲਈ ਦੌੜ ਲੱਗੀ ਹੋਈ ਹੈ, ਉਨਾਂ ਨੂੰ ਥਾਂ-ਥਾਂ ਵਿਧਾਇਕੀ ਟਿਕਟਾਂ ਪ੍ਰਾਪਤ ਕਰਨ ਦੇ ਚਾਹਵਾਨਾਂ ਵਲੋਂ ਹਾਰਾਂ ਨਾਲ ਲੱਦਿਆ ਜਾ ਰਿਹਾ ਹੈ। ਕਈ ਥਾਵੀਂ ਸਾਬਕਾ ਵਿਧਾਇਕ ਇਸ ਚਾਹਤ ਵਿੱਚ ਕਿ ਅਗਲੀ ਟਿਕਟ ਉਨਾਂ ਨੂੰ ਮਿਲੇਗੀ, ਆਪਣੀ ਤਾਕਤ ਵਿਖਾ ਰਹੇ ਹਨ, ਇੱਕ-ਦੂਜੇ ਵਿਰੁੱਧ ਨਾਹਰੇਬਾਜ਼ੀ ਕਰ ਰਹੇ ਹਨ। ਇਸ ਕਿਸਮ ਦੀ ਘਟਨਾ ਸ਼ਹੀਦ ਭਗਤ ਸਿੰਘ ਦੇ ਜਨਮ ਅਸਥਾਨ ਖਟਕੜ ਕਲਾਂ ਵਿਖੇ ਵੇਖਣ ਨੂੰ ਮਿਲੀ ਜਿੱਥੇ ਨਵਜੋਤ ਸਿੰਘ ਸਿੱਧੂ ਦੇ ਸਵਾਗਤ ਤੋਂ ਪਹਿਲਾਂ ਹੀ ਦੋ ਗਰੁੱਪ ਆਪਸ ਵਿੱਚ ਖਹਿਬੜ ਪਏ। ਅਸਲ ਵਿੱਚ ਤਾਂ ਟਿਕਟਾਂ ਦੇ ਚਾਹਵਾਨ ਦੋਹਾਂ ਖੇਮਿਆਂ ਵਿੱਚ ਹਾਜ਼ਰੀ ਲੁਆ ਰਹੇ ਹਨ। ਨਵਜੋਤ ਸਿੰਘ ਸਿੱਧੂ ਜਿੱਥੇ ਵਿਧਾਇਕਾਂ, ਮੰਤਰੀਆਂ ਕੋਲ ਜਾ ਕੇ ਆਪਣੇ ਹਾਜ਼ਰੀ ਲੁਆ ਰਹੇ ਹਨ, ਸਮਰਥਨ ਇਕੱਠਾ ਕਰ ਰਹੇ ਹਨ, ਉੱਥੇ ਕੈਪਟਨ ਅਮਰਿੰਦਰ ਸਿੰਘ, ਜਿਨਾਂ ਨੇ ਹੁਣ ਤੱਕ ਵੀ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਨਹੀਂ ਕਬੂਲਿਆ, ਇਹ ਸੁਨੇਹਾ ਦੇ ਰਹੇ ਹਨ ਕਿ ਪੰਜਾਬ ਵਿੱਚ ਕਾਂਗਰਸ ਦਾ ਅਸਲ ਨੇਤਾ 'ਕੈਪਟਨ ਅਮਰਿੰਦਰ ਸਿੰਘ' ਹੈ।

ਕਾਂਗਰਸ ਦੇ ਇਸ ਕਾਟੋ-ਕਲੇਸ਼ ਅਤੇ ਕਾਂਗਰਸ ਹਾਈਕਮਾਨ ਵਲੋਂ ਗਲਤ ਢੰਗ ਨਾਲ ਮਸਲੇ ਨਾਲ ਨਿਪਟਣ ਨੇ ਪੰਜਾਬ ਕਾਂਗਰਸ ਦਾ ਵੱਡਾ ਨੁਕਸਾਨ ਕੀਤਾ ਹੈ। ਕਾਂਗਰਸ ਦੋ ਧੜਿਆਂ ਵਿੱਚ ਵੰਡੀ ਗਈ ਹੈ, ਇਸਦਾ ਲਾਭ ਵਿਰੋਧੀ ਪਾਰਟੀਆਂ ਨੂੰ ਹੋਏਗਾ। ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਪੰਜਾਬ ਵਿੱਚ ਅਗਲੀਆਂ ਚੋਣਾਂ ਵਿੱਚ ਇਸ ਸਥਿਤੀ ਵਿੱਚ ਕੋਈ ਵੀ ਸਿਆਸੀ ਪਾਰਟੀ ਬਹੁਮਤ ਪ੍ਰਾਪਤ ਨਹੀਂ ਕਰ ਸਕੇਗੀ। ਭਾਜਪਾ ਦਾ ਭਵਿੱਖ ਤਾਂ ਕਿਸਾਨੀ ਕਾਨੂੰਨਾਂ ਕਾਰਨ ਪਹਿਲਾਂ ਹੀ ਦਾਅ 'ਤੇ ਲੱਗਿਆ ਹੋਇਆ ਹੈ। ਬਾਦਲ ਅਕਾਲੀ-ਬਸਪਾ ਗੱਠਜੋੜ ਨੂੰ ਲੋਕਾਂ, ਖ਼ਾਸ ਕਰਕੇ ਪਿੰਡਾਂ ਦੇ ਕਿਸਾਨਾਂ ਤੇ ਪੇਂਡੂਆਂ ਪ੍ਰਵਾਨ ਨਹੀਂ ਕੀਤਾ ਅਤੇ ਲੋਕ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਮਾਮਲੇ 'ਤੇ ਰੇਤ ਖਣਣ, ਨਸ਼ਿਆਂ ਦੇ ਰਾਜ ਨੂੰ ਭੁੱਲ ਨਹੀਂ ਸਕੇ। ਸ਼੍ਰੋਮਣੀ ਅਕਾਲੀ ਦਲ ਦੀ ਕਿਸਾਨੀ ਕਾਨੂੰਨਾਂ ਵਿੱਚ ਅਪਣਾਈ ਦੋਹਰੀ ਪਹੁੰਚ ਵੀ ਉਹਨਾਂ ਦੇ ਪਿੰਡਾਂ ਵਿੱਚ ਪੈਰ ਨਹੀਂ ਲੱਗਣ ਦੇ ਰਹੀ। ਆਮ ਆਦਮੀ ਪਾਰਟੀ ਦਾ ਕਾਡਰ ਪੰਜਾਬ ਦੇ ਧੁਰ ਅੰਦਰ ਸਥਾਪਤ ਨਹੀਂ ਹੋ ਸਕਿਆ ਅਤੇ ਆਮ ਆਦਮੀ ਪਾਰਟੀ ਦੇ ਦਿੱਲੀ ਨੇਤਾਵਾਂ ਦੀ ਪੰਜਾਬ ਮਸਲਿਆਂ ਪ੍ਰਤੀ ਦੂਹਰੀ ਪਹੁੰਚ ਵੀ 'ਆਪ' ਦੀਆਂ ਲੋਕਾਂ ਵਿੱਚ ਜੜਾਂ ਨਹੀਂ ਲੱਗਣ ਦੇ ਰਹੀ। ਖੱਬੀਆਂ ਧਿਰਾਂ ਆਪਣੀ ਸਾਰਥਿਕ ਭੂਮਿਕਾ ਨਿਭਾਉਣ ਵਿੱਚ ਪਿੱਛੇ ਰਹੀਆਂ ਹਨ ਅਤੇ ਲੋਕ ਅਧਾਰ ਨਹੀਂ ਬਣਾ ਰਹੀਆਂ। ਕਾਂਗਰਸ ਹਾਈ ਕਮਾਨ ਵਲੋਂ ਕਾਂਗਰਸ ਦੀ ਇਸ ਪਾਲਿਸੀ ਤਹਿਤ ਕਿ ਨਵਿਆਂ ਨੂੰ ਸਾਹਮਣੇ ਲਿਆਉਣ ਅਤੇ ਲੋਕਾਂ ਨੂੰ ਨਵੇਂ ਨਵੇਂ ਨਾਅਰੇ ਦੇ ਕੇ ਭੁਚਲਾ ਲਵੋ ਅਤੇ ਕੋਈ ਨੇਤਾ ਆਪਣੇ ਬਰਾਬਰ ਨਾ ਹੋਣ ਦਿਓ, ਨਵਜੋਤ ਸਿੰਘ ਸਿੱਧੂ ਸਾਹਮਣੇ ਲਿਆਂਦਾ ਹੈ। ਪਰ ਉਸਦਾ ਪੈਂਡਾ ਬਿਖੜਾ ਹੈ। ਕੀ ਸਿੱਧੂ ਸਾਰਿਆਂ ਨੂੰ ਨਾਲ ਲੈ ਕੇ ਚੱਲ ਸਕੇਗਾ ? ਕੀ ਉਨਾਂ ਨੂੰ ਵੀ ਨਾਲ ਲਏਗਾ, ਜਿਨਾਂ ਨੂੰ ਉਹ ਛੱਜ ਵਿੱਚ ਪਾ ਕੇ ਛੱਟਿਆ ਕਰਦਾ ਸੀ ? ਬਿਨਾਂ ਸ਼ੱਕ ਉਹ ਚੰਗਾ ਬੁਲਾਰਾ ਹੈ, ਪਰ ਉਸਦਾ ਸਿਆਸੀ ਤਜਰਬਾ ਕੀ ਐਡਾ ਹੈ ਕਿ ਉਹ 'ਚੰਗੇ-ਮਾੜੇ' ਵਰਕਰਾਂ, ਨੇਤਾਵਾਂ, ਉੱਪਰਲੇ-ਹੇਠਲੇ ਹਰ ਕਾਂਗਰਸੀ ਨਾਲ ਸਾਂਝ ਪਾਉਣ ਵਿੱਚ ਕਾਮਯਾਬ ਹੋਏਗਾ ? ਇਸ ਤੋਂ ਵੀ ਵੱਡੀ ਗੱਲ ਇਹ ਕਿ ਕੀ ਉਹ ਕੈਪਟਨ ਅਮਰਿੰਦਰ ਸਿੰਘ ਦੇ ਤਿਰਛੇ ਬਾਣ ਝੱਲ ਸਕੇਗਾ, ਜਿਹੜੇ ਨੇੜ-ਭਵਿੱਖ ਵਿੱਚ ਉਹ ਆਪਣੀ ਹੋਂਦ ਨੂੰ ਬਚਾਉਣ ਲਈ ਛੱਡਣਗੇ ? ਚੁਣੌਤੀਆਂ ਨਵਜੋਤ ਸਿੰਘ ਸਿੱਧੂ ਅੱਗੇ ਵੱਡੀਆਂ ਹਨ ਅਤੇ ਸਭ ਤੋਂ ਵੱਡੀ ਚੁਣੌਤੀ ਅਮਰਿੰਦਰ ਸਿੰਘ ਦਾ ਵਿਸ਼ਵਾਸ ਜਿੱਤਣ ਦੀ ਹੈ। ਕਾਂਗਰਸ ਪ੍ਰਧਾਨ ਬਣਨ ਤੋਂ ਪਹਿਲਾਂ ਉਨਾਂ ਨੇ ਜਿਹੜੇ ਮੁੱਦੇ ਚੁੱਕੇ ਹਨ ਅਤੇ ਪੰਜਾਬ ਦੇ ਲੋਕਾਂ ਦੇ ਚਹੇਤੇ ਬਣੇ ਹਨ, ਕੀ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਛੱਤੀ ਦਾ ਅੰਕੜਾ ਹੋਣ ਕਾਰਨ ਇਨਾਂ ਮੁੱਦਿਆਂ ਨੂੰ ਕੈਪਟਨ ਸਰਕਾਰ ਤੋਂ ਹੱਲ ਕਰਵਾ ਸਕਣਗੇ ? ਜੇਕਰ ਬੇਅਦਬੀ ਵਾਲਾ ਮੁੱਦਾ, ਨਸ਼ਿਆਂ ਅਤੇ ਰੇਤ ਮਾਫੀਆ ਵਾਲਾ ਮੁੱਦਾ ਆਉਣ ਵਾਲੇ ਸਮੇਂ ਵਿੱਚ ਜਿਉਂ ਦਾ ਤਿਉਂ ਬਣਿਆ ਰਿਹਾ ਤਾਂ ਸਿੱਧੂ ਦਾ ਰਾਹ ਕਿਹੜਾ ਹੋਏਗਾ ? ਖਟਕੜ ਕਲਾਂ ਵਿਖੇ ਇਕੱਤਰ ਹੋਏ ਸੈਂਕੜੇ ਲੋਕ ਤੇ ਕਿਸਾਨ ਨਵਜੋਤ ਸਿੰਘ ਸਿੱਧੂ ਤੋਂ 2017 ਵਿੱਚ ਕੀਤੇ ਵਾਅਦਿਆਂ ਦੀ ਪੂਰਤੀ ਲਈ ਸਵਾਲ ਕਰਨ ਲੱਗੇ। ਜਵਾਬ ਨਾ ਮਿਲਣ ਕਾਰਨ ਹੰਗਾਮਾ ਹੋ ਗਿਆ ਅਤੇ ਲੋਕਾਂ ਨੇ ਖਟਕੜ ਕਲਾਂ ਵਿਖੇ ਸੜਕ ਜਾਮ ਕਰ ਦਿੱਤੀ।

ਬਿਨਾਂ ਸ਼ੱਕ ਪੰਜਾਬ ਦੀ ਕਾਂਗਰਸ ਵਿੱਚ ਕਾਟੋ-ਕਲੇਸ਼ ਨਵਾਂ ਨਹੀਂ ਹੈ। ਸਥਾਪਤ ਲੀਡਰਸ਼ਿਪ ਵਿਰੁੱਧ ਘੁਸਰ-ਮੁਸਰ ਹੋਣਾ ਆਮ ਗੱਲ ਹੈ ਪਰ ਜਿਸ ਢੰਗ ਨਾਲ ਚੋਣਾਂ ਤੋਂ ਪਹਿਲਾਂ ਜੋ ਖਿਲਾਰਾ ਪਾਇਆ ਗਿਆ ਹੈ, ਉਸ ਨਾਲ ਕਾਂਗਰਸ ਨੂੰ ਸਿੱਧਾ ਨੁਕਸਾਨ ਹੋਇਆ ਹੈ। ਭਾਵੇਂ ਕਿ ਕਾਂਗਰਸ ਹਾਈ ਕਮਾਨ ਨੇ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਅਤੇ ਹਿੰਦੂਆਂ ਦਾ ਸੰਤੁਲਨ ਬਣਾ ਕੇ ਮਾਝਾ, ਮਾਲਵਾ, ਦੁਆਬਾ ਦੇ ਪ੍ਰਤੀਨਿਧੀਆਂ ਸੰਗਤ ਸਿੰਘ ਗਿਲਜੀਆਂ, ਸੁਖਵਿੰਦਰ ਸਿੰਘ ਡੈਨੀ, ਪਵਨ ਕੁਮਾਰ ਗੋਇਲ ਅਤੇ ਕੁਲਜੀਤ ਸਿੰਘ ਨਾਗਰਾ ਨੂੰ ਪ੍ਰਤੀਨਿਧਤਾ ਦਿੱਤੀ ਹੈ ਅਤੇ ਇਹ ਚਾਰੋਂ ਰਾਹੁਲ ਗਾਂਧੀ ਟੀਮ ਦੇ ਮੈਂਬਰ ਹਨ। ਪਰ ਇਸ ਨਾਲ ਟਕਸਾਲੀ ਕਾਂਗਰਸੀਆਂ ਵਿੱਚ ਇਹ ਪ੍ਰਭਾਵ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਅਹੁਦੇ ਲੈਣ ਲਈ ਟਕਸਾਲੀ ਕਾਂਗਰਸੀ ਹੋਣਾ ਜ਼ਰੂਰੀ ਨਹੀਂ। ਇਸ ਨਾਲ ਦੇਰ ਸਵੇਰ ਕਾਂਗਰਸ ਵਿੱਚੋਂ ਇਨਾਂ ਲੋਕਾਂ ਦੇ ਦੂਰ ਜਾਣ 'ਤੇ ਹੋਰ ਪਾਰਟੀਆਂ ਵਿੱਚ ਸ਼ਾਮਲ ਹੋਣ ਦਾ ਕਾਰਨ ਬਣੇਗਾ। ਸਿੱਧੂ ਦੇ ਪ੍ਰਧਾਨ ਬਣਨ ਨਾਲ ਪੁਰਾਣੇ ਕਾਂਗਰਸੀਆਂ ਪਰਿਵਾਰਾਂ ਵਿੱਚ ਬਗਾਵਤ ਦੀ ਅੱਗ ਧੁੱਖਣ ਲੱਗ ਪਈ ਹੈ।

**ਬਾਕੀ ਸਫ਼ਾ 31 'ਤੇ**

# ਪੰਜਾਬ ਛੱਡ ਪੰਜਾਬੀ ਪਾੜੇ ਵਿਦੇਸ਼ਾਂ ਵੱਲ ਉੱਡੇ

## ✪ ਲੰਘੇ ਪੰਜ ਵਰਿਆਂ 'ਚ 2.62 ਲੱਖ ਵਿਦਿਆਰਥੀ ਵਿਦੇਸ਼ ਪੜਨ ਲਈ ਛੱਡ ਚੁੱਕੇ ਨੇ ਪੰਜਾਬ ✪ ਘਰ-ਘਰ ਰੁਜ਼ਗਾਰ' ਦਾ ਕੈਪਟਨ ਸਰਕਾਰ ਦਾ ਨਾਅਰਾ ਫਲਾਪ ਹੋਇਆ ✪ ਪੰਜਾਬ 'ਚੋਂ ਲੰਘੇ ਪੰਜ ਵਰਿਆਂ 'ਚ 3930 ਕਰੋੜ ਰੁਪਏ ਦਾ ਸਰਮਾਇਆ ਜਾ ਚੁੱਕਾ ਵਿਦੇਸ਼

*ਅੰਮ੍ਰਿਤਸਰ ਟਾਈਮਜ਼ ਦਾ ਮੰਨਣਾ ਹੈ ਕਿ ਸਨਅਤੀਕਰਨ ਦੀ ਖੜੋਤ ਕਰਕੇ ਪੰਜਾਬ ਵਿਚ ਆਰਥਿਕ ਸਮਾਜਿਕ ਗਤੀਸ਼ੀਲਤਾ ਘਟੀ ਹੈ ਅਤੇ ਮੌਕਿਆਂ ਦੀ ਘਾਟ ਕਰਕੇ ਵਿਦਿਆਰਥੀ ਵਰਗ ਦਾ ਰੁਝਾਨ ਵਿਦੇਸ਼ ਵੱਲ ਵਧਿਆ ਹੈ। ਵਿਦੇਸ਼ 'ਚ ਸਟੇਟਸ ਕੋਈ ਮੈਟਰ ਨਹੀਂ ਕਰਦਾ ਜਿਸ ਕਰਕੇ ਇੱਥੋਂ ਦੇ ਸਰਦੇ ਪੁੱਜਦੇ ਵਿਦੇਸ਼ ਵਿਚ ਡਰਾਈਵਰੀ ਕਰਨ ਵਿੱਚ ਵੀ ਕੋਈ ਸ਼ਰਮ ਨਹੀਂ ਮੰਨਦੇ। ਜੇਕਰ ਪੰਜਾਬ ਦੇ ਸਿਆਸਤਦਾਨ ਪੰਜਾਬ ਵਿਚ ਰੁਜਗਾਰ ਪੈਦਾ ਨਾ ਕਰ ਸਕੇ, ਖੇਤੀ ਇੰਡਸਟਰੀ ਪੈਦਾ ਨਾ ਕਰ ਸਕੇ ਤੇ ਕਾਰਪੋਰੇਟ ਕੰਪਨੀਆਂ ਨਾ ਲਿਆ ਸਕੇ ਤਾਂ ਪੰਜਾਬ ਆਰਥਿਕ ਤੌਰ ਉਪਰ ਹੋਰ ਪਛੜੇਗਾ।*

**ਚੰਡੀਗੜ/ਏ.ਟੀ.ਨਿਊਜ਼ :** 'ਸਟੂਡੈਂਟ ਵੀਜ਼ਾ' ਦੇ ਰੁਝਾਨ ਵੱਲ ਵੇਖੀਏ ਤਾਂ ਇੰਜ ਜਾਪਦਾ ਹੈ ਕਿ ਜਿਵੇਂ ਹੁਣ ਪੰਜਾਬ ਖਾਲੀ ਹੋ ਗਿਆ ਹੋਵੇ। ਲੰਘੇ ਪੰਜ ਵਰਿਆਂ 'ਚ 2.62 ਲੱਖ ਵਿਦਿਆਰਥੀ ਵਿਦੇਸ਼ ਪੜਨ ਲਈ ਪੰਜਾਬ ਛੱਡ ਚੁੱਕੇ ਹਨ। 'ਘਰ-ਘਰ ਰੁਜ਼ਗਾਰ' ਦਾ ਕੈਪਟਨ ਸਰਕਾਰ ਦਾ ਨਾਅਰਾ ਵੀ ਜਵਾਨੀ ਦੇ ਰਾਹ ਨਹੀਂ ਰੋਕ ਸਕਿਆ। ਸਟੂਡੈਂਟ ਵੀਜ਼ਾ ਲੈਣ 'ਚ ਦੇਸ਼ ਭਰ 'ਚੋਂ ਪੰਜਾਬ ਦਾ ਦੂਜਾ ਨੰਬਰ ਹੈ ਜਦੋਂ ਕਿ ਸਾਲ 2019 'ਚ ਪੰਜਾਬ ਨੇ ਸਟੱਡੀ ਵੀਜ਼ੇ ਲੈਣ 'ਚ ਮੁਲਕ 'ਚੋਂ ਪਹਿਲਾ ਨੰਬਰ ਲਿਆ। ਜੇਕਰ ਕੋਵਿਡ ਮਹਾਂਮਾਰੀ ਅੜਿੱਕਾ ਨਾ ਬਣਦੀ ਤਾਂ ਰਫਤਾਰ ਨੂੰ ਠੱਲ ਨਹੀਂ ਪੈਣੀ ਸੀ।

ਬਿਊਰੋ ਆਫ ਇਮੀਗ੍ਰੇਸ਼ਨ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ 'ਚੋਂ ਸਟੱਡੀ ਵੀਜ਼ੇ 'ਤੇ ਜਨਵਰੀ 2016 ਤੋਂ ਫਰਵਰੀ 2021 ਤੱਕ 2.62 ਲੱਖ ਵਿਦਿਆਰਥੀ ਵਿਦੇਸ਼ ਜਾ ਚੁੱਕੇ ਹਨ। ਇਨਾਂ ਸਾਲਾਂ 'ਚ ਔਸਤਨ ਪੰਜਾਬ 'ਚੋਂ ਰੋਜ਼ਾਨਾ ਔਸਤਨ 140 ਵਿਦਿਆਰਥੀ ਵਿਦੇਸ਼ ਪੜਨ ਲਈ ਜਹਾਜ਼ ਚੜਦੇ ਰਹੇ। ਸਾਲ 2019 ਵਿਚ ਤਾਂ ਰੋਜ਼ਾਨਾ ਔਸਤਨ 201 ਵਿਦਿਆਰਥੀਆਂ ਨੇ ਵਿਦੇਸ਼ ਚਾਲੇ ਪਾਏ ਸਨ। ਇਹ ਅੰਕੜਾ ਹਾਕਮ ਜਮਾਤਾਂ 'ਤੇ ਵੀ ਉਂਗਲ ਉਠਾ ਰਿਹਾ ਹੈ ਜੋ ਰੁਜ਼ਗਾਰ ਦੇ ਦਾਅਵੇ ਕਰਦੀਆਂ ਹਨ।

ਪੰਜਾਬ 'ਚ ਕਰੀਬ 55 ਲੱਖ ਘਰ ਹਨ ਅਤੇ ਇਸ ਦੇ ਲਿਹਾਜ਼ ਨਾਲ ਵੇਖੀਏ ਤਾਂ ਪੰਜਾਬ ਦੇ ਔਸਤਨ ਹਰ 20ਵੇਂ ਘਰ ਦਾ ਜਵਾਨ 'ਸਟੱਡੀ ਵੀਜ਼ਾ' 'ਤੇ ਵਿਦੇਸ਼ ਪੜ ਰਿਹਾ ਹੈ। ਔਸਤਨ 15 ਲੱਖ ਰੁਪਏ ਪ੍ਰਤੀ ਵਿਦਿਆਰਥੀ ਖਰਚਾ ਮੰਨੀਏ ਤਾਂ ਪੰਜਾਬ 'ਚੋਂ ਲੰਘੇ ਪੰਜ ਵਰਿਆਂ 'ਚ 3930 ਕਰੋੜ ਰੁਪਏ ਦਾ ਸਰਮਾਇਆ ਵਿਦੇਸ਼ ਜਾ ਚੁੱਕਾ ਹੈ। ਪੰਜਾਬ 'ਚੋਂ ਸਾਲ 20



16 ਮਗਰੋਂ ਸਟੱਡੀ ਵੀਜ਼ੇ ਨੇ ਰਫਤਾਰ ਫੜੀ ਸੀ। ਉਸ ਮਗਰੋਂ ਹੀ ਪੰਜਾਬ 'ਚ ਆਈਲੈੱਟਸ ਸੈਂਟਰਾਂ ਅਤੇ ਇਮੀਗ੍ਰੇਸ਼ਨ ਦਫਤਰਾਂ ਦਾ ਹੜ ਆਇਆ ਹੈ। ਤੱਥਾਂ ਅਨੁਸਾਰ ਸਮੁੱਚੇ ਦੇਸ਼ 'ਚੋਂ ਉਕਤ ਸਮੇਂ ਦੌਰਾਨ 21.96 ਵਿਦਿਆਰਥੀ ਵਿਦੇਸ਼ ਪੜਨ ਗਏ, ਜਿਸ 'ਚੋਂ 2.62 ਲੱਖ ਇਕੱਲੇ ਪੰਜਾਬ ਦੇ ਹਨ। 'ਸਟੱਡੀ ਵੀਜ਼ਾ' ਲੈਣ ਵਾਲਿਆਂ 'ਚ ਪੰਜਾਬ ਦੂਜੇ ਤੇ ਆਂਧਰਾ ਪ੍ਰਦੇਸ਼ ਪਹਿਲੇ ਨੰਬਰ 'ਤੇ ਹੈ। ਵੇਰਵਿਆਂ ਅਨੁਸਾਰ ਪੰਜਾਬ 'ਚੋਂ ਸਾਲ 2016 ਵਿਚ 36,743 ਵਿਦਿਆਰਥੀ, 2017 ਵਿਚ 52,160 ਵਿਦਿਆਰਥੀ, 2018 ਵਿਚ 60,331 ਵਿਦਿਆਰਥੀ, 2019 ਵਿਚ 73574 ਅਤੇ ਸਾਲ 2020 ਵਿਚ 33,413 ਵਿਦਿਆਰਥੀ ਵਿਦੇਸ਼ ਪੜਨ ਵਾਸਤੇ ਗਏ ਹਨ। ਸਾਲ 2021 ਦੇ ਪਹਿਲੇ ਦੋ ਮਹੀਨਿਆਂ ਵਿਚ 5791 ਸਟੱਡੀ ਵੀਜ਼ੇ 'ਤੇ ਗਏ ਹਨ। ਅੰਕੜਿਆਂ ਅਨੁਸਾਰ ਸਾਲ 2016 ਵਿਚ ਪੰਜਾਬ 'ਚੋਂ ਔਸਤਨ ਰੋਜ਼ਾਨਾ 100 ਵਿਦਿਆਰਥੀ ਜਹਾਜ਼ ਚੜਦੇ ਸਨ ਅਤੇ ਦੇਸ਼ 'ਚੋਂ ਪੰਜਾਬ ਦਾ ਇਸ ਮਾਮਲੇ 'ਚ ਨੰਬਰ ਚੌਥਾ ਸੀ। ਸਾਲ 2017 ਵਿਚ ਪੰਜਾਬ 'ਚੋਂ ਔਸਤਨ ਰੋਜ਼ਾਨਾ 142 ਵਿਦਿਆਰਥੀ ਵਿਦੇਸ਼ ਪੜਨ ਗਏ ਅਤੇ ਮੁਲ਼ਕ 'ਚੋਂ ਪੰਜਾਬ ਤੀਜੇ ਨੰਬਰ 'ਤੇ ਆ ਗਿਆ। ਸਾਲ 2018 ਵਿਚ ਦੇਸ਼ ਭਰ 'ਚੋਂ ਪੰਜਾਬ ਦੂਜੇ ਨੰਬਰ 'ਤੇ ਪੁੱਜ ਗਿਆ। ਅੱਗੇ ਪੁਲਾਂਘ ਪੁੱਟਦਿਆਂ ਪੰਜਾਬ ਸਾਲ 2019 ਵਿਚ ਦੇਸ਼ 'ਚੋਂ ਪਹਿਲੇ ਨੰਬਰ 'ਤੇ ਪੁੱਜ ਗਿਆ ਅਤੇ ਇਸ ਸਾਲ 'ਚ ਪੰਜਾਬ 'ਚੋਂ ਰੋਜ਼ਾਨਾ ਵਿਦੇਸ਼ ਜਾਣ ਵਾਲੇ ਵਿਦਿਆਰਥੀ ਦੀ ਗਿਣਤੀ ਔਸਤਨ 201 ਰਹੀ। ਤੀਸਰੇ ਨੰਬਰ 'ਤੇ ਮਹਾਰਾਸ਼ਟਰ ਹੈ ਜਿਥੋਂ ਦੇ 2.54 ਲੱਖ ਵਿਦਿਆਰਥੀ ਵਿਦੇਸ਼ ਸਟੱਡੀ ਵੀਜ਼ੇ'ਤੇ ਗਏ ਹਨ।

ਗੁਆਂਢੀ ਸੂਬਾ ਹਰਿਆਣਾ ਦੇ ਪੰਜ ਸਾਲਾਂ 'ਚ ਸਿਰਫ 42,113 ਵਿਦਿਆਰਥੀ ਸਟੱਡੀ ਵੀਜ਼ੇ 'ਤੇ ਗਏ ਹਨ ਜਦੋਂ ਕਿ ਯੂ.ਪੀ ਵਰਗੇ ਵੱਡੀ ਆਬਾਦੀ ਵਾਲੇ ਸੂਬੇ ਦੇ 81,530 ਵਿਦਿਆਰਥੀ ਪੰਜ ਸਾਲਾਂ 'ਚ ਗਏ ਹਨ। 'ਆਪ' ਦੀ ਹਕੂਮਤ ਵਾਲੇ ਦਿੱਲੀ ਇਲਾਕੇ 'ਚੋਂ 1.54 ਲੱਖ ਵਿਦਿਆਰਥੀ ਵਿਦੇਸ਼ ਪੜਨ ਗਏ ਹਨ ਜਦੋਂ ਕਿ ਚੰਡੀਗੜ ਯੂ.ਟੀ. 'ਚੋਂ ਪੰਜ ਸਾਲਾਂ 'ਚ 1.14 ਲੱਖ ਵਿਦਿਆਰਥੀ ਵਿਦੇਸ਼ ਗਏ ਹਨ।

# ਪੈਗਾਸਸ ਰਾਹੀਂ 1400 ਵੱਟਸਐਪ ਦੀ ਵਰਤੋਂ ਕਰਨ ਵਾਲਿਆਂ ਨੂੰ ਵੀ ਬਣਾਇਆ ਗਿਆ ਸੀ ਨਿਸ਼ਾਨਾ

## ✪ ਵੱਟਸਐਪ ਦੇ ਸੀਈਓ ਨੇ ਦਿਤੀ ਜਾਣਕਾਰੀ ✪ ਸਰਕਾਰੀ ਅਧਿਕਾਰੀ, ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਰਾਖਿਆਂ ਦੇ ਫੋਨ ਹੋਏ ਸਨ ਹੈਕ ✪ ਕਸ਼ਮੀਰੀਆਂ ਦੇ ਫੋਨ ਨੰਬਰ ਵੀ 'ਪੈਗਾਸਸ' ਦੇ ਘੇਰੇ 'ਚ ✪ ਪੈਗਾਸਸ ਮੁੱਦੇ ਦੀ ਜਾਂਚ ਲਈ ਰਾਜ ਸਭਾ ਮੈਂਬਰ ਪੁੱਜੇ ਸੁਪਰੀਮ ਕੋਰਟ ✪ ਮਮਤਾ ਬੈਨਰਜੀ ਨੇ ਜਾਂਚ ਕਮਿਸ਼ਨ ਕਾਇਮ ਕਰਨ ਦੇ ਦਿੱਤੇ ਆਦੇਸ਼

**ਵਾਸ਼ਿੰਗਟਨ/ਏ.ਟੀ.ਨਿਊਜ਼ :** ਦੁਨੀਆ ਦੇ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਐੱਨਐੱਸਓ ਗਰੁੱਪ ਸਪਾਈਵੇਅਰ ਦੀ ਵਰਤੋਂ ਕਰਦਿਆਂ 2019 'ਚ ਸੀਨੀਅਰ ਸਰਕਾਰੀ ਅਧਿਕਾਰੀਆਂ ਸਮੇਤ ਵੱਟਸਐਪ ਦੇ 1400 ਵਰਤੋਂਕਾਰਾਂ ਦੀ ਵੀ ਜਾਸੂਸੀ ਕਰਵਾਈ ਸੀ। ਵੱਟਸਐਪ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਵਿਲ ਕੈਥਕਾਰਟ ਨੇ ਇਹ ਖ਼ੁਲਾਸਾ ਕੀਤਾ ਹੈ। 'ਦਿ ਗਾਰਡੀਅਨ' ਦੀ ਰਿਪੋਰਟ ਮੁਤਾਬਕ ਕੈਥਕਾਰਟ ਨੇ ਕਿਹਾ ਕਿ 2019 'ਚ ਵੱਟਸਐਪ ਵਰਤੋਂਕਾਰਾਂ 'ਤੇ ਹੋਏ ਹਮਲੇ ਪੈਗਾਸਸ ਪ੍ਰਾਜੈਕਟ ਨਾਲ ਮੇਲ ਖਾਂਦੇ ਹਨ ਅਤੇ ਉਨਾਂ ਐੱਨਐੱਸਓ ਖ਼ਿਲਾਫ਼ ਕੇਸ ਕੀਤਾ ਹੋਇਆ ਹੈ। ਉਸ ਸਮੇਂ ਕਈ ਅਹਿਮ ਹਸਤੀਆਂ ਦੇ ਵੱਡੇ ਪੱਧਰ 'ਤੇ ਡੇਟਾ ਲੀਕ ਹੋਣ ਦੇ ਦੋਸ਼ ਲੱਗੇ ਸਨ।

ਵੱਟਸਐਪ ਮੁਤਾਬਕ ਉਨਾਂ ਦੇ ਵਰਤੋਂਕਾਰਾਂ 'ਚ ਸ਼ਾਮਲ ਸੀਨੀਅਰ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਪੱਤਰਕਾਰਾਂ ਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਵੀ 2019 'ਚ ਨਿਸ਼ਾਨਾ ਬਣਾਇਆ ਗਿਆ ਸੀ। ਕੈਥਕਾਰਟ ਨੇ ਕਿਹਾ ਕਿ ਐੱਨਐੱਸਓ ਗਰੁੱਪ ਵੱਲੋਂ ਵੱਟਸਐਪ ਸੇਵਾ ਰਾਹੀਂ ਲੋਕਾਂ ਦੇ ਫੋਨਾਂ ਦੀ ਜਾਸੂਸੀ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਵੱਟਸਐਪ ਦੇ ਸੀਈਓ ਨੇ ਕਿਹਾ ਕਿ ਜਾਸੂਸੀ ਦਾ ਸ਼ਿਕਾਰ ਬਣਨ ਵਾਲੇ ਲੋਕਾਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਇਸੇ ਕਾਰਨ ਉਨਾਂ ਇਸ ਮੁੱਦੇ ਨੂੰ ਉਠਾਉਣਾ ਜ਼ਰੂਰੀ ਸਮਝਿਆ। 'ਦਿ ਗਾਰਡੀਅਨ' ਨੇ ਕਿਹਾ ਕਿ ਇਸ ਤੋਂ ਸਾਬਿਤ ਹੁੰਦਾ ਹੈ ਕਿ ਵੱਟਸਐਪ ਕੋਲ ਐੱਨਐੱਸਓ ਸਰਵਰ ਵੱਲੋਂ ਵਰਤੋਂਕਾਰਾਂ ਦੇ ਫੋਨਾਂ 'ਤੇ ਮਾਲਵੇਅਰ ਸਥਾਪਤ ਕਰਨ ਦੀ ਕੋਸ਼ਿਸ਼ ਦੇ ਸਬੂਤ ਹਨ। ਵੱਟਸਐਪ ਨੇ ਦੋ ਸਾਲ ਪਹਿਲਾਂ ਐਲਾਨ ਕੀਤਾ ਸੀ ਕਿ 1400 ਵਿਅਕਤੀਆਂ 'ਚੋਂ 100 ਪੱਤਰਕਾਰ, ਮਨੁੱਖੀ ਹੱਕਾਂ ਦੇ ਰਾਖੇ ਅਤੇ ਕਾਰਕੁੰਨ ਸ਼ਾਮਲ ਸਨ। ਰਿਪੋਰਟ ਮੁਤਾਬਕ ਕੈਥਕਾਰਟ ਨੇ ਕਿਹਾ ਕਿ ਉਨਾਂ ਵੱਟਸਐਪ ਵਰਤੋਂਕਾਰਾਂ ਖ਼ਿਲਾਫ਼ ਹਮਲਿਆਂ ਬਾਰੇ ਕਈ ਮੁਲਕਾਂ ਦੀਆਂ ਸਰਕਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਉਨਾਂ ਸਰਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਸਪਾਈਵੇਅਰ ਬਣਾਉਣ ਵਾਲਿਆਂ ਦੀ ਜਵਾਬਦੇਹੀ ਤੈਅ ਕਰਨ 'ਚ ਸਹਾਇਤਾ ਪ੍ਰਦਾਨ ਕਰਨ। ਉੱਧਰ ਇਜ਼ਰਾਇਲੀ ਸਪਾਈਵੇਅਰ ਬਣਾਉਣ ਵਾਲੇ ਨੇ ਦਾਅਵਾ ਕੀਤਾ ਹੈ ਕਿ ਲੀਕ ਹੋਏ ਡੇਟਾ 'ਚ ਸੰਭਾਵੀ ਵਿਅਕਤੀਆਂ ਦੇ ਨਾਮ ਵੀ ਸ਼ਾਮਲ ਹਨ। ਐੱਨਐੱਸਓ ਨੇ ਕਿਹਾ ਕਿ 50 ਹਜ਼ਾਰ ਵਿਅਕਤੀਆਂ ਦੀ ਜਾਸੂਸੀ ਕਰਾਉਣ ਨੂੰ ਵਧਾ-ਚੜਾ ਕੇ ਪੇਸ਼ ਕੀਤਾ ਗਿਆ ਹੈ ਅਤੇ ਪੈਗਾਸਸ ਵੱਲੋਂ ਇੰਨੀ ਵੱਡੀ ਗਿਣਤੀ 'ਚ ਵਿਅਕਤੀਆਂ ਦੀ ਜਾਸੂਸੀ ਕਰਾਉਣਾ ਮੁਸ਼ਕਲ ਹੈ।

ਇੱਥੇ ਜ਼ਿਕਰਯੋਗ ਹੈ ਕਿ ਹੁਰੀਅਤ ਕਾਨਫਰੰਸ ਮੁਖੀ ਮੀਰਵਾਈਜ਼, ਕਈ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਦੇ ਫੋਨ ਨੰਬਰ ਵੀ ਡੇਟਾਬੇਸ ਵਿਚ ਮੌਜੂਦ

ਕਸ਼ਮੀਰ ਵਾਦੀ ਨਾਲ ਸਬੰਧਤ 25 ਤੋਂ ਵੱਧ ਲੋਕਾਂ ਦੇ ਫੋਨ ਨੰਬਰ ਵੀ ਇਜ਼ਰਾਇਲੀ ਕੰਪਨੀ ਐਨਐੱਸਓ ਦੇ ਸੌਫਟਵੇਅਰ 'ਪੈਗਾਸਸ' ਨਾਲ ਜਾਸੂਸੀ ਕਰਨ ਲਈ ਚੁਣੇ ਗਏ ਸਨ। ਫੌਰੈਂਸਿਕ ਸਬੂਤ ਦੱਸਦੇ ਹਨ ਕਿ 'ਪੈਗਾਸਸ' ਦੀ ਵਰਤੋਂ ਕਰ ਕੇ ਕਸ਼ਮੀਰ ਵਿਚ ਫੋਨ ਨੰਬਰਾਂ ਦੀ ਜਾਸੂਸੀ ਕਰਨ ਦੇ ਯਤਨ ਕੀਤੇ ਗਏ ਹਨ। ਦਿੱਲੀ ਅਧਾਰਿਤ ਇਕ ਕਸ਼ਮੀਰੀ ਪੱਤਰਕਾਰ ਤੇ ਇਕ ਉੱਘਾ ਸਮਾਜਿਕ ਕਾਰਕੁਨ ਵੀ ਜਾਸੂਸੀ ਦੇ ਘੇਰੇ ਵਿਚ ਆਇਆ ਹੈ ਜੋ ਕਿ ਜੰਮੂ ਕਸ਼ਮੀਰ ਬਾਰੇ ਸਰਕਾਰੀ ਨੀਤੀ ਦਾ ਆਲੋਚਕ ਰਿਹਾ ਹੈ। 25 ਤੋਂ ਵੱਧ ਨੰਬਰ ਅਜਿਹੇ ਹਨ ਜਿਨਾਂ ਨੂੰ 2017 ਤੋਂ 2019 ਦੇ ਅੱਧ ਤੱਕ 'ਪੈਗਾਸਸ' ਦੇ ਘੇਰੇ ਵਿਚ ਲਿਆਉਣ ਲਈ ਚੁਣਿਆ ਗਿਆ ਸੀ। ਇਨਾਂ ਦੀ ਚੋਣ ਕਿਸੇ ਭਾਰਤੀ ਏਜੰਸੀ ਨੇ ਕੀਤੀ ਸੀ ਜੋ ਕਿ ਐਨਐੱਸਓ ਦੀਆਂ ਸੇਵਾਵਾਂ ਲੈਂਦੀ ਹੈ।

ਇਨਾਂ ਵਿਚੋਂ 'ਦਿ ਵਾਇਰ' ਨੇ ਵੱਖਵਾਦੀ ਆਗੂ ਬਿਲਾਲ ਲੋਨ ਤੇ ਦਿੱਲੀ ਯੂਨੀਵਰਸਿਟੀ ਵਿਚ ਲੈਕਚਰਾਰ ਰਹੇ ਮਰਹੂਮ ਐੱਸ.ਏ. ਆਰ. ਗਿਲਾਨੀ ਦੇ ਨੰਬਰਾਂ ਦਾ ਫੌਰੈਂਸਿਕ ਅਧਿਐਨ ਕਰਵਾਇਆ ਹੈ। ਲੋਨ ਦਾ ਫੋਨ ਡੇਟਾ 'ਐਮਨੈਸਟੀ' ਦੀ ਸਕਿਉਰਿਟੀ ਲੈਬ ਨੇ ਜਾਂਚਿਆ ਹੈ ਤੇ ਫੋਨ 'ਪੈਗਾਸਸ' ਦੇ ਨਿਸ਼ਾਨੇ ਉਤੇ ਹੋਣ ਦੇ ਸਬੂਤ ਮਿਲੇ ਹਨ। ਗਿਲਾਨੀ ਦੇ ਫੋਨ ਦੀ ਜਾਸੂਸੀ ਹੋਣ ਦੇ ਸਪੱਸ਼ਟ ਸੰਕੇਤ ਮਿਲੇ ਹਨ ਜੋ ਕਿ ਫਰਵਰੀ 2018 ਤੇ ਜਨਵਰੀ 2019 ਵਿਚਾਲੇ ਕਰਵਾਈ ਗਈ। ਸੂਚੀ ਵਿਚ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੇ ਪਰਿਵਾਰ ਦੇ ਦੋ ਮੈਂਬਰਾਂ ਦੇ ਨੰਬਰ ਵੀ ਸ਼ਾਮਲ ਹਨ।

ਸੂਬੇ ਦੀ 'ਅਪਨੀ ਪਾਰਟੀ' ਦੇ ਪ੍ਰਧਾਨ ਅਲਤਾਫ਼ ਬੁਖਾਰੀ ਦੇ ਭਰਾ ਤਾਰਿਕ ਬੁਖਾਰੀ ਦਾ ਨੰਬਰ ਵੀ ਸੂਚੀ ਵਿਚ ਮੌਜੂਦ ਹੈ। ਇਸ ਤੋਂ ਇਲਾਵਾ ਕਸ਼ਮੀਰ ਦੇ ਪ੍ਰਮੁੱਖ ਵੱਖਵਾਦੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੇ ਪਰਿਵਾਰ ਦੇ ਚਾਰ ਮੈਂਬਰਾਂ ਦੇ ਨੰਬਰ ਵੀ ਸੂਚੀ ਵਿਚ ਹਨ। ਹੁਰੀਅਤ ਕਾਨਫਰੰਸ ਮੁਖੀ ਮੀਰਵਾਈਜ਼ ਉਮਰ ਫਾਰੂਕ ਦਾ ਨੰਬਰ ਵੀ ਸੂਚੀ ਵਿਚ ਮੌਜੂਦ ਹੈ। ਫਾਰੂਕ ਦੇ ਇਕ ਸੀਨੀਅਰ ਸਹਿਯੋਗੀ ਨੇ ਕਿਹਾ ਕਿ ਅਜਿਹਾ ਕੀਤਾ ਜਾਣਾ ਉਨਾਂ ਦੀ 'ਨਿੱਜਤਾ ਤੇ ਬੁਨਿਆਦੀ ਹੱਕਾਂ ਦਾ ਘਾਣ' ਕਰਨ ਦੇ ਬਰਾਬਰ ਹੈ। ਇਸ ਤੋਂ ਇਲਾਵਾ ਸੂਚੀ ਵਿਚ ਮਨੁੱਖੀ ਹੱਕ ਕਾਰਕੁਨ ਵੱਕਾਰ ਭੱਟੀ, ਇੰਡੀਅਨ ਐਕਸਪ੍ਰੈੱਸ, ਹਿੰਦੁਸਤਾਨ ਟਾਈਮਜ਼, ਡੀਐੈਨਏ ਤੇ ਪੀਟੀਆਈ ਦੇ ਮੌਜੂਦਾ ਤੇ ਸਾਬਕਾ ਪੱਤਰਕਾਰਾਂ ਦੇ ਨੰਬਰ ਵੀ ਮਿਲੇ ਹਨ। ਇਹ ਸਾਰੇ ਕਸ਼ਮੀਰੀ ਪੱਤਰਕਾਰ ਹਨ।



**ਜਾਂਚ ਲਈ ਰਾਜ ਸਭਾ ਮੈਂਬਰ ਪੁੱਜੇ ਸੁਪਰੀਮ ਕੋਰਟ**

ਰਾਜ ਸਭਾ ਮੈਂਬਰ ਜਾਨ ਬ੍ਰਿਾਸ ਨੇ ਇਜ਼ਰਾਇਲੀ ਸਪਾਈਵੇਅਰ ਪੈਗਾਸਸ ਜ਼ਰੀਏ ਵਰਕਰਾਂ, ਨੇਤਾਵਾਂ, ਪੱਤਰਕਾਰਾਂ ਅਤੇ ਸੰਵਿਧਾਨਕ ਅਹੁਦਿਆਂ 'ਤੇ ਕੰਮ ਕਰਨ ਵਾਲੇ ਲੋਕਾਂ ਦੀ ਕਥਿਤ ਜਾਸੂਸੀ ਨੂੰ ਲੈ ਕੇ ਅਦਾਲਤ ਦੀ ਨਿਗਰਾਨੀ ਵਿਚ ਜਾਂਚ ਕਰਵਾਉਣ ਦੀ ਬੇਨਤੀ ਕਰਦੇ ਹੋਏ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ। ਸੁਪਰੀਮ ਕੋਰਟ ਵਿਚ ਜਨਹਿਤ ਪਟੀਸ਼ਨ ਦਾਖਲ ਕਰਨ ਵਾਲੇ ਬ੍ਰਿਾਸ ਨੇ ਕਿਹਾ ਕਿ ਹਾਲ ਹੀ ਵਿਚ ਜਾਸੂਸੀ ਦੇ ਦੋਸ਼ਾਂ ਨੇ ਇਕ ਵੱਡੇ ਵਰਗ 'ਚ ਚਿੰਤਾ ਪੈਦਾ ਕਰ ਦਿੱਤੀ ਹੈ ਅਤੇ ਜਾਸੂਸੀ ਦਾ ਪ੍ਰਗਟਾਵੇ ਦੀ ਆਜ਼ਾਦੀ 'ਤੇ ਡੂੰਘਾ ਅਸਰ ਪਵੇਗਾ। ਉਨਾਂ ਪੈਗਾਸਸ ਸਪਾਈਵੇਅਰ ਜ਼ਰੀਏ ਜਾਸੂਸਾਂ ਕਰਨ ਦੇ ਦੋਸ਼ਾਂ ਦੇ ਸਬੰਧ ਵਿਚ ਅਦਾਲਤ ਦੀ ਨਿਗਰਾਨੀ ਵਿਚ ਜਾਂਚ ਕਰਵਾਏ ਜਾਣ ਦੀ ਬੇਨਤੀ ਕੀਤੀ ਹੈ। ਮਾਕਪਾ ਦੇ ਮੈਂਬਰ ਬ੍ਰਿਾਸ ਨੇ ਕਿਹਾ ਕਿ ਬਹੁਤ ਗੰਭੀਰ ਮਾਮਲੇ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਸ ਮੁੱਦੇ ਨੂੰ ਲੈ ਕੇ ਦੋਸ਼ਾਂ ਦੀ ਜਾਂਚ ਕਰਵਾਉਣ ਦੀ ਪ੍ਰਵਾਹ ਨਹੀਂ ਕੀਤੀ ਹੈ।

ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਸਰਕਾਰ ਨੂੰ ਜਾਂ ਤਾਂ ਜਾਸੂਸੀ ਦੇ ਦੋਸ਼ਾਂ ਦੀ ਸੰਯੁਕਤ ਸੰਸਦੀ ਕਮੇਟੀ ਜ਼ਰੀਏ ਜਾਂਚ ਕਰਵਾਉਣੀ ਚਾਹੀਦੀ ਹੈ ਜਾਂ ਸੁਪਰੀਮ ਕੋਰਟ ਤੋਂ ਮਾਮਲੇ ਦੀ ਜਾਂਚ ਲਈ ਕਿਸੇ ਮੌਜੂਦਾ ਜੱਜ ਨੂੰ ਨਿਯੁਕਤ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਮਾਮਲੇ ਨੂੰ ਸੰਸਦ ਵਿਚ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਲੋਕਾਂ ਦੀ ਜਾਸੂਸੀ ਹੋਈ ਜਾਂ ਨਹੀਂ।

ਸ਼ਿਵ ਸੈਨਾ ਸੰਸਦ ਮੈਂਬਰ ਸੰਜੇ ਰਾਊਤ ਨੇ ਪੁੱਛਿਆ ਕਿ ਪੈਗਾਸਸ ਵੱਲੋਂ ਨੇਤਾਵਾਂ ਅਤੇ ਪੱਤਰਕਾਰਾਂ ਦੀ ਕਥਿਤ ਜਾਸੂਸੀ ਲਈ ਕਿਸ ਨੇ ਫੰਡਿੰਗ ਕੀਤੀ। ਉਨਾਂ ਇਸ ਦੀ ਤੁਲਨਾ ਹੀਰੋਸ਼ੀਮਾ ਬੰਬ ਹਮਲੇ ਨਾਲ ਕੀਤੀ। ਉਨਾਂ ਕਿਹਾ ਕਿ ਇਜ਼ਰਾਈਲ ਦੇ ਸਾਫਟਵੇਅਰ ਵੱਲੋਂ ਜਾਸੂਸੀ ਕਰਨ ਨਾਲ ਅਜ਼ਾਦੀ ਦੀ ਮੌਤ ਹੋਈ ਹੈ। ਸੰਸਦ ਮੈਂਬਰਾਂ ਕਾਂਗਰਸ ਦੇ ਮਲਿਕਾਰਜੁਨ ਖੜਗੇ, ਅਧੀਰ ਰੰਜਨ ਚੌਧਰੀ, ਕੇ ਸੀ ਵੇਣੂਗੋਪਾਲ, ਸ਼ਸ਼ੀ ਥਰੂਰ, ਡੀਐੱਮਕੇ ਦੀ ਕਨੀਮੋੜੀ ਅਤੇ ਸ਼ਿਵ ਸੈਨਾ ਦੀ ਪ੍ਰਿਯੰਕਾ ਚਤੁਰਵੇਦੀ ਨੇ ਮੰਗ ਕੀਤੀ ਕਿ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇਸ ਕਾਂਡ ਦੀ ਜੁਡੀਸ਼ਲ ਜਾਂਚ ਕਰਵਾਈ ਜਾਵੇ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੈਗਾਸਸ ਸੌਫਟਵੇਅਰ ਦੀ ਵਰਤੋਂ ਦੇਸ਼, ਇਸ ਦੀਆਂ ਸੰਸਥਾਵਾਂ ਤੇ ਲੋਕਤੰਤਰ ਦੇ ਖ਼ਿਲਾਫ਼ ਕੀਤੀ ਹੈ, ਤੇ 'ਇਸ ਸਭ ਲਈ ਇਕੋ-ਇਕ ਸ਼ਬਦ ਹੈ ਦੇਸ਼ਧ੍ਰੋਹ।' ਰਾਹੁਲ ਨੇ ਨਾਲ ਹੀ ਕਿਹਾ ਕਿ ਜਿਹੜਾ ਵੀ ਫੋਨ ਉਨਾਂ ਵਰਤਿਆ, ਉਸ ਦੀ ਜਾਸੂਸੀ ਕੀਤੀ ਗਈ। ਸਾਬਕਾ ਕਾਂਗਰਸ ਪ੍ਰਧਾਨ ਨੇ ਇਸ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਵਾਉਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਰਾਹੁਲ ਨੇ ਗ੍ਰਹਿ ਮੰਤਰੀ ਸ਼ਾਹ ਤੋਂ ਅਸਤੀਫ਼ਾ ਵੀ ਮੰਗਿਆ।

ਮਮਤਾ ਬੈਨਰਜੀ ਦਾ ਵੱਡਾ ਐਕਸ਼ਨ

ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪੇਗਾਸਸ ਜਾਸੂਸੀ ਮਾਮਲੇ ਵਿੱਚ ਜਾਂਚ ਕਮਿਸ਼ਨ ਕਾਇਮ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਜਾਂਚ ਕਮਿਸ਼ਨ ਵਿੱਚ ਦੋ ਸੇਵਾ ਮੁਕਤ ਜੱਜ ਸ਼ਾਮਲ ਹਨ, ਜੋ ਪੱਛਮੀ ਬੰਗਾਲ ਵਿੱਚ ਫੋਨ ਹੈਕਿੰਗ, ਟਰੈਕਿੰਗ 'ਤੇ ਫੋਨ ਰਿਕਾਰਡਿੰਗ ਦੇ ਦੋਸ਼ਾਂ ਦੀ ਪੜਤਾਲ ਕਰਨਗੇ। ਅਜਿਹਾ ਕਰਨ ਵਾਲਾ ਪੱਛਮੀ ਬੰਗਾਲ ਪਹਿਲਾ ਰਾਜ ਹੈ। ਸੇਵਾ ਮੁਕਤ ਜਸਟਿਸ ਐਮਬੀ ਲੋਕੁਰ ਤੇ ਜਿਓਤਿਰਮੋਏ ਭੱਟਾਚਾਰੀਆ ਇਸ ਪੈਗਾਸਸ ਰਿਪੋਰਟ ਦੀ ਪੜਤਾਲ ਕਰਨ ਵਾਲੇ ਕਮਿਸ਼ਨ ਦਾ ਹਿੱਸਾ ਹੋਣਗੇ।

*ਇੱਕ ਰਿਪੋਰਟ ਅਨੁਸਾਰ ਭਾਰਤੀ ਲੋਕਤੰਤਰ ਮੋਦੀ ਰਾਜ ਦੇ ਸੱਤ ਸਾਲਾਂ ਵਿੱਚ ਦੇਖਦੇ ਹੀ ਦੇਖਦੇ ਭਾਰਤ ਵਿਚ ਜਮਹੂਰੀਅਤ ਗਾਇਬ ਹੋ ਰਹੀ ਹੈ। ਹਾਕਮਾਂ ਦੀ ਜੀ ਹਜ਼ੂਰੀ ਦੇਸ਼ ਭਗਤੀ ਤੇ ਹਾਕਮਾਂ ਦੀ ਆਲੋਚਨਾ ਦੇਸ਼ਧ੍ਰੋਹ ਹੋ ਗਿਆ ਹੈ । ਹਰ ਸੰਸਥਾ, ਹਰ ਅਖ਼ਬਾਰ ਤੇ ਹਰ ਚੈਨਲ ਦਰਬਾਰੀ ਹਜ਼ੂਰੀਏ ਬਣਾ ਲਏ ਗਏ। ਸਭ ਲੋਕਤੰਤਰੀ ਸੰਸਥਾਵਾਂ ਉੱਤੇ ਕਬਜ਼ਾ ਕਰ ਲੈਣ ਬਾਅਦ ਵੀ ਹਕੂਮਤ ਦੀ ਤਸੱਲੀ ਨਹੀਂ ਹੋਈ ਤਾਂ ਆਪਣੇ ਨਵੇਂ ਬਣੇ ਮਿੱਤਰ ਇਜ਼ਰਾਈਲ ਦੀ ਮਦਦ ਨਾਲ ਹਰ ਜਾਗਰੂਕ ਵਿਅਕਤੀ ਉੱਤੇ ਨਜ਼ਰ ਰੱਖਣ ਲਈ ਉਨਾਂ ਪਿੱਛੇ ਪੈਗਾਸਸ ਨਾਂ ਦਾ ਯੰਤਰ ਲਾ ਦਿੱਤਾ ਗਿਆ ।*

*ਜਮਹੂਰੀਅਤ ਦੇ ਹਕ ਵਿਚ ਅੰਗਰੇਜ਼ੀ ਦੇ ਸਿਰਫ਼ ਦੋ ਅਖ਼ਬਾਰ ਦੀ ਟੈਲੀਗ੍ਰਾਫ ਤੇ ਦੀ ਹਿੰਦੂ ਆਪਣੇ ਪੈਰਾਂ ਉੱਤੇ ਖੜੇ ਰਹੇ, ਪਰ ਹਿੰਦੀ ਦੇ ਸਮੁੱਚੇ ਅਖ਼ਬਾਰ ਹੀ ਸਰਕਾਰ ਦਾ ਧੁਤੂ ਬਣੇ ਰਹੇ। ਪਿਛਲੇ ਕੁਝ ਸਮੇਂ ਤੋਂ ਦੈਨਿਕ ਭਾਸਕਰ ਨੇ ਦਲੇਰੀ ਦਿਖਾਈ ਤੇ ਉਹ ਕੋਰੋਨਾ ਮਹਾਂਮਾਰੀ ਦੌਰਾਨ ਸਰਕਾਰੀ ਨਾਕਾਮੀਆਂ ਦਾ ਪਰਦਾਫਾਸ਼ ਕਰਦਾ ਰਿਹਾ। ਪੈਗਾਸਸ ਜਸੂਸੀ ਮਾਮਲੇ ਵਿੱਚ ਵੀ ਦੈਨਿਕ ਭਾਸਕਰ ਭਾਰਤ ਦਾ ਇਕੱਲਾ ਹਿੰਦੀ ਅਖ਼ਬਾਰ ਸੀ, ਜਿਸ ਨੇ ਇਹ ਖ਼ਬਰ ਪਹਿਲੇ ਸਫ਼ੇ 'ਤੇ ਪ੍ਰਮੁਖਤਾ ਨਾਲ ਛਾਪੀ, ਬਾਕੀਆਂ ਨੇ ਤਾਂ ਅੰਦਰਲੇ ਸਫਿਆਂ ਉੱਤੇ ਕਿਸੇ ਕੋਨੇ ਵਿੱਚ ਸਿੰਗਲ ਕਾਲਮ ਖ਼ਬਰ ਛਾਪ ਕੇ ਪੱਤਰਕਾਰੀ ਦਾ ਫ਼ਰਜ਼ ਪੂਰਾ ਕਰ ਲਿਆ । ਮੋਦੀ ਸਰਕਾਰ ਨੂੰ ਇਹ ਕਿਵੇਂ ਬਰਦਾਸ਼ਤ ਹੋ ਸਕਦਾ ਹੈ ਕਿ ਕੋਈ ਹਿੰਦੀ ਅਖਬਾਰ ਹੀ ਉਸ ਦੇ ਵਿਰੁੱਧ ਲਿਖੇ । ਇਸੇ ਕਰਕੇ ਬੀਤੇ ਵੀਰਵਾਰ ਦਿਨ ਚੜਦਿਆਂ ਹੀ ਅਪ੍ਰੇਸ਼ਨ ਸ਼ੁਰੂ ਹੋ ਗਿਆ ਤੇ ਇਨਕਮ ਟੈਕਸ ਵਿਭਾਗ ਦੀਆਂ ਟੀਮਾਂ ਨੇ ਦੈਨਿਕ ਭਾਸਕਰ ਦੇ ਵੱਖ-ਵੱਖ ਰਾਜਾਂ ਵਿਚਲੇ ਦਫ਼ਤਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਛਾਣਬੀਣ ਸ਼ੁਰੂ ਕਰ ਦਿੱਤੀ। ਇਸ ਘਟਨਾ ਨੇ ਚੌਂਤੀ ਸਾਲ ਪਹਿਲਾਂ ਰਾਜੀਵ ਗਾਂਧੀ ਸਰਕਾਰ ਵੱਲੋਂ ਇੰਡੀਅਨ ਐਕਸਪ੍ਰੈਸ ਉਤੇ ਮਾਰੇ ਛਾਪਿਆਂ ਦੀ ਯਾਦ ਤਾਜ਼ਾ ਕਰਾ ਦਿੱਤੀ । ਉਸ ਸਮੇਂ ਇੰਡੀਅਨ ਐਕਸਪ੍ਰੈਸ ਬੋਫਰਜ਼ ਤੋਪ ਸੌਦੇ ਵਿੱਚ ਹੋਏ ਘੁਟਾਲਿਆਂ ਲਈ ਰਾਜੀਵ ਗਾਂਧੀ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰ ਰਿਹਾ ਸੀ ।ਇਹ ਤਸੱਲੀ ਵਾਲੀ ਗੱਲ ਹੈ ਕਿ ਦੈਨਿਕ ਭਾਸਕਰ ਦੇ ਪ੍ਰਬੰਧਕ ਛਾਪਿਆਂ ਤੋਂ ਡਰਨ ਦੀ ਥਾਂ ਹਿੱਕ ਤਾਣ ਕੇ ਖੜ ਗਏ ਹਨ । ਦੈਨਿਕ ਭਾਸਕਰ ਨੇ ਹਿੰਮਤ ਦਿਖਾਈ ਹੈ, ਅਸੀਂ ਇਸ ਦਾ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਹੋਰ ਅਦਾਰੇ ਵੀ ਇਸੇ ਰਾਹ ਤੁਰਨਗੇ ।*

## ਨਾਗਰਿਕਾਂ, ਸਰਕਾਰ ਵਿਰੋਧੀਆਂ ਤੇ ਪੱਤਰਕਾਰਾਂ ਦੀ ਜਾਸੂਸੀ ਦੇ ਖ਼ਿਲਾਫ਼ ਹਾਂ : ਅਮਰੀਕਾ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਨੇ ਕਿਹਾ ਕਿ ਉਹ ਨਾਗਰਿਕ ਸੰਗਠਨਾਂ, ਸ਼ਾਸਨ ਵਿਰੋਧੀਆਂ ਤੇ ਪੱਤਰਕਾਰਾਂ ਖ਼ਿਲਾਫ਼ ਗੈਰ-ਕਾਨੂੰਨੀ ਢੰਗ ਨਾਲ ਜਾਸੂਸੀ ਤਕਨੀਕ ਦੀ ਵਰਤੋਂ ਕਰਨ ਦੇ ਖ਼ਿਲਾਫ਼ ਹੈ । ਹਾਲਾਂਕਿ, ਕਿਹਾ ਕਿ ਭਾਰਤ ਵਿਚ ਪੈਗਾਸਸ ਦੇ ਜਾਸੂਸੀ ਮਾਮਲੇ ਵਿਚ ਉਸ ਦੀ ਕੋਈ ਵਿਸ਼ੇਸ਼ ਸਮਝ ਨਹੀਂ ਹੈ ।

## ਪੈਗਾਸਸ ਵਰਗੀਆਂ ਤਕਨੀਕਾਂ ਕਾਰਨ ਹੀ ਲੱਖਾਂ ਲੋਕ ਰਾਤ ਨੂੰ ਚੈਨ ਦੀ ਨੀਂਦ ਸੌਂਦੇ-ਐਨ.ਐਸ.ਓ.

**ਯੇਰੂਸ਼ਲਮ/ਏ.ਟੀ.ਨਿਊਜ਼:** ਜਾਸੂਸੀ ਸਾਫਟਵੇਅਰ ਪੈਗਾਸਸ ਬਣਾਉਣ ਵਾਲੀ ਇਜ਼ਰਾਈਲ ਦੀ ਸਾਈਬਰ ਸੁਰੱਖਿਆ ਕੰਪਨੀ ਐਨ.ਐਸ.ਓ. ਨੇ ਵੱਖ-ਵੱਖ ਦੇਸ਼ਾਂ ਵਿਚ ਪੱਤਰਕਾਰਾਂ, ਸਿਆਸਤਦਾਨਾਂ, ਮਨੁੱਖੀ ਅਧਿਕਾਰਾਂ ਦੇ ਰਖਵਾਲਿਆਂ ਤੇ ਹੋਰਾਂ ਦੀ ਜਾਸੂਸੀ ਕਾਰਨ ਪੈਦਾ ਹੋਏ ਵਿਵਾਦ ਦੌਰਾਨ ਆਪਣਾ ਬਚਾਅ ਕਰਦਿਆਂ ਕਿਹਾ ਕਿ ਪੈਗਾਸਸ ਵਰਗੀਆਂ ਤਕਨੀਕਾਂ ਕਾਰਨ ਹੀ ਲੱਖਾਂ ਲੋਕ ਚੈਨ ਨਾਲ ਰਾਤ ਨੂੰ ਆਪਣੇ ਘਰਾਂ ਵਿਚ ਸੌਂਦੇ ਹਨ ਤੇ ਸੜਕਾਂ 'ਤੇ ਬੇਫਿਕਰ ਘੁੰਮਦੇ ਹਨ । ਕੰਪਨੀ ਨੇ ਕਿਹਾ ਕਿ ਉਹ ਸਾਫਟਵੇਅਰ ਨੂੰ ਅਪਰੇਟ ਨਹੀਂ ਕਰਦੀ ਹੈ ਤੇ ਨਾ ਹੀ ਉਸ ਕੋਲ ਆਪਣੇ ਗਾਹਕਾਂ ਵਲੋਂ ਇਕੱਤਰ ਕੀਤੀ ਗਈ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ। ਕੰਪਨੀ ਨੇ ਕਿਹਾ ਕਿ ਅਸੀ ਇਕ ਸੁਰੱਖਿਅਤ ਦੁਨੀਆ ਬਣਾਉਣ ਵਿਚ ਮਦਦ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ । ਕੰਪਨੀ ਨੇ ਕਿਹਾ ਕਿ ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਸਾਫਟਵੇਅਰ ਦੀ ਦੁਰਵਰਤੋਂ ਹੋਈ ਹੈ ਤਾਂ ਉਹ ਕਾਰਵਾਈ ਕਰਦੀ ਹੈ । ਇਹ ਤਕਨੀਕ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

30 ਜੁਲਾਈ 2021 ਤੋਂ 05 ਅਗਸਤ 2021

# ਪੰਜਾਬ ਦੇ ਜਮੀਨਦੋਜ਼ ਪਾਣੀ ਦਾ ਭੰਡਾਰ ਮੁੱਕਣ ਕੰਢੇ

ਅਸੀਂ ਸਾਰੇ ਹੀ ਇਸ ਗੱਲ ਤੋਂ ਭਲੀਭਾਂਤ ਜਾਣੂ ਹਾਂ ਕਿ ਪੰਜਾਬ ਦੇ ਪਾਣੀ ਦੀ ਸਮੱਸਿਆ ਦੇ ਤਿੰਨ ਮੁੱਖ ਪੱਖ ਹਨ ਜਿਸ ਵਿੱਚ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਜੋ ਪੰਜਾਬ ਨੂੰ ਨਹੀਂ ਮਿਲਿਆ, ਦੂਜਾ ਪੰਜਾਬ ਦਾ ਜਮੀਨੀ ਪਾਣੀ ਜੋ ਮੁੱਕਣ ਦੀ ਕਗਾਰ ’ਤੇ ਹੈ ਅਤੇ ਤੀਜਾ ਪੰਜਾਬ ਦੇ ਪਾਣੀ ਦੇ ਪ੍ਰਦੂਸ਼ਣ ਦਾ ਮਸਲਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਸਿਆਸੀ ਹੋਣ ਕਰਕੇ ਗਾਹੇ-ਬਗਾਹੇ ਸਾਡੀ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ, ਦੂਸਰੇ ਦੋਵੇਂ ਪੱਖ ਵੀ ਚਰਚਾ ਵਿੱਚ ਆਉਂਦੇ ਹਨ ਪਰ ਇੰਨੇ ਜਿਆਦਾ ਨਹੀਂ ਜਦਕਿ ਜਮੀਨੀ ਪਾਣੀ ਦੇ ਜੇਕਰ ਅੰਕੜੇ ਵੇਖੇ ਜਾਣ ਤਾਂ ਪੰਜਾਬ ਦਾ ਜਮੀਨੀ ਪਾਣੀ ਬਿਲਕੁਲ ਖਤਮ ਹੋਣ ਕਿਨਾਰੇ ਆਣ ਪਹੁੰਚਿਆ ਹੈ।

ਪੰਜਾਬ ਦੇ ਜਮੀਨਦੋਜ਼ ਪਾਣੀ ਬਾਰੇ 31 ਮਾਰਚ 2017 ਨੂੰ ਸੈਂਟਰਲ ਗਰਾਊਂਡ ਵਾਟਰ ਬੋਰਡ (ਇੰਡੀਆ), ਵਾਟਰ ਰਿਸੋਰਸ ਐਂਡ ਇਨਵਾਇਰਨਮੈਂਟ ਡਾਇਰੈਕਟੋਰੇਟ (ਇੰਡੀਆ), ਵਾਟਰ ਰਿਸੋਰਸ ਡਿਪਾਰਟਮੈਂਟ (ਪੰਜਾਬ), ਡਿਪਾਰਟਮੈਂਟ ਆਫ ਐਗਰੀਕਲਚਰ ਐਂਡ ਫਾਰਮਰਜ਼ ਵੈਲਫੇਅਰ (ਪੰਜਾਬ) ਅਤੇ ਪੰਜਾਬ ਵਾਟਰ ਰਿਸੋਰਸਿਸ ਮੈਨੇਜਮੈਂਟ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਿਡ ਨੇ ਲੇਖਾ ਜਾਰੀ ਕੀਤਾ ਜਿਸ ਤੋਂ ਪੰਜਾਬ ਦੇ ਜਮੀਨੀ ਪਾਣੀ ਦੇ ਸੰਕਟ ਦੀ ਗੰਭੀਰਤਾ ਸੌਖਿਆਂ ਸਮਝ ਪੈ ਸਕਦੀ ਹੈ। ਸੰਨ 1984 ਤੋਂ 2016 ਤੱਕ ਪੰਜਾਬ ਦੇ 85 ਫ਼ੀਸਦ ਇਲਾਕੇ ਵਿੱਚ ਜਮੀਨੀ ਪਾਣੀ ਦਾ ਪੱਧਰ ਹੇਠਾਂ ਡਿੱਗਿਆ ਹੈ। ਸਿਰਫ 15 ਫ਼ੀਸਦ ਇਲਾਕੇ ਵਿੱਚ ਜਮੀਨੀ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਉੱਪਰ ਗਿਆ ਹੈ। ਪਰ ਜਿੱਥੇ ਪਾਣੀ ਦਾ ਪੱਧਰ ਉੱਪਰ ਗਿਆ ਹੈ। ਉਹ ਕਿਉਂ ਗਿਆ ? ਇਹ ਵੀ ਕੋਈ ਸੰਤੁਸ਼ਟੀ ਵਾਲੀ ਗੱਲ ਨਹੀਂ ਹੈ। ਸੰਤੁਸ਼ਟੀ ਵਾਲੀ ਗੱਲ ਇਸ ਲਈ ਨਹੀਂ ਹੈ ਕਿਉਂਕਿ ਜਿਸ ਇਲਾਕੇ ਵਿੱਚ ਪਾਣੀ ਦਾ ਪੱਧਰ ਉੱਪਰ ਗਿਆ ਹੈ ਉੱਥੇ ਦਾ ਪਾਣੀ ਵਰਤਨਯੋਗ ਨਹੀਂ ਹੈ, ਜਿਆਦਾ ਖਾਰਾ ਹੋਣ ਕਰਕੇ ਨਾ ਹੀ ਉਹ ਖੇਤਾਂ ਨੂੰ ਦਿੱਤਾ ਜਾ ਸਕਦਾ ਹੈ ਅਤੇ ਨਾ ਹੀ ਘਰੇਲੂ ਵਰਤੋਂ ਵਿੱਚ ਆ ਸਕਦਾ ਹੈ। ਜਮੀਨੀ ਪਾਣੀ ਹੇਠਾਂ ਜਾਣ ਦੇ ਮਾਮਲੇ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਜ਼ਿਲਿਆਂ ਵਿੱਚ ਬਠਿੰਡਾ, ਮੋਗਾ, ਬਰਨਾਲਾ, ਸੰਗਰੂਰ, ਪਟਿਆਲਾ, ਫਤਹਿਗੜ ਸਾਹਿਬ, ਮੁਹਾਲੀ, ਹੁਸ਼ਿਆਰਪੁਰ ਜਲੰਧਰ ਅਤੇ ਪਠਾਨਕੋਟ ਸ਼ਾਮਿਲ ਹਨ। ਔਸਤਨ ਹਰ ਸਾਲ 1.6 ਫੁੱਟ ਪਾਣੀ ਦਾ ਪੱਧਰ ਹੇਠਾਂ ਗਿਆ ਹੈ ਪਰ ਕੁਝ ਜ਼ਿਲੇ ਅਜਿਹੇ ਵੀ ਹਨ ਜਿੱਥੇ ਸਾਲ ਵਿੱਚ 3 ਫੁੱਟ ਤੋਂ ਵੀ ਜਿਆਦਾ ਪਾਣੀ ਦਾ ਪੱਧਰ ਹੇਠਾਂ ਗਿਆ ਹੈ। ਜਿਨਾਂ ਵਿੱਚ ਬਰਨਾਲਾ (3.39 ਫੁੱਟ), ਪਟਿਆਲਾ (3.28 ਫੁੱਟ) ਅਤੇ ਸੰਗਰੂਰ (3.50 ਫੁੱਟ) ਸ਼ਾਮਿਲ ਹਨ। 2010 ਤੋਂ ਪਹਿਲਾਂ ਪੰਜਾਬ ਵਿੱਚ ਹਰ ਥਾਂ ਪਾਣੀ ਤਕਰੀਬਨ 100 ਫੁੱਟ ਤੋਂ ਉੱਤੇ ਹੀ ਸੀ। 2010 ਵਿੱਚ ਸਿਰਫ 600 ਹੈਕਟੇਅਰ ਜਮੀਨ ਵਿੱਚ ਪਾਣੀ ਦਾ ਪੱਧਰ 100 ਫੁੱਟ ਤੋਂ ਹੇਠਾਂ ਗਿਆ ਸੀ ਜੋ ਹੁਣ ਵੱਧ ਕੇ 5 ਲੱਖ 40 ਹਜ਼ਾਰ 600 ਹੈਕਟੇਅਰ ਜਮੀਨ ਹੋ ਗਈ ਹੈ ਜਿੱਥੇ ਪਾਣੀ ਦਾ ਪੱਧਰ 100 ਫੁੱਟ ਤੋਂ ਹੇਠਾਂ ਚਲਾ ਗਿਆ ਹੈ। ਜਿੱਥੇ ਜਮੀਨ ਵਿੱਚੋਂ ਕੱਢੇ ਜਾਣ ਵਾਲੇ ਪਾਣੀ ਦੀ ਮਾਤਰਾ ਜਮੀਨ ਵਿੱਚ ਰਿਸ ਕੇ ਜਾਣ ਵਾਲੇ ਪਾਣੀ ਦੀ ਮਾਤਰਾ ਤੋਂ ਵੱਧ ਹੋਵੇ ਉਸ ਨੂੰ ਓਵਰ ਐਕਸਪੋਲਾਇਟਡ ਬਲਾਕ ਕਿਹਾ ਜਾਂਦਾ ਹੈ। 1984 ਵਿੱਚ ਪੰਜਾਬ ਦੇ ਓਵਰ ਐਕਸਪੋਲਾਇਟਡ ਬਲਾਕ **(over exploited blocks)** ਸਿਰਫ 45 ਫ਼ੀਸਦ ਸਨ ਜੋ ਹੁਣ ਵੱਧ ਕੇ 80 ਫ਼ੀਸਦ ਹੋ ਗਏ ਹਨ। ਸ੍ਰੀ ਅੰਮ੍ਰਿਤਸਰ, ਸ੍ਰੀ ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, ਪਟਿਆਲਾ, ਸੰਗਰੂਰ, ਫਤਹਿਗੜ ਸਾਹਿਬ, ਫਿਰੋਜ਼ਪੁਰ, ਮੋਗਾ ਅਤੇ ਫਰੀਦਕੋਟ ਜ਼ਿਲਿਆਂ ਦੇ ਸਾਰੇ ਹੀ ਬਲਾਕ ਓਵਰ ਐਕਸਪੋਲਾਇਟਡ ਹਨ।

ਕਿਸੇ ਵੇਲੇ ਇਹ ਗੱਲ ਮੰਨਣੀ ਔਖੀ ਲੱਗਦੀ ਸੀ ਕਿ ਜਮੀਨ ਹੇਠਲਾ ਪਾਣੀ ਵੀ ਕਦੀ ਮੁੱਕੇਗਾ ਪਰ ਐਤਕੀਂ ਬਰਸਾਤਾਂ ਤੋਂ ਪਹਿਲਾਂ ਦੀ ਔੜ. ਨੇ ਕਾਫੀ ਹਿੱਸੇ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ ਕਿ ਕੀ ਜਮੀਨ ਹੇਠਲਾ ਪਾਣੀ ਸੱਚੀਂ ਮੁੱਕ ਜਾਵੇਗਾ ? ਸੈਂਟਰਲ ਗਰਾਊਂਡ ਵਾਟਰ ਬੋਰਡ (ਇੰਡੀਆ) ਵੱਲੋਂ 31 ਮਾਰਚ 2017 ਨੂੰ ਜਾਰੀ ਕੀਤੇ ਗਏ ਲੇਖੇ ਅਨੁਸਾਰ ਪੰਜਾਬ ਦੇ ਜਮੀਨਦੋਜ਼ ਪਾਣੀ ਦੇ ਕੁੱਲ ਭੰਡਾਰ ਵਿੱਚੋਂ ਪਹਿਲੇ ਪੱਤਣ (100 ਮੀਟਰ ਡੂੰਘਾਈ ਤੱਕ) ਵਿੱਚ 139 ਐਮ.ਏ. ਔਫ ਪਾਣੀ ਹੈ, ਦੂਜੇ ਪੱਤਣ (100-200 ਮੀਟਰ ਡੂੰਘਾਈ ਤੱਕ) ਵਿੱਚ 61.5 ਐਮ.ਏ.ਔਫ, ਤੀਜੇ ਪੱਤਣ (200-300 ਮੀਟਰ ਡੂੰਘਾਈ ਤੱਕ) ਵਿੱਚ 42 ਐਮ.ਏ.ਔਫ ਪਾਣੀ ਹੈ ਅਤੇ ਇੱਕ ਸਾਲ ਵਿੱਚ ਜਮੀਨ ਹੇਠਾਂ ਰਿਸਣ ਵਾਲਾ ਕੁੱਲ ਪਾਣੀ 17.5 ਐਮ.ਏ.ਔਫ ਹੈ। ਪੰਜਾਬ ਦਾ ਕੁੱਲ ਜਮੀਨਦੋਜ਼ ਜਲ ਭੰਡਾਰ (ਸਾਰੇ ਪੱਤਣ ਅਤੇ ਸਲਾਨਾ ਰਿਸਾਅ ਨੂੰ ਮਿਲਾਅ ਕੇ) 160 ਐਮ.ਏ. ਔਫ ਬਣਦਾ ਹੈ। ਪੰਜਾਬ ਵਿੱਚ ਜਮੀਨ ਹੇਠੋਂ ਪਾਣੀ ਕੱਢਣ ਦੀ ਦਰ 165% ਹੈ ਜਿਸ ਕਾਰਨ ਜਮੀਨਦੋਜ਼ ਜਲ ਭੰਡਾਰ ਮੁੱਕਦਾ ਜਾ ਰਿਹਾ ਹੈ। ਪੰਜਾਬ ਦੇ ਜਮੀਨਦੋਜ਼ ਜਲ ਭੰਡਾਰ ਵਿੱਚੋਂ ਹਰ ਸਾਲ 29.01 ਐਮ.ਏ.ਔਫ ਪਾਣੀ ਕੱਢਿਆ ਜਾ ਰਿਹਾ ਹੈ ਜਿਸ ਵਿੱਚੋਂ 28.03 ਐਮ.ਏ. ਔਫ ਪਾਣੀ ਖੇਤਾਂ ਲਈ ਕੱਢਿਆ ਜਾਂਦਾ ਹੈ ਅਤੇ ਬਾਕੀ ਘਰਾਂ ਅਤੇ ਉਦਯੋਗ ਲਈ। ਹਰ ਸਾਲ ਜਮੀਨ ਹੇਠੋਂ ਤਕਰੀਬਨ 11.58 ਐਮ.ਏ.ਔਫ ਪਾਣੀ ਵੱਧ ਕੱਢਿਆ ਜਾ ਰਿਹਾ ਹੈ ਜਾਂ ਕਹਿ ਲਈਏ ਕਿ ਹਰ ਸਾਲ ਪੰਜਾਬ ਦੇ ਜਮੀਨਦੋਜ਼ ਜਲ ਭੰਡਾਰ ਵਿੱਚ 11.58 ਐਮ.ਏ.ਔਫ ਪਾਣੀ ਦਾ ਘਾਟਾ ਪੈ ਰਿਹਾ ਹੈ।

ਪਾਣੀ ਮੁੱਕਣ ਦੀ ਦਰ ਦੇ ਹਿਸਾਬ ਨਾਲ ਪੰਜਾਬ ਦੇ ਜਮੀਨਦੋਜ਼ ਪਾਣੀ ਦਾ ਭੰਡਾਰ ਸਾਲ 2040 ਤੱਕ ਮੁੱਕ ਜਾਵੇਗਾ ਜਿਸ ਵਿੱਚੋਂ ਪਹਿਲਾ ਪੱਤਣ ਅਗਲੇ ਅੱਠ ਸਾਲਾਂ ਵਿੱਚ ਹੀ ਮੁੱਕ ਜਾਵੇਗਾ। ਇਸ ਤੋਂ ਵੀ ਵੱਧ ਖਤਰਨਾਕ ਗੱਲ ਇਹ ਹੈ ਕਿ ਪੰਜਾਬ ਦੇ ਕਈ ਜ਼ਿਲਿਆਂ ਵਿੱਚ ਪਹਿਲੇ ਪੱਤਣ ਤੋਂ ਬਾਅਦ ਜਮੀਨ ਹੇਠਾਂ ਪਾਣੀ ਹੀ ਨਹੀਂ ਹੈ ਜਿਨਾਂ ਵਿੱਚ ਮੋਗਾ, ਫਾਜ਼ਿਲਕਾ, ਬਠਿੰਡਾ, ਮਾਨਸਾ, ਸ੍ਰੀ ਮੁਕਤਸਰ, ਪਠਾਨਕੋਟ, ਗੁਰਦਸਪੁਰ, ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨਤਾਰਨ ਸ਼ਾਮਿਲ ਹਨ।

ਹਾਲਾਤ ਅਤਿ ਗੰਭੀਰ ਹਨ, ਸਮਾਂ ਲੰਘਦਾ ਜਾ ਰਿਹਾ ਹੈ ਅਤੇ ਪੰਜਾਬ ਬੇਰਾਨ ਹੋਣ ਦੀ ਕਗਾਰ ’ਤੇ ਹੈ। ਸਾਨੂੰ ਪਾਣੀ ਦੀ ਵਰਤੋਂ ਹਰ ਹਾਲ ਵਿੱਚ ਘਟਾਉਣੀ ਪਵੇਗੀ, ਝੋਨੇ ਦੀ ਫਸਲ ਅਤੇ ਬਿਜਾਈ ਦੇ ਤਰੀਕੇ ਦੇ ਬਦਲ ਵੱਲ ਜਾਣਾ ਪੈਣਾ ਹੈ ਅਤੇ ਸਿਆਸੀ ਪਾਰਟੀਆਂ ’ਤੇ ਲਗਾਤਾਰ ਦਬਾਅ ਬਣਾਉਣਾ ਪਵੇਗਾ ਕਿ ਉਹ ਇਸ ਸੰਕਟ ਨੂੰ ਦੂਰ ਕਰਨ ਵਿੱਚ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ। ਜਮੀਨੀ ਪਾਣੀ ਦੀ ਵਰਤੋਂ ਘਟਾਉਣ ਅਤੇ ਵੱਧ ਤੋਂ ਵੱਧ ਪਾਣੀ ਜਮੀਨਦੋਜ਼ ਕਰਨ ਲਈ ਆਪੋ ਆਪਣੇ ਪੱਧਰ ਉੱਤੇ ਵੀ ਜਿੰਨੇ ਯਤਨ ਸੰਭਵ ਹੋਣ ਕਰਨੇ ਚਾਹੀਦੇ ਹਨ। ਜੇਕਰ ਇਸ ਤਰਾਂ ਨਾ ਕੀਤਾ ਗਿਆ ਤਾਂ ਜਿਸ ਗੱਲ ਦੇ ਵਾਪਰਨ ਦੇ ਕਿਆਸ ਲਾਏ ਜਾ ਰਹੇ ਹਨ ਉਸ ਨੇ ਵਾਪਰ ਕੇ ਹੀ ਰਹਿਣਾ ਹੈ।

# ਕੈਦਬੰਦੀ ਦਾ ਅਨੁਭਵ ਅਤੇ ਵਿਅਕਤੀਗਤ ਪ੍ਰਭਾਵ



ਰਣਜੀਤ ਸਿੰਘ ਕੁਕੀ

ਪ੍ਰਾਚੀਨ ਸਮੇਂ ਤੋਂ ਹੀ ਸਮਾਜਿਕ ਸਮੂਹ ਤੋਂ ਵਿਅਕਤੀ ਨੂੰ ਅਲੱਗ ਅਤੇ ਬਾਹਰ ਕਰਨ ਜਾਂ ਕੈਦਬੰਦੀ ਸਜ਼ਾ ਦੇ ਰੂਪ ਰਹੇ ਹਨ। ਇਹ ਰੂਪ ਅੱਜ ਵੀ ਸੰਸਾਰ ਵਿਚ ਵੱਖ-ਵੱਖ ਢੰਗਾਂ ਨਾਲ ਪ੍ਰਚਲਿਤ ਹਨ।ਕੈਦਬੰਦੀ ਸ਼ਬਦ ਪਹਿਲੀ ਵਾਰੀ 1592 ਵਿਚ ਪ੍ਰਯੋਗ ਕੀਤਾ ਗਿਆ ਸੀ ਜਿਸ ਦੀ ਉਤਪਤੀ ਫ੍ਰੈਂਚ ਸ਼ਬਦ ‘ਕਨਫਾਈਨਰ’ ਤੋਂ ਹੋਈ ਜਿਸ ਦਾ ਅਰਥ ਸੀ ਕਿਸੇ ਨੂੰ ਕੈਦ ਕਰਕੇ ਰੱਖਣਾ ਜਾਂ ਇਕ ਹੀ ਥਾਂ ਉੱਪਰ ਸੀਮਿਤ ਰੱਖਣਾ।ਇਸ ਦਾ ਉਦੇਸ਼ ਕਿਸੇ ਵਿਅਕਤੀ ਨੂੰ ਹਮੇਸ਼ਾ ਲਈ ਮਾਨਸਿਕ ਤੌਰ ਤੇ ਨੁਕਸਾਨ ਪਹੁੰਚਾਉਣਾ ਸੀ ਜਿਸ ਦਾ ਨਤੀਜਾ ਉਸ ਮਾਨਸਿਕ ਵਿਗਾੜ ਦੇ ਰੂਪ ਵਿਚ ਨਿਕਲਦਾ ਹੈ ਜਿਸ ਵਿਚ ਵਿਅਕਤੀ ਦੂਜਿਆਂ ਪ੍ਰਤੀ ਬੇਭਰੋਸਗੀ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਉਸ ਵਿਚ ਸਪੱਸ਼ਟ ਵਿਚਾਰ ਰੱਖਣ ਦੀ ਸਮਰੱਥਾ ਨਹੀਂ ਰਹਿੰਦੀ।ਉਹ ਵਿਅਕਤੀ ਮਾਨਸਿਕ ਅਜ਼ਾਬ ਕਰਕੇ ਆਪਣੇ ਆਲੇ-ਦੁਆਲੇ ਦੀ ਅਸਲੀਅਤ ਜਾਂ ਕਲਪਨਾ ਵਿਚ ਭੇਦ ਨਹੀਂ ਕਰ ਸਕਦਾ।

ਕੈਦ ਕਦੀ ਵੀ ਨਾ ਬਦਲਣ ਵਾਲੇ ਮਾਹੌਲ ਵਿਚ ਹੰਢਾਈ ਜਾਣ ਵਾਲੀ ਇਕੱਲਤਾ ਹੈ ਜਿਸ ਵਿਚ ਕੋਈ ਵਿਅਕਤੀ ਕਦੇ ਨਾ ਅਨੁਮਾਨ ਲਗਾਏ ਜਾਣ ਵਾਲੇ ਢੰਗਾਂ ਰਾਹੀ ਮਹਿਜ ਸੰਵੇਦੀ ਸੂਚਨਾ ਪ੍ਰਾਪਤ ਕਰਦਾ ਹੈ, ਜਿਸ ਵਿਚ ਉਸ ਦਾ ਜਿਆਦਾਤਰ ਵਕਤ ਆਪਣੇ ਆਲੇ ਦੁਆਲੇ ਦੀ ਦੁਨੀਆਂ ਤੋਂ ਉਤੇਜਨਾ ਅਤੇ ਸ਼ਕਤੀ ਪ੍ਰਾਪਤ ਕਰਨ ਦੀ ਪ੍ਰੀਕਿਰਿਆ ਵਿਚ ਗੁਜਰਦਾ ਹੈ। ਆਪਣੇ ਆਲੇ ਦੁਆਲੇ ਤੋਂ ਪ੍ਰਾਪਤ ਹੋਈ ਨੀਰਸ ਉਤੇਜਨਾ ਹੀ ਉਸ ਨੂੰ ਆਪਣੇ ਅੰਦਰ ਵੱਲ ਮੋੜਦੀ ਹੈ। ਇਹੀ ਘੜੀ ਉਸ ਦੇ ਆਪਣੇ ਅੰਦਰੂਨੀ ਅਨੁਭਵ ਦੀ ਪਰਖ ਦੀ ਵੀ ਘੜੀ ਹੁੰਦੀ ਹੈ। ਇਹ ਸਥਿਤੀ ਉਸ ਵਿਚ ਬਦਲਵੀਂ ਚੇਤਨਾ ਪੈਦਾ ਕਰਦੀ ਹੈ, ਜੜ ਦੁਚਿੱਤੀ ਪੈਦਾ ਕਰਦੀ ਹੈ ਅਤੇ ਉਸ ਅੰਦਰ ਬੇਚੈਨੀ ਨੂੰ ਨਿਰੰਤਰ ਵਧਾਉਂਦੀ ਹੈ। ਇਸ ਦਾ ਨਤੀਜਾ ਅਸਪੱਸ਼ਟ ਪ੍ਰਤੀਕਿਰਿਆ, ਵਿਚਿੱਤਰ ਸਥਿਤੀਆਂ ਅਤੇ ਦੁਚਿੱਤੀ ਦੇ ਰੂਪ ਵਿਚ ਨਿਕਲਦਾ ਹੈ। ਨਿਰੰਤਰ ਇਕੋ ਜਿਹੇ ਮਾਹੌਲ ਵਿਚ ਰਹਿਣ ਦੀ ਨੀਰਸਤਾ ਵਿਅਕਤੀ ਨੂੰ ਚਿੜਚਿੜਾਹਟ ਅਤੇ ਸਰੀਰਕ ਅਤੇ ਮਾਨਸਿਕ ਯਾਤਨਾ ਦਾ ਸ਼ਿਕਾਰ ਬਣਾ ਦਿੰਦੀ ਹੈ। ਸਮਾਜਿਕ ਦਾਇਰੇ ਤੋਂ ਦੂਰ ਲੰਮੇ ਸਮੇਂ ਲਈ ਇਕੱਲਤਾ ਜਾਂ ਕੈਦਬੰਦੀ ਸਖ਼ਤ ਤੋਂ ਸਖ਼ਤ ਵਿਅਕਤੀਆਂ ਨੂੰ ਵੀ ਤੋੜ ਦਿੰਦੀ ਹੈ। ਅਸਲੀਅਤ ਤੋਂ ਕੋਰੀ ਸਥਿਤੀ ਵਿਚ ਆਪਣਾ ਮਾਨਸਿਕ ਸੰਤੁਲਨ ਬਰਕਰਾਰ ਰੱਖਣ ਦੀ ਨਿਰੰਤਰ ਲੜਾਈ ਚਲਦੀ ਰਹਿੰਦੀ ਹੈ।

ਰੋਜ਼ਮੱਰਾ ਦੇ ਤਕਾਜ਼ਿਆਂ ਤੋਂ ਬਚਣ ਲਈ ਪ੍ਰਾਪਤ ਕੀਤੀ ਇਕੱਲਤਾ ਕੈਦਬੰਦੀ ਦੀ ਇਕੱਲਤਾ ਤੋਂ ਵੱਖਰੀ ਹੁੰਦੀ ਹੈ।ਇਕ ਵਿਅਕਤੀ ਉੱਪਰ ਥੋਪੀ ਇਕੱਲਤਾ ਜਾਂ ਕੈਦਬੰਦੀ ਉਸ ਨੂੰ ਮਾਨਸਿਕ ਰੂਪ ਨਾਲ ਪ੍ਰਭਾਵਿਤ ਕਰਦੀ ਹੈ, ਹਾਲਾਂਕਿ ਇਸ ਦੇ ਪਿੱਛੇ ਕੰਮ ਕਰਦੇ ਕਾਰਕ ਅਸਪੱਸ਼ਟ ਹੁੰਦੇ ਹਨ।ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਜਿਕ ਇਕੱਲਤਾ ਜਾਂ ਕੈਦਬੰਦੀ ਅਤਿਅੰਤ ਤਣਾਅ ਅਤੇ ਦਿਮਾਗੀ ਉਤੇਜਨਾ ਨੂੰ ਜਨਮ ਦਿੰਦੀ ਹੈ, ਪਰ ਇਸ ਵਿਚ ਅਪਵਾਦ ਵੀ ਦੇਖੇ ਜਾ ਸਕਦੇ ਹਨ। ਇਰਾਕ ਦਾ ਐਟੋਮਿਕ ਵਿਗਿਆਨੀ ਹੁਸੈਨ-ਅਲ ਸ਼ਹਿਰਸਤਾਨੀ, ਜਿਸ ਨੂੰ ਇਰਾਕ ਵਿਚ ਤਾਨਾਸ਼ਾਹੀ ਸਾਸ਼ਨ ਦੀ ਉਲੰਘਣਾ ਕਰਕੇ ਜੇਲ ਵਿਚ ਡੱਕਿਆ ਗਿਆ ਸੀ, ਦਸ ਸਾਲਾਂ ਦੀ ਸਖ਼ਤ ਕੈਦ ਦੌਰਾਨ ਵੀ ਆਪਣੇ ਇਰਾਦਿਆਂ ਤੋਂ ਨਹੀਂ ਭਟਕਿਆ।ਉਸ ਨੇ ਆਪਣੇ ਅੰਦਰੂਨੀ ਮਨ ਉੱਪਰ ਧਿਆਨ ਕੇਂਦਰਿਤ ਕਰਕੇ ਆਪਣਾ ਮਾਨਸਿਕ ਸੰਤੁਲਨ ਬਚਾਈ ਰੱਖਿਆ। ਇਸੇ ਤਰਾਂ ਹੀ ਹੰਗਰੀ ਵਿਚ ਮੈਡੀਕਲ ਅਕਾਦਮਿਕ ਖੇਤਰ ਦੀ ਮਸ਼ਹੂਰ ਹਸਤੀ ਐਡਿਥ ਬੋਨ ਨੇ ਵੀ ਹੰਗਰੀ ਵਿਚ ਕਮਿਊਨਿਸਟ ਸ਼ਾਸਨ ਦੌਰਾਨ ਆਪਣਾ ਮਾਨਸਿਕ ਤਵਾਜ਼ਨ ਨਹੀਂ ਗੁਆਇਆ। ਇਸੇ ਤਰਾਂ ਹੀ ਨੈਲਸਨ ਮੰਡੇਲਾ ਅਤੇ ਵਾਕਲਵ ਹੈਵਲ ਜਿਹੇ ਲੋਕਾਂ ਨਾਲ ਹੋਇਆ। ਕੈਦਬੰਦੀ ਅਤੇ ਇਕੱਲਤਾ ਵੀ ਉਹ ਉਦੇਸ਼ ਨਹੀਂ ਪੂਰਾ ਕਰ ਪਾਈ ਜਿਸ ਲਈ ਇਹਨਾਂ ਨੂੰ ਅਪਣਾਇਆ ਜਾਂਦਾ ਹੈ। ਅਸਲ ਵਿਚ ਇਸ ਨੇ ਸਥਿਤੀ ਨੂੰ ਹੋਰ ਖਰਾਬ ਕਰਕੇ ਮੁਸੀਬਤਾਂ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।ਇਸ ‘ਰੌਸ਼ਨ’ ਸੰਸਾਰ ਵਿਚ ਅਜੇ ਵੀ ਇਸ ਦਾ ਕੋਈ ਬਦਲਵਾਂ ਰੂਪ ਨਹੀਂ ਮਿਲਿਆ ਹੈ। ਕੈਦਬੰਦੀ ਜਾਂ ਇਕੱਲਤਾ ਦਾ ਉਦੇਸ਼ ਇਕ ਵਿਅਕਤੀ ਨੂੰ ਨੀਰਸਤਾ ਰਾਹੀ ਤੋੜਨਾ ਹੁੰਦਾ ਹੈ। ਇੱਕੋ ਪ੍ਰਕਾਰ ਦੀਆਂ ਅਵਾਜ਼ਾਂ, ਉਹੀ ਮਹਿਕ, ਉਹੀ ਰੌਸ਼ਨੀ, ਅਤੇ ਉਹੀ ਚਾਰ ਦੀਵਾਰੀ ਅਸਲ ਵਿਚ ਅਣਮਨੁੱਖੀ, ਅਪਮਾਨਜਨਕ ਅਤੇ ਕਠੋਰ ਮਾਹੌਲ ਪੈਦਾ ਕਰਦੀ ਹੈ।

ਲੰਮੇ ਸਮੇਂ ਦੀ ਇਕੱਲਤਾ ਜਾਂ ਕੈਦਬੰਦੀ ਵਿਅਕਤੀ ਲਈ ਇਕ ਕਦੇ ਨਾ ਖਤਮ ਹੋਣ ਵਾਲੀ ਸੁਰੰਗ ਵਿਚ ਹੋਣ ਜਿਹਾ ਅਨੁਭਵ ਹੁੰਦਾ ਹੈ।ਕੈਦ ਦੌਰਾਨ ਉਹ ਇਕ ਢਾਂਚੇ ਦੇ ਅੰਦਰ ਆਪਣਾ ਇਕ ਢਾਂਚਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਜਿਸ ਵਿਚ ਬਾਹਰੀ ਸੰਸਾਰ ਮਹਿਜ਼ ਕਾਲਪਨਿਕ ਭਰਮ ਹੀ ਪ੍ਰਤੀਤ ਹੁੰਦਾ ਹੈ।ਕੈਦਬੰਦੀ ਇਕ ਵਿਅਕਤੀ ਦੇ ਸਮਾਜਿਕ ਯੋਗਤਾ ਜਾਂ ਕੁਸ਼ਲਤਾ ਨੂੰ ਬਹੁਤ ਬੁਰੇ ਤਰੀਕੇ ਨਾਲ ਪ੍ਰਭਾਵਿਤ ਕਰਦੀ ਹੈ ਜਿਸ ਕਰਕੇ ਉਸ ਵਿਚ ਆਪਣੇ ਆਲੇ ਦੁਆਲੇ ਪ੍ਰਤੀ ਇਕ ਡਰ ਦੀ ਭਾਵਨਾ ਵੀ ਪੈਦਾ ਹੋ ਜਾਂਦੀ ਹੈ। ਕੈਦਬੰਦੀ ਅਤੇ ਇਕੱਲਤਾ ਜਿਹੀ ਸਥਿਤੀ ਵਿਅਕਤੀ ਵਿਚ ਭਰਮ, ਦੂਜਿਆਂ ਪ੍ਰਤੀ ਬੇਭਰੋਸਗੀ, ਡਿਪ੍ਰੈਸ਼ਨ ਅਤੇ ਖੁਦਕੁਸ਼ੀ ਵੱਲ ਰੁਝਾਨ, ਅਮਰੀਕਾ ਦੀਆਂ ਜੇਲਾਂ ਵਿਚ ਹਰ ਸਾਲ ਲਗਭਗ ਚਾਰ ਹਜ਼ਾਰ ਖੁਦਕੁਸ਼ੀ ਦੀਆਂ ਘਟਨਾਵਾਂ ਹੁੰਦੀਆਂ ਹਨ, ਨਸ਼ਿਆਂ ਦਾ ਪ੍ਰਯੋਗ ਅਤੇ ਵਿਰੋਧ ਦੀ ਭਾਵਨਾ ਪੈਦਾ ਕਰਦੀ ਹੈ। ਭਾਰਤ ਦੀਆਂ ਜੇਲਾਂ ਵਿਚ ਮਾਨਸਿਕ ਪ੍ਰੋਤਸਾਹਨ ਅਤੇ ਮਦਦ ਦੀ ਭਾਰੀ ਕਮੀ ਹੈ। ਲੰਮੇ ਸਮੇਂ ਦੀ ਕੈਦ ਇਕ ਕੈਦੀ ਦੇ ਤਨ, ਮਨ ਅਤੇ ਆਤਮਾ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਦੀ ਹੈ। ਲੰਮੇ ਸਮੇਂ ਲਈ ਅਜ਼ਾਦੀ ਤੋਂ ਵਿਰਵੇ ਰਹਿਣਾ ਅਤੇ ਬਾਹਰੀ ਸੰਸਾਰ ਨਾ ਕੋਈ ਵੀ ਸੰਬੰਧ ਨਾ ਹੋਣ ਦੀ ਸਥਿਤੀ ਕੈਦੀ ਦੀ ਮਾਨਸਿਕ ਸਥਿਤੀ ਉੱਪਰ ਸਿੱਧਾ ਪ੍ਰਭਾਵ ਪਾਉਂਦੀ ਹੈ। ਕੈਦ ਪੂਰੀ ਹੋਣ ਤੋਂ ਬਾਅਦ ਕੈਦੀ ਬਹੁਤ ਵਾਰ ਇਹ ਨਹੀਂ ਸਮਝ ਪਾਉਂਦੇ ਕਿ ਹੁਣ ਉਨਾਂ ਨੇ ਆਪਣੀ ਜ਼ਿੰਦਗੀ ਕਿਸ ਤਰਾਂ ‘ਸ਼ੁਰੂ’ ਕਰਨੀ ਹੈ ਅਤੇ ਉਹ ਆਪਣੀ ਜ਼ਿੰਦਗੀ ਦਾ ਉਦੇਸ਼ ਵੀ ਖੋ ਦਿੰਦੇ ਹਨ।ਰੋਸ਼ਨੀ ਤੋਂ ਨਿਰੰਤਰ ਵਾਂਝੀ ਕੰਕਰੀਟ ਚਾਰਦੀਵਾਰੀ ਅਤੇ ਕਿਸੇ ਵੀ ਪ੍ਰੋਤਸਾਹਨ ਦੀ ਕਮੀ ਕੈਦੀ ਨੂੰ ਮਾਨਸਿਕ ਰੂਪ ਵਿਚ ਪ੍ਰਭਾਵਿਤ ਕਰਦੀ ਹੈ ਕਿਉਂਕਿ ਉਸ ਕੋਲ ਤਣਾਅ ਤੋਂ ਮੁਕਤ ਹੋਣ ਦੇ ਕੋਈ ਬਹੁਤੇ ‘ਰਸਤੇ’ ਨਹੀਂ ਹੁੰਦੇ। ਲੰਮੇ ਸਮੇਂ ਦੀ ਇਕੱਲਤਾ ਇਕ ਵਿਅਕਤੀ ਨੂੰ ਖੁਦ ਤੱਕ ਸੀਮਤ ਅਤੇ ਸਮਾਜਿਕ ਤੌਰ ਤੇ ਦੂਜਿਆਂ ਤੋਂ ਅਲੱਗ ਕਰ ਦਿੰਦੀ ਹੈ ਜਿਸ ਕਰਕੇ ਉਹ ਕੈਦ ਤੋਂ ਬਾਅਦ ਆਪਣੇ ਆਪ ਨੂੰ ਬਾਹਰੀ ਜ਼ਿੰਦਗੀ ਅਨੁਸਾਰ ਅਸਾਨੀ ਨਾਲ ਢਾਲ ਨਹੀਂ ਸਕਦਾ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੈਦਬੰਦੀ ਅਤੇ ਇਕੱਲਤਾ ਕੁਝ ਵਿਅਕਤੀਆਂ ਵਿਚ ਮੁਕਾਬਲਤਨ ਸਥਿਰਤਾ, ਸੋਚਣ ਦੀ ਸ਼ਕਤੀ ਅਤੇ ਜ਼ਿੰਦਗੀ ਨੂੰ ਖੁੱਲ ਕੇ ਅਪਣਾਉਣ ਲਈ ਸਾਕਾਰਤਮਕ ਰਵੱਈਆ ਅਤੇ ਵਿਹਾਰ ਪੈਦਾ ਕਰਦੀ ਹੈ।ਪਰ ਢਾਂਚਾਗਤ ਕੈਦ ਅਤੇ ਸਮਾਜਿਕ ਅਲਹਿਦਗੀ ਵਿਚ ਬਿਤਾਇਆ ਸਮਾਂ ਸਖ਼ਸ਼ੀਅਤ ਵਿਚ ਮਹੱਤਵਪੂਰਨ ਬਦਲਾਅ ਲੈ ਕੇ ਆਉਂਦਾ ਹੈ। ਅਜ਼ਾਦ ਚੋਣ ਦੀ ਨਿਰੰਤਰ ਕਮੀ, ਨਿੱਜਤਾ ਦੀ ਅਣਹੋਂਦ, ਰੋਜ਼ਮੱਰਾ ਦੀ ਅਨਿਸ਼ਚਿਤਤਾ, ਕਠੋਰ ਅਤੇ ਮਜਬੂਤ ਹੋਣ ਦਾ ਲਗਾਤਾਰ ਨਕਾਬ ਪਹਿਨਣਾ, ਭਾਵਨਾਤਮਕ ਤੌਰ ’ਤੇ ਕੋਰਾਪਣ ਅਤੇ ਬਾਹਰੀ ਤੌਰ ’ਤੇ ਥੋਪੀ ਗਈ ਵਿਵਸਥਾ ਅਤੇ ਦਸਤੂਰ ਲਗਾਤਾਰ ਉਸ ਦੇ ਨਾਲ-ਨਾਲ ਰਹਿੰਦੇ ਹਨ। ਨਿੱਜੀ ਸਪੇਸ ਰੋਜ਼ਮੱਰਾ ਦੇ ਨਿਯਮਾਂ ਅਤੇ ਕਾਇਦਿਆਂ ਵਿਚ ਹੀ ਗੁਆਚ ਜਾਂਦੀ ਹੈ। ਇਸ ਤਰਾਂ ਦੀ ਸਥਿਤੀ ਵਿਚ ਪੂਰਾ ਸਮਾਜ ਕਠੋਰ ਅਤੇ ਭਾਵਨਾਤਮਕ ਰੂਪ ਵਿਚ ਕੋਰੇ ਵਿਅਕਤੀ ਪੈਦਾ ਕਰਨ ਦਾ ਰਿਸਕ ਉਠਾਉਂਦਾ ਹੈ, ਪਰ ਨਾਲ ਹੀ ਇਹ ਉਮੀਦ ਵੀ ਰੱਖਦਾ ਹੈ ਕਿ ਇਸ ਤਰਾਂ ਦੀ ਸਥਿਤੀ ਕੈਦੀਆਂ ਨੂੰ ਚੰਗੇ ਮਨੁੱਖ ਬਣਨ ਵਿਚ ਸਹਾਈ ਹੁੰਦੀ ਹੈ।

ਕੈਦਬੰਦੀ ਇਕ ਵਿਅਕਤੀ ਦੁਆਰਾ ਰੋਜ਼ਮੱਰਾ ਦੇ ਪੱਧਰ ਤੇ ਮਾਨਸਿਕ ਅਤੇ ਸਰੀਰਕ ਦਬਾਅ ਸਹਿਣ ਕਰਨ ਦੀ ਸ਼ਕਤੀ ਜਾਂ ਇਸ ਸਾਹਮਣੇ ਗੋਡੇ ਟੇਕ ਦੇਣ ਦੀ ਪਰਖ ਹੁੰਦੀ ਹੈ।ਪਰ ਪੂਰੇ ਸੰਸਾਰ ਵਿਚ ਅਜੇ ਵੀ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਕੈਦਬੰਦੀ ਜਨਤਕ ਸੁਰੱਖਿਆ ਵਿਚ ਸਾਕਾਰਤਮਕ ਰੂਪ ਵਿਚ ਸਹਾਈ ਹੋਈ ਹੈ। ਕੈਦਬੰਦੀ ਜਾਂ ਇਕੱਲਤਾ ਦਾ ਅਸਲ ਮਕਸਦ ਵਿਅਕਤੀ ਵਿਚ ਡਰ ਪੈਦਾ ਕਰਨਾ ਅਤੇ ਲੋਕਾਂ ਉੱਪਰ ਨਿਯੰਤਰਣ ਕਰਨਾ ਹੁੰਦਾ ਹੈ। ਬਰਾਬਰਤਾ ਅਤੇ ਕਰੂਰ ਜਨਤਕ ਰਸਮਾਂ ਦੇ ਕਾਲ ਵਿਚ ਕੈਦਬੰਦੀ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਸਭ ਤੋਂ ਮਨੁੱਖੀ ਅਤੇ ਸੱਭਿਅਕ ਰੂਪ ਬਣ ਕੇ ਉੱਭਰੀ। ਅੱਜ ਹਾਲੈਂਡ ਵਰਗੇ ਕਈ ਦੇਸ਼ ਜੇਲਾਂ ਨੂੰ ਬੰਦ ਕਰ ਰਹੇ ਹਨ। ਸਵਿਟਜ਼ਰਲੈਂਡ ਵਿਚ ਅਪਰਾਧ ਸੰਖਿਆ ਨਹੀਂ ਹੈ ਅਤੇ ਨਾ ਹੀ ਆਈਸਲੈਂਡ ਵਿਚ। ਇਹ ਹਿੰਸਾ ਨਾਲ ਗ੍ਰਸਤ ਸੰਸਾਰ ਲਈ ਇਕ ਨਵੀਂ ਉਦਾਹਰਣ ਬਣ ਰਹੇ ਹਨ। ਇਸ ਸਬੰਧੀ ਵੀ ਬਹਿਸ ਚੱਲ ਰਹੀ ਹੈ ਕਿ ਕੈਦਬੰਦੀ ਦਾ ਮੌਜੂਦਾ ਰੂਪ ਅਪਰਾਧ ਰੋਕਣ ਵਿਚ ਸਹਾਈ ਨਹੀਂ ਹੈ।ਇਸ ਵਿਚ ਕੋਈ ਸ਼ੱਕ ਨਹੀਂ ਕਿ ਅਪਰਾਧੀਆਂ ਨੂੰ ਕੈਦ ਕਰਕੇ ਰੱਖਣ ਅਤੇ ਮਾਹੌਲ ਸੁਰੱਖਿਅਤ ਰੱਖਣ ਲਈ ਕੈਦ ਪ੍ਰਭਾਵੀ ਤਰੀਕਾ ਹੋ ਸਕਦਾ ਹੈ, ਪਰ ਲੰਮੇ ਸਮੇਂ ਦੀ ਇਕੱਲਤਾ ਅਤੇ ਸਖ਼ਤ ਕੈਦਬੰਦੀ ਭਵਿੱਖ ਵਿਚ ਅਪਰਾਧ ਰੁਕਣ ਦੀ ਗਾਰੰਟੀ ਨਹੀਂ ਹੋ ਸਕਦੀ। ਇਹ ਆਮ ਤੌਰ ’ਤੇ ਵੇਖਿਆ ਜਾਂਦਾ ਹੈ ਕਿ ਜਿਸ ਸਮਾਜ ਵਿਚ ਨਸਲੀ ਭੇਦਭਾਵ, ਗੁੱਟਬੰਦੀ, ਰਾਜਨੀਤਿਕ ਅਤੇ ਆਰਥਿਕ ਅਸਮਾਨਤਾ ਹੁੰਦੀ ਹੈ, ਉੱਥੇ ਅਪਰਾਧ ਦੀ ਸੰਭਾਵਨਾ ਵੀ ਓਨੀ ਹੀ ਵਧ ਜਾਂਦੀ ਹੈ। ਉਸ ਸਮਾਜ ਵਿਚ ਰਾਜਨੀਤਕ ਅਤੇ ਆਰਥਿਕ ਸਮਾਨਤਾ ਵਾਲੇ ਸਮਾਜ ਦੇ ਨਿਸਬਤਨ ਕੈਦੀਆਂ ਦੀ ਸੰਖਿਆ ਵੀ ਵੱਧ ਹੁੰਦੀ ਹੈ।

ਸੀਮਤ ਅਜ਼ਾਦੀ ਦੇ ਬਾਵਜੂਦ ਕੈਦਬੰਦੀ ਕੁਝ ਵਿਅਕਤੀਆਂ ਵਿਚ ਸਾਕਾਰਤਮਕ ਬਦਲਾਅ ਲੈ ਕੇ ਆਉਂਦੀ ਹੈ। ਅਤਿਅੰਤ ਘੁਟਣ ਦੇ ਬਾਵਜੂਦ ਕੈਦ ਦੇ ਅਨੁਭਵ ਵਿਚ ਇਕ ਵਿਅਕਤੀ ਨੂੰ ਵੱਖ-ਵੱਖ ਢੰਗਾਂ ਨਾਲ ਬਦਲਣ ਦੀ ਸਮਰੱਥਾ ਹੁੰਦੀ ਹੈ।ਪਰ ਕਿਸੇ ਵਿਅਕਤੀ ਨੂੰ ਕੈਦਬੰਦੀ ਕਿਸ ਤਰਾਂ ਪ੍ਰਭਾਵਿਤ ਕਰਦੀ ਹੈ, ਇਹ ਉਸ ਵਿਅਕਤੀ ਦੀ ਵਿਲੱਖਣਤਾ ਅਤੇ ਉਸ ਦੇ ਉਦੇਸ਼ ਉੱਪਰ ਨਿਰਭਰ ਕਰਦਾ ਹੈ। ਕਿਸੇ ਵਿਅਕਤੀ ਲਈ ਕੈਦਬੰਦੀ ਆਪਣੇ ਵਿਅਕਤੀਤਵ ਅਤੇ ਜੀਵਨ ਉਦੇਸ਼ਾਂ, ਵਿਚਾਰਾਂ ਅਤੇ ਨਿਰਣਿਆਂ ਨੂੰ ਨਿਖਾਰਨ ਅਤੇ ਮੁੜ ਪ੍ਰਭਾਸ਼ਿਤ ਕਰਨ ਦਾ ਮੌਕਾ ਹੋ ਸਕਦੀ ਹੈ।ਰਾਜਨੀਤਿਕ ਕੈਦੀਆਂ ਦੇ ਸਬੰਧ ਵਿਚ ਨਹਿਰੂ ਨੇ ਲਿਖਿਆ ਸੀ, ‘ਕੈਦਬੰਦੀ ਲੋਕਾਂ ਦੀਆਂ ਬੇਤਰਤੀਬ ਖਾਹਿਸ਼ਾਂ ਦਾ ਪ੍ਰਤੀਕਾਤਮਕ ਇਜ਼ਹਾਰ ਹੁੰਦੀ ਹੈ।’ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੰਕਰੀਟ ਦੀ ਚਾਰਦੀਵਾਰੀ ਵਿਚ ਇਕ ਵਿਅਕਤੀ ਨੂੰ ਉਸ ਦੇ ਸਨਮਾਨ, ਗਰਿਮਾ ਅਤੇ ਆਮ ਜ਼ਿੰਦਗੀ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ, ਪਰ ਫਿਰ ਵੀ ਉਮੀਦ ਦੀ ਚਿੰਗਾਰੀ ਬਚੀ ਰਹਿੰਦੀ ਹੈ। ਇਕ ਕੈਦੀ ਦੇ ਦੁੱਖ ਅਤੇ ਛੋਟੀਆਂ-ਛੋਟੀਆਂ ਖੁਸ਼ੀਆਂ ਬਹੁਤ ਵਿਅਕਤੀਗਤ ਹੋ ਜਾਂਦੀਆਂ ਹਨ ਅਤੇ ਮਹਿਜ਼ ਉਹ ਹੀ ਉਸ ਦੀ ਸੰਪੱਤੀ ਹੁੰਦੀਆਂ ਹਨ। ਕੈਦ ਇਕ ਵਿਅਕਤੀ ਦੇ ਧੀਰਜ ਦੀ ਪਰਖ ਹੁੰਦੀ ਹੈ ਜੋ ਬਹੁਤ ਸਾਰੇ ਕੈਦੀਆਂ ਨੂੰ ਮਾਨਸਿਕ ਅਤੇ ਸਰੀਰਕ ਰੂਪ ਵਿਚ ਤੋੜ ਦਿੰਦੀ ਹੈ। ਰੋਜ਼ਮੱਰਾ ਦੇ ਦਬਾਅ ਅਤੇ ਕੈਦ ਦੇ ਅਪਮਾਨਜਨਕ ਅਨੁਭਵ ਕਰਕੇ ਬਹੁਤ ਸਾਰੇ ਕੈਦੀ ਆਪਣਾ ਆਤਮ-ਵਿਸ਼ਵਾਸ ਅਤੇ ਸਨਮਾਨ ਖੋ ਦਿੰਦੇ ਹਨ। ਬਹੁਤ ਸਾਰੇ ਕੈਦੀਆਂ ਦਾ ਤਰਕ ਅਤੇ ਸਵੈ-ਅਨੁਸ਼ਾਸਨ ਜੁਆਬ ਦੇ ਜਾਂਦਾ ਹੈ, ਪਰ ਇਸ ਦਾ ਇਜ਼ਹਾਰ ਬਹੁਤ ਸਾਰੇ ਕੈਦੀਆਂ ਲਈ ਇਕ ਪਰਦੇ ਦਾ ਕੰਮ ਕਰਦਾ ਹੈ। ਰਿਆਸਤ ਵਿਰੋਧੀ ਰਾਜਨੀਤਿਕ ਕੈਦੀਆਂ ਦੇ ਸਬੰਧ ਵਿਚ ਇਹ ਸਖ਼ਤੀ ਵੀ ਉਨਾਂ ਨੂੰ ਆਪਣੇ ਇਰਾਦਿਆਂ ਤੋਂ ਹਿਲਾ ਨਹੀਂ ਪਾਈ ਹੈ। ਪਰ ਬਹੁਤ ਸਾਰੇ ਕੈਦੀਆਂ ਦੇ ਸੰਬੰਧ ਵਿਚ ਇਹ ਵਾਪਰਦਾ ਹੈ ਕਿ ਸਖ਼ਤ ਕੈਦਬੰਦੀ ਤੋਂ ਬਾਅਦ ਉਹ ਸਰੀਰਕ ਅਤੇ ਮਾਨਸਿਕ ਰੂਪ ਵਿਚ ਆਪਣੇ ਆਪ ਨੂੰ ਸਮਾਜਿਕ ਜੀਵਨ ਵਿਚ ਨਹੀਂ ਢਾਲ ਸਕਦੇ। ਪਰ ਉਦੇਸ਼ ਅਤੇ ਸਾਕਾਰਤਮਕ ਨਜ਼ਰੀਏ ਵਾਲੇ ਵਿਅਕਤੀਆਂ ਨੂੰ ਇਹ ਪਰਿਸਥਿਤੀਆਂ ਅਤਿਅੰਤ ਦਬਾਅ ਦੇ ਬਾਵਜੂਦ ਹੋਰ ਨਿਖਾਰ ਦਿੰਦੀਆਂ ਹਨ। ਜ਼ਿੰਦਗੀ ਦੀ ਚਾਲ ਵਿਚ ਕੈਦਬੰਦੀ ਸਵੈ-ਸਿੱਖਿਆ ਅਤੇ ਚੇਤੰਨਤਾ ਦਾ ਰੂਪ ਹੋ ਸਕਦੀ ਹੈ, ਪਰ ਇਹ ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਕੈਦ ਕਿੰਨੀ ਲੰਮੀ ਜਾਂ ਛੋਟੀ ਹੈ ਅਤੇ ਇਸ ਦੌਰਾਨ ਇਕ ਵਿਅਕਤੀ ਦਾ ਮਾਨਸਿਕ ਅਤੇ ਸਰੀਰਕ ਤਵਾਜ਼ਨ ਕਿਸ ਤਰਾਂ ਬਣਿਆ ਰਹਿੰਦਾ ਹੈ ਅਤੇ ਉਹ ਵਿਅਕਤੀਗਤ ਰੂਪ ਵਿਚ ਇਸ ਨੂੰ ਕਿਸ ਤਰਾਂ ਦਾ ਹੁੰਗਾਰਾ ਦਿੰਦਾ ਹੈ। ਆਸਕਰ ਵਾਈਲਡ ਦਾ ਕਹਿਣਾ ਹੈ, ‘ਜ਼ਹਿਰੀਲੇ ਘਾਹ-ਫੂਸ ਦੀ ਤਰਾਂ, ਘਿਨੌਣੇ ਕੰਮ ਵੀ ਜੇਲ ਦੀ ਹਵਾ ਵਿਚ ਜਿਆਦਾ ਖਿਲਦੇ ਹਨ। ਇਕ ਵਿਅਕਤੀ ਵਿਚ ਜੋ ਕੁਝ ਵੀ ਚੰਗਾ ਹੁੰਦਾ ਹੈ, ਉਹ ਉੱਥੇ ਮੁਰਝਾ ਕੇ ਵੀਰਾਨ ਹੋ ਜਾਂਦਾ ਹੈ।’

# ਭਾਰਤੀ ਨਿਆਂਤੰਤਰ ਨਿਘਾਰ ਵੱਲ





**ਹਰਚਰਨ ਸਿੰਘ ਚਹਿਲ**

ਪੱਖਪਾਤੀ, ਵਿਤਕਰੇਪੂਰਨ ਤੇ ਅਨਿਆਂਪੂਰਨ ਵਤੀਰਾ ਬੁਰਜੁਆ ਜਮਹੂਰੀਅਤ ਦੇ ਅਲੰਬਰਦਾਰ ਦਾਅਵਾ ਕਰਦੇ ਹਨ ਕਿ ਇਸ ਰਾਜ ਪ੍ਰਬੰਧ ਵਿੱਚ ਕਾਨੂੰਨ ਸਭ ਨੂੰ ਇੱਕ ਨਜ਼ਰ ਨਾਲ ਦੇਖਦਾ ਹੈ, ਸਾਰਿਆਂ ਨੂੰ ਬਗ਼ੈਰ ਕਿਸੇ ਪੱਖਪਾਤ, ਵਿਤਕਰੇ ਤੇ ਦੇਰੀ ਤੋਂ ਇੱਕੋ ਜਿਹਾ ਇਨਸਾਫ ਮਿਲਦਾ ਹੈ। 'ਕੁਦਰਤੀ ਇਨਸਾਫ ਦੇ ਨਿਯਮ' ਦਾ ਵੀ ਇਹੀ ਤਕਾਜ਼ਾ ਹੈ ਕਿ ਸਾਰੇ ਨਾਗਰਿਕਾਂ ਦੀ ਨਿਆਂਯੁਕਤ, ਨਿਰਪੱਖ ਤੇ ਤੁਰੰਤ ਸੁਣਵਾਈ ਹੋਏ। ਪਰ ਜਮਾਤੀ ਸਮਾਜ ਵਿੱਚ ਅਜਿਹੇ ਦਮਗਜੇ ਰਾਜ ਦੇ ਜਮਾਤੀ ਖਾਸੇ ਦੀ ਪਰਦਾਪੋਸ਼ੀ ਕਰਨ ਲਈ ਮਾਰੇ ਜਾਂਦੇ ਹਨ। ਜਿਵੇਂ ਜਿਵੇਂ ਜਮਾਤੀ ਸਮਾਜਾਂ ਦਾ ਸੰਕਟ ਵਧਦਾ ਜਾਂਦਾ ਹੈ, ਇਹ ਪਰਦੇ ਦੇ ਲੰਗਾਰ ਵੀ ਸਾਹਮਣੇ ਆਉਂਦੇ ਰਹਿੰਦੇ ਹਨ। ਕਿਹਾ ਤਾਂ ਇਹ ਜਾਂਦਾ ਹੈ ਕਿ 'ਦੋਸ਼ ਸਿੱਧ ਹੋਣ ਤਕ ਹਰ ਵਿਅਕਤੀ ਨਿਰਦੋਸ਼ ਸਮਝਿਆ ਜਾਂਦਾ ਹੈ ਪਰ ਕਾਨੂੰਨਾਂ ਵਿੱਚ ਅਜਿਹੀਆਂ ਧਾਰਾਵਾਂ ਪਾਈਆਂ ਜਾਂਦੀਆਂ ਹਨ ਕਿ ਮੁਲਜ਼ਮ ਨੂੰ ਜ਼ਮਾਨਤ ਹੀ ਨਾ ਮਿਲੇ, ਕੇਸ ਨੂੰ ਦਹਾਕਿਆਂ ਬੱਧੀ ਲਟਕਾਇਆ ਜਾ ਸਕੇ ਅਤੇ ਫੈਸਲਾ ਹੋਣ ਤੋਂ ਪਹਿਲਾਂ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਵੇ। ਇੰਜ ਬੇਦੋਸ਼ਾ ਹੁੰਦਾ ਹੋਇਆ ਮੁਲਜ਼ਮ ਵੀ ਦੋਸ਼ੀਆਂ ਵਾਲੀ ਸਜ਼ਾ ਭੁਗਤੇ। ਯੂ.ਏ.ਪੀ.ਏ (ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ) ਦੀ ਧਾਰਾ 43(ਡੀ)(5) ਅਨੁਸਾਰ ਇਹ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਜ਼ਮਾਨਤ ਦੇਣ ਸਮੇਂ ਜੱਜ ਸਿਰਫ ਸਰਕਾਰੀ ਧਿਰ ਵੱਲੋਂ ਪੇਸ਼ ਕੀਤੇ ਸਬੂਤ ਹੀ ਦੇਖੇਗਾ, ਮੁਲਜ਼ਮ ਧਿਰ ਦੇ ਨਹੀਂ। ਭਾਵ ਜ਼ਮਾਨਤ ਮਿਲਣੀ ਲਗਭਗ ਅਸੰਭਵ ਬਣਾ ਦਿੱਤੀ ਗਈ ਹੈ।

ਨਿਆਂਤੰਤਰ ਪ੍ਰਣਾਲੀ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਇਹ ਕਾਨੂੰਨਾਂ ਦੀ ਸੰਵਿਧਾਨਕ ਵੈਧਤਾ ਨੂੰ ਪਰਖੇ ਅਤੇ ਇਨਾਂ ਨੂੰ ਨਿਰਪੱਖ ਤੇ ਨਿਆਂਪੂਰਨ ਢੰਗ ਨਾਲ ਬਗ਼ੈਰ ਕਿਸੇ ਦੇਰੀ ਦੇ ਲਾਗੂ ਕਰੇ। ਇਸ ਪ੍ਰਣਾਲੀ ਦੇ ਸਾਰੇ ਪ੍ਰਮੁੱਖ ਅੰਗ ਅਰਥਾਤ ਤਫਤੀਸ਼ੀ ਏਜੰਸੀਆਂ (ਪੁਲਿਸ, ਸੀਬੀਆਈ. ਆਈਐਨਏ, ਈ.ਡੀ ਆਦਿ), ਪ੍ਰੌਸ਼ੀਕਿਊਸ਼ਨ (ਸਰਕਾਰੀ ਵਕੀਲ), ਅਦਾਲਤਾਂ ਤੇ ਜੇਲਾਂ ਸਾਰੇ ਨਾਗਰਿਕਾਂ ਨਾਲ ਇੱਕੋ ਜਿਹਾ ਤੇ ਨਿਆਂਪੂਰਨ ਵਿਵਹਾਰ ਕਰਨ। ਪਰ ਸਾਡੇ ਮੁਲਕ ਦੇ ਨਿਆਂਤੰਤਰ ਨੇ ਸਿਆਸੀ, ਧਾਰਮਿਕ, ਜਮਾਤੀ, ਜਾਤੀ ਆਧਾਰ 'ਤੇ ਬਹੁਤ ਪੱਖਪਾਤੀ, ਵਿਤਕਰੇਪੂਰਨ ਅਤੇ ਅਨਿਆਂਪੂਰਨ ਵਤੀਰਾ ਧਾਰਨ ਕੀਤਾ ਹੋਇਆ ਹੈ। ਤਫਤੀਸ਼ੀ ਏਜੰਸੀਆਂ, ਪ੍ਰੌਸ਼ੀਕਿਊਸ਼ਨ, ਅਦਾਲਤਾਂ ਤੇ ਜੇਲਾਂ ਇੱਕੋ ਹੀ ਕਾਨੂੰਨ ਨੂੰ ਲਾਗੂ ਕਰਦੇ ਵਕਤ ਅਮੀਰਾਂ ਤੇ ਗਰੀਬਾਂ ਲਈ ਕਥਿਤ ਉੱਚੀਆਂ ਤੇ ਨੀਵੀਆਂ ਜਾਂਤਾਂ ਲਈ; ਧਾਰਮਿਕ ਬਹੁਗਿਣਤੀ ਤੇ ਧਾਰਮਿਕ ਘੱਟ ਗਿਣਤੀਆਂ ਲਈ ਅਤੇ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲਿਆਂ ਤੇ ਰਾਜਸੀ ਵਿਰੋਧੀਆਂ ਲਈ ਅਲੱਗ ਅਲੱਗ ਮਾਪਦੰਡ ਅਪਣਾਉਂਦੀਆਂ ਹਨ। ਇਸ ਵਿਤਕਰੇਪੂਰਨ, ਪੱਖਪਾਤੀ ਤੇ ਅਨਿਆਂਯੁਕਤ ਵਤੀਰੇ ਦੀਆਂ ਹਜ਼ਾਰਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਇੱਥੇ ਅਸੀਂ ਚੰਦ ਕੁ ਮਿਸਾਲਾਂ ਦੇ ਕੇ ਕਥਿਤ ਨਿਆਂਤੰਤਰ ਦੀ ਗੱਲ ਕਰਾਂਗੇ।

**ਤੱਥਾਂ ਅਤੇ ਸਬੂਤਾਂ ਦੇ ਉਲਟ ਜਾ ਕੇ ਸਰਕਾਰ ਦੇ ਪੱਖ ਵਿੱਚ ਫੈਸਲੇ ਕੀਤੇ**

ਜਦ ਕਦੇ ਵੀ ਕੇਂਦਰ ਵਿੱਚ ਮਜ਼ਬੂਤ ਸਰਕਾਰ ਬਣੀ, ਭਾਰਤੀ ਅਦਾਲਤਾਂ, ਖਾਸਕਰ ਹਾਈਕੋਰਟਾਂ ਤੇ ਸੁਪਰੀਮ ਕੋਰਟ ਸਰਕਾਰਾਂ ਦੀ ਮਰਜ਼ੀ ਅਨੁਸਾਰ ਫੈਸਲੇ ਸੁਣਾਉਣ ਲੱਗੀਆਂ। ਐਮਰਜੈਂਸੀ ਦੌਰਾਨ ਸੁਪਰੀਮ ਕੋਰਟ ਨੇ ਇੰਦਰਾ ਗਾਂਧੀ ਦੀ ਤਾਨਾਸ਼ਾਹ ਹਕੂਮਤ ਅੱਗੇ ਗੋਡੇ ਟੇਕੇ ਅਤੇ ਬਹੁ-ਚਰਚਿਤ ਤੇ ਬਦਨਾਮ 'ਏਡੀਐਮ ਜੱਬਲਪੁਰ ਬਨਾਮ ਸਿਵ ਕਾਂਤ ਸ਼ੁਕਲਾ' ਵਰਗੇ ਬੇਹੂਦਾ ਫੈਸਲੇ ਸੁਣਾਏ ਜਿਸ ਨੂੰ ਹੁਣ ਤਕ ਭਾਰਤੀ ਨਿਆਂਤੰਤਰ ਪ੍ਰਣਾਲੀ ਦਾ ਵੱਡਾ ਬਦਨੁਮਾ ਦਾਗ ਕਿਹਾ ਜਾਂਦਾ ਹੈ। ਜਸਟਿਸ ਪੀ.ਐੱਨ. ਭਗਵਤੀ ਦੀ ਸਦਾਰਤ ਹੇਠ 4-1 ਦੀ ਬਹੁਗਿਣਤੀ ਨਾਲ ਦਿੱਤੇ ਇਸ ਵਿਵਾਦਿਤ ਫੈਸਲੇ ਅਨੁਸਾਰ ਸਰਕਾਰ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਮੁਅੱਤਲ ਕਰ ਸਕਦੀ ਹੈ ਅਤੇ ਉਨਾਂ ਦਾ ਹੈਬੀਅਸ ਕਾਰਪਸ ਦਾ ਅਧਿਕਾਰ (ਗ਼ੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਨਾ ਕਰਨ ਦਾ ਅਧਿਕਾਰ) ਮੁਅੱਤਲ ਕਰ ਸਕਦੀ ਹੈ। ਸੰਨ 2014 ਵਿੱਚ ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸੁਪਰੀਮ ਕੋਰਟ ਫਿਰ ਤੋਂ ਆਪਣੇ ਐਮਰਜੈਂਸੀ ਦੌਰ ਵਾਲੇ ਰੌਂਅ ਵਿੱਚ ਆ ਗਈ ਹੈ ਅਤੇ ਇਸ ਨੇ ਸਿਆਸੀ ਤੇ ਸੰਵਿਧਾਨਕ ਤੌਰ 'ਤੇ ਅਹਿਮ ਇੱਕ ਵੀ ਫੈਸਲਾ ਸਰਕਾਰ ਦੇ ਉਲਟ ਨਹੀਂ ਦਿੱਤਾ ਜਦੋਂ ਕਿ ਤੱਥ ਅਤੇ ਸਬੂਤ ਸਪੱਸ਼ਟ ਤੌਰ 'ਤੇ ਸਰਕਾਰ ਦੇ ਉਲਟ ਭੁਗਤਦੇ ਸਨ। ਕੁਝ ਕੁ ਫੈਸਲਿਆਂ ਦੀ ਗੱਲ ਕਰਦੇ ਹਾਂ। ਸਹਾਰਾ-ਬਿਰਲਾ ਕੇਸ-ਸਾਹਾਰਾ ਤੇ ਬਿਰਲਾ ਕਾਰਪੋਰੇਟ ਘਰਾਣਿਆਂ ਵਿਰੁੱਧ ਇਨਕਮ ਟੈਕਸ ਛਾਪਿਆਂ ਦੌਰਾਨ ਮਿਲੇ ਕਾਗਜ਼ਾਤਾਂ ਤੋਂ ਮੋਦੀ ਸਮੇਤ ਬੀਜੇਪੀ ਦੇ ਕਈ ਹੋਰ ਵੱਡੇ ਨੇਤਾਵਾਂ ਨੂੰ ਨਗਦੀ ਭੁਗਤਾਨ ਕੀਤੇ ਜਾਣ ਦੇ ਸਪਸ਼ਟ ਸੰਕੇਤ ਮਿਲੇ ਸਨ। ਕੌਮਨ ਕਾਜ਼ ਨਾਂ ਦੀ ਐਨਜੀਓ ਨੇ ਪੀਆਈਐੱਲ ਰਾਹੀਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇਸ ਬਾਰੇ ਤਫਤੀਸ਼ ਕੀਤੇ ਜਾਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਨਾ ਸਿਰਫ ਇਹ ਪਟੀਸ਼ਨ ਖਾਰਿਜ ਕੀਤੀ, ਸਗੋਂ ਫੈਸਲੇ ਵਿੱਚ ਸਪੱਸ਼ਟ ਲਿਖਿਆ ਕਿ ਇਨਾਂ ਸਬੂਤਾਂ ਦੇ ਆਧਾਰ 'ਤੇ ਕੋਈ ਵੀ ਹੋਰ ਐੱਫਆਈਆਰ ਦਰਜ ਨਹੀਂ ਕੀਤੀ ਜਾ ਸਕੇਗੀ। ਜਸਟਿਸ ਲੋਯਾ ਕੇਸ, ਅਮਿਤ ਸ਼ਾਹ ਵਿਰੁੱਧ ਸੋਹਰਾਬੁਦੀਨ ਪੁਲਿਸ ਮੁਕਾਬਲੇ ਦੀ ਸੁਣਵਾਈ ਕਰ ਰਹੇ ਜੱਜ ਬੀ.ਐੱਚ. ਲੋਯਾ ਦੀ ਬਹੁਤ ਸ਼ੱਕੀ ਹਾਲਤਾਂ ਵਿੱਚ ਹੋਈ ਮੌਤ ਦੀ ਨਿਰਪੱਖ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ ਸੁਪਰੀਮ ਕੋਰਟ ਨੇ ਨਾ ਸਿਰਫ ਖਾਰਿਜ ਕੀਤੀ ਸਗੋਂ ਪਟੀਸ਼ਨ ਦੀ ਮੰਗ ਤੋਂ ਅੱਗੇ ਜਾ ਕੇ ਇਹ ਵੀ ਫੈਸਲਾਕੁੰਨ ਨਿਰਨਾ ਦਿੱਤਾ ਕਿ ਜਸਟਿਸ ਲੋਯਾ ਆਪਣੀ ਕੁਦਰਤੀ ਮੌਤ ਮਰਿਆ। ਰੋਮੀਲਾ ਥਾਪਰ ਤੇ ਚਾਰ ਹੋਰ ਕਾਰਕੁਨਾਂ ਦੁਆਰਾ ਭੀਮਾ-ਕੋਰੇਗਾਉਂ ਕੇਸ ਵਿੱਚ ਨਜ਼ਰਬੰਦ ਪੰਜ ਬੁੱਧੀਜੀਵੀਆਂ ਵਿਰੁੱਧ ਮਹਾਰਾਸ਼ਟਰਾ ਪੁਲਿਸ ਵੱਲੋਂ ਕੀਤੀ ਪੱਖਪਾਤੀ ਜਾਂਚ ਵਿਰੁੱਧ ਸਿਟ (ਵਿਸ਼ੇਸ਼ ਤਫਤੀਸ਼ੀ ਟੀਮ) ਬਣਾਉਣ ਦੀ ਮੰਗ ਕਰਨ ਵਾਲੀ ਖਾਰਿਜ ਪਟੀਸ਼ਨ ਵਿੱਚ ਜਸਟਿਸ ਚੰਦਰਾਚੁੱਡ ਨੇ ਅਸਹਿਮਤੀ ਨੋਟ ਦਿੱਤਾ ਸੀ। ਰਵਾਇਤਾਂ ਤੋਂ ਉਲਟ ਜਾ ਕੇ ਇਸ ਅਸਹਿਮਤੀ ਨੋਟ ਨੂੰ ਆਖਰੀ ਫੈਸਲੇ ਵਿੱਚ ਸ਼ਾਮਲ ਨਾ ਕੀਤਾ ਗਿਆ। ਰਾਫਾਲੇ ਕੇਸ: ਗੜਬੜੀਆਂ ਦੇ ਬਹੁਤ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਨਿਰਪੱਖ ਜਾਂਚ ਵਾਲੀ ਪਟੀਸ਼ਨ ਖਾਰਿਜ ਕਰ ਦਿੱਤੀ। ਅਯੋਧਿਆ ਕੇਸ. ਜੁਡੀਸ਼ੀਅਰੀ ਵੱਲੋਂ ਕਿਸੇ ਸੱਤਾਧਾਰੀ ਪਾਰਟੀ ਨੂੰ ਸਿਆਸੀ ਫਾਇਦਾ ਪਹੁੰਚਾਉਣ ਦੀ ਮਨਸ਼ਾ ਨਾਲ, ਤੱਥਾਂ ਨੂੰ ਅੱਖੋਂ ਪਰੋਖੇ ਕਰਕੇ ਕੀਤੇ ਇਕਪਾਸੜ ਫੈਸਲੇ ਦੀ ਇਹ ਇੱਕ ਟਕਸਾਲੀ ਮਿਸਾਲ ਹੈ। 1948 ਵਿੱਚ ਮੂਰਤੀਆਂ ਰੱਖਣਾ ਗਲਤ ਸੀ, ਬਾਬਰੀ ਮਸਜਿਦ ਢਾਹੇ ਜਾਣਾ ਗਲਤ ਸੀ, ਮੁਸਲਿਮ ਵੀ ਇਸ ਥਾਂ 'ਤੇ ਇਬਾਦਤ ਕਰਦੇ ਆਏ ਹਨ, ਮੰਦਿਰ ਢਾਹ ਕੇ ਮਸਜਿਦ ਬਣਾਏ ਜਾਣ ਦਾ ਕੋਈ ਪੁਰਾਲੇਖੀ ਜਾਂ ਹੋਰ ਸਬੂਤ ਨਹੀਂ ਮਿਲਦਾ ਆਦਿ ਤੱਥ ਮੰਨ ਲੈਣ ਦੇ ਬਾਵਜੂਦ ਵੀ ਜ਼ਮੀਨ ਉਨਾਂ ਨੂੰ ਦੇ ਦਿੱਤੀ ਜਿਨਾਂ ਨੇ ਇਹ ਗਲਤ ਕੰਮ ਕੀਤੇ ਸਨ।

ਇਸੇ ਤਰਾਂ ਦੇ ਹੋਰ ਕਿੰਨੇ ਹੀ ਫੈਸਲੇ ਦਰਜ ਕੀਤੇ ਜਾ ਸਕਦੇ ਹਨ ਜੋ ਸੱਤਾਧਾਰੀਆਂ ਨੂੰ ਸਿਆਸੀ ਫਾਇਦਾ ਪਹੁੰਚਾਉਣ ਲਈ ਕੀਤੇ ਗਏ। ਪਰ ਸਿਆਸੀ ਫਾਇਦਾ ਸਿਰਫ ਫੈਸਲਿਆਂ ਰਾਹੀਂ ਹੀ ਨਹੀਂ ਸਗੋਂ ਕੇਸਾਂ ਦੀ ਸੁਣਵਾਈ ਨਾ ਕਰਕੇ ਜਾਂ ਦੇਰੀ ਨਾਲ ਕਰਕੇ ਵੀ ਕੀਤਾ ਜਾ ਸਕਦਾ ਹੈ।

**ਕੇਸਾਂ ਦੀ ਸੁਣਵਾਈ ਵਿੱਚ ਫੁਰਤੀ ਬਨਾਮ ਦੇਰੀ ਦਾ ਪੱਖਪਾਤੀ ਰੁਝਾਨ**

ਖੁਦਕੁਸ਼ੀ ਲਈ ਉਕਸਾਉਣ ਦੇ ਇੱਕ ਦੋਸ਼ ਵਿੱਚ ਗ੍ਰਿਫਤਾਰ ਕੀਤੇ ਸਰਕਾਰ ਪੱਖੀ ਟੀਵੀ ਪੱਤਰਕਾਰ ਤੇ ਰੀਪਬਲਿਕ ਟੀਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਦੀ ਜ਼ਮਾਨਤ ਅਰਜ਼ੀ ਮੁੰਬਈ ਹਾਈਕੋਰਟ ਨੇ ਰਵਾਇਤਾਂ ਦੇ ਉਲਟ ਜਾ ਕੇ ਛੁੱਟੀ ਵਾਲੇ ਦਿਨ ਸੁਣੀ। ਹਾਈਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਅਗਲੇ ਹੀ ਦਿਨ ਸੁਪਰੀਮ ਕੋਰਟ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ। ਇਸ ਮਿਹਰਬਾਨੀ ਲਈ ਸੁਪਰੀਮ ਕੋਰਟ ਵੱਲੋਂ 'ਸੰਵਿਧਾਨਕ ਉਪਚਾਰਾਂ ਦਾ ਅਧਿਕਾਰ' ਦੇਣ ਵਾਲੇ ਆਰਟੀਕਲ 32 ਦੀ ਵਰਤੋਂ ਕੀਤੀ ਗਈ। ਆਰਟੀਕਲ 32 ਨਾਗਰਿਕਾਂ ਦੀ ਵਿਅਕਤੀਗਤ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਮੂਲ਼ ਅਧਿਕਾਰਾਂ ਦੀ ਰਾਖੀ ਲਈ ਸੁਪਰੀਮ ਕੋਰਟ ਤਕ ਪਹੁੰਚ ਕਰਨ ਦਾ ਅਧਿਕਾਰ ਦਿੰਦਾ ਹੈ। ਜਦ ਇਹੀ ਆਰਟੀਕਲ ਹਾਥਰਸ ਸਮੂਹਿਕ ਬਲਾਤਕਾਰ ਕੇਸ ਦੀ ਰਿਪੋਰਟਿੰਗ ਲਈ ਜਾ ਰਹੇ ਅਤੇ 5 ਅਕਤੂਬਰ 2020 ਤੋਂ ਨਜ਼ਰਬੰਦ ਕੀਤੇ ਮਲਿਆਲੀ ਪੱਤਰਕਾਰ ਕੱਪਨ ਸਿਦੀਕੀ ਨੂੰ ਰਿਹਾ ਕਰਨ ਲਈ ਵਰਤੇ ਜਾਣ ਦੀ ਗੱਲ ਆਈ ਤਾਂ ਤਤਕਾਲੀਨ ਚੀਫ ਜਸਟਿਸ ਐਸ਼.ਏ. ਬੋਬੜੇ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਆਰਟੀਕਲ 32 ਦੀ ਵਰਤੋਂ ਨੂੰ ਘਟਾਉਣਾ ਚਾਹੁੰਦੀ ਹੈ ਅਤੇ ਕੱਪਨ ਦਾ ਕੇਸ ਹਾਈਕੋਰਟ ਨੂੰ ਭੇਜ ਦਿੱਤਾ। ਅਰਨਬ ਗੋਸਵਾਮੀ ਦਾ ਕੇਸ ਤਾਂ ਦੋ ਦਿਨਾਂ ਵਿੱਚ ਹੀ ਹਾਈ ਕੋਰਟ ਹੁੰਦਾ ਹੋਇਆ ਸੁਪਰੀਮ ਕੋਰਟ ਤਕ ਵੀ ਪਹੁੰਚ ਗਿਆ ਪਰ ਭੀਮਾ-ਕੋਰੇਗਾਉਂ ਕੇਸ ਵਿੱਚ ਬੰਦ ਕਬੀਰ ਕਲਾ ਮੰਚ ਦੇ ਕਲਾਕਾਰਾਂ ਸਾਗਰ ਗੋਰਖੇ, ਰਮੇਸ਼ ਗੈਂਚਰ ਤੇ ਜਿਯੋਤੀ ਜਗਤਾਪ ਦੀ ਜ਼ਮਾਨਤ ਅਰਜ਼ੀ ਮੁੰਬਈ ਹਾਈ ਕੋਰਟ ਨੇ ਦੋ ਸਾਲਾਂ ਦੌਰਾਨ ਸੁਣੀ ਤਕ ਨਹੀਂ। ਪਾਰਕਿੰਨਸਨ ਬਿਮਾਰੀ ਤੋਂ ਪੀੜਤ ਤੇ ਭੀਮਾ-ਕੋਰੇਗਾਉਂ ਕੇਸ ਵਿੱਚ ਨਜ਼ਰਬੰਦ 80 ਸਾਲਾ ਸਟੈਨ ਸਵਾਮੀ ਨੂੰ ਪਾਣੀ ਪੀਣ ਲਈ ਲੋੜੀਂਦੀ ਪਲਾਸਟਿਕ ਪਾਈਪ ਬਾਰੇ ਫੈਸਲਾ ਕਰਨ ਲਈ ਐੱਨਆਈਏ ਕੋਰਟ ਨੂੰ 20 ਦਿਨ ਲੱਗੇ। ਭੀਮਾ ਕੋਰੇਗਾਉਂ ਕੇਸ ਵਿੱਚ ਨਜ਼ਰਬੰਦ ਬੁੱਧੀਜੀਵੀਆਂ, ਜਾਮੀਆ ਮਿਲੀਆਂ, ਜੇਐੱਨਯੂ ਤੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਤੇ ਕਾਰਕੁਨ ਸਾਲਾਂ ਤੋਂ ਜੇਲਾਂ ਵਿੱਚ ਬੰਦ ਹਨ ਅਤੇ ਉਨਾਂ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਮਹੀਨਿਆਂ/ਸਾਲਾਂ ਬੱਧੀ ਸੁਣਵਾਈ ਨਹੀਂ ਹੁੰਦੀ। ਅਦਾਲਤਾਂ ਨੇ ਸਰਕਾਰਾਂ ਨੂੰ ਕਸੂਤੇ ਸਵਾਲਾਂ ਦੇ ਜਵਾਬ ਦੇਣ ਤੋਂ ਬਚਾਉਣ ਲਈ ਸੁਣਵਾਈ ਵਿੱਚ ਦੇਰੀ ਨੂੰ ਇੱਕ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਧਾਰਾ 370 ਅਧੀਨ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰ ਦਿੱਤਾ ਅਤੇ ਸੂਬੇ ਦੇ ਦੋ ਟੁਕੜੇ ਕਰ ਕੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤੇ। ਰਾਤੋ ਰਾਤ ਹਜ਼ਾਰਾਂ ਕਾਰਕੁੰਨਾਂ ਨੂੰ ਜੇਲੀਂ ਡੱਕ ਦਿੱਤਾ। ਬਾਕੀਆਂ ਨੂੰ ਘਰਾਂ ਵਿੱਚ ਬੰਦ ਕਰ ਦਿਤਾ। ਤਾਲਾਬੰਦੀ ਕਰਕੇ ਕਸ਼ਮੀਰ ਨੂੰ ਖੁੱਲੀ ਜੇਲ ਬਣਾ ਦਿੱਤਾ ਅਤੇ ਇੰਟਰਨੈੱਟ ਸੇਵਾਵਾਂ ਬੰਦ ਕਰਕੇ ਕਸ਼ਮੀਰੀ ਲੋਕਾਂ ਨੂੰ ਬਾਕੀ ਦੀ ਦੁਨੀਆ ਨਾਲੋਂ ਅਲੱਗ ਥਲੱਗ ਕਰ ਦਿੱਤਾ। ਪਰ ਸੁਪਰੀਮ ਕੋਰਟ ਨੇ ਮਹੀਨਿਆਂ ਬੱਧੀ ਕੋਈ ਵੀ ਹੈਬੀਅਸ ਕਾਰਪਸ (ਮੈਜਿਸਟ੍ਰੇਟ ਮੂਹਰੇ ਪੇਸ਼ ਕੀਤੇ ਜਾਣ ਦਾ ਅਧਿਕਾਰ) ਪਟੀਸ਼ਨ ਨਹੀਂ ਸੁਣੀ। ਜਦ ਇੱਕ ਅਕਤੂਬਰ ਨੂੰ ਸੁਣੀ ਵੀ ਤਾਂ 70 ਦਿਨ ਬਾਅਦ ਦੀ ਤਰੀਕ ਪਾਈ ਜੋ ਪੀੜਤਾਂ ਨੂੰ ਆਪਣੇ ਜ਼ਖਮਾਂ 'ਤੇ ਨਮਕ ਛਿੜਕਣ ਜਿਹੀ ਮਹਿਸੂਸ ਹੋਈ। ਧਾਰਾ 370 ਰੱਦ ਕੀਤੇ ਜਾਣ ਵਾਲੇ ਕਾਨੂੰਨ ਦੀ ਸੰਵਿਧਾਨਕ ਵਾਜਬੀਅਤ ਬਾਰੇ ਪਟੀਸ਼ਨਾਂ ਦੀ ਸੁਣਵਾਈ, ਤਕਰੀਬਨ ਦੋ ਸਾਲ ਬੀਤ ਜਾਣ ਬਾਅਦ, ਅਜੇ ਤੱਕ ਵੀ ਸ਼ੁਰੂ ਨਹੀਂ ਹੋਈ। ਇਹੀ ਹਾਲ ਚੋਣਾਵੀ ਬਾਂਡ ਸਕੀਮ ਦਾ ਹੋਇਆ। ਸਰਕਾਰ ਨੇ ਇਹ ਸਕੀਮ ਆਪਣੀ ਪਾਰਟੀ ਲਈ ਕਾਰਪੋਰੇਟ ਘਰਾਣਿਆਂ ਤੋਂ ਚੰਦਾ ਵਸੂਲਣ ਲਈ ਘੜੀ ਹੈ ਅਤੇ ਮੁਲਕ ਦਾ ਮੁੱਖ ਚੋਣ ਕਮਿਸ਼ਨਰ ਤਕ ਇਸ ਸਕੀਮ ਨੂੰ 'ਲੋਕਤੰਤਰ ਲਈ ਘਾਤਕ' ਦਾ ਲਕਬ ਦੇ ਚੁੱਕਾ ਹੈ। ਸੁਪਰੀਮ ਕੋਰਟ ਨੇ ਇਸ ਸਕੀਮ ਵਿਰੁੱਧ ਪਾਈ ਪਟੀਸ਼ਨ ਦੀ ਸੁਣਵਾਈ ਜਦ ਸਾਲਾਂ ਬਾਅਦ ਕੀਤੀ ਤਦ ਤਕ ਵੱਡੀ ਮਾਤਰਾ ਵਿੱਚ ਚੋਣਾਵੀ ਬਾਂਡ ਪਹਿਲਾਂ ਹੀ ਵਿਕ ਚੁੱਕੇ ਸਨ। ਨਾਗਰਿਕਤਾ ਸੋਧ ਕਾਨੂੰਨ ਬਾਰੇ ਸੁਪਰੀਮ ਕੋਰਟ ਦੇ ਇੱਕ ਸਾਬਕਾ ਜੱਜ ਸਮੇਤ ਬਹੁਤ ਸਾਰੇ ਕਾਨੂੰਨੀ ਮਾਹਿਰਾਂ ਦੀ ਰਾਏ ਹੈ ਕਿ ਧਰਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਵਾਲਾ ਇਹ ਕਾਨੂੰਨ ਸੰਵਿਧਾਨ ਦੇ ਧਰਮ ਨਿਰਪੱਖ ਖਾਸੇ ਦੇ ਉਲਟ ਹੈ, ਇਸ ਲਈ ਪੂਰੀ ਤਰਾਂ ਅਸੰਵਿਧਾਨਕ ਹੈ। ਪਰ ਸਰਕਾਰ ਦੇ ਪੱਖ ਵਿੱਚ ਖੜੀ ਸੁਪਰੀਮ ਕੋਰਟ ਨੇ ਇਸ ਕਾਨੂੰਨ ਦੀ ਵੈਧਤਾ ਵਿਰੁੱਧ ਪਾਈਆਂ ਪਟੀਸ਼ਨਾਂ ਦੀ ਸੁਣਵਾਈ ਨੂੰ ਠੰਢੇ ਬਸਤੇ ਵਿੱਚ ਪਾ ਰੱਖਿਆ ਹੈ। ਪ੍ਰਵਾਸੀ ਮਜ਼ਦੂਰਾਂ ਵਾਲੇ ਕੇਸ ਦੀ ਸੁਣਵਾਈ ਵਿੱਚ ਵੀ ਬਹੁਤ ਦੇਰੀ ਕੀਤੀ ਗਈ। ਸੰਨ 2020 ਦੀ ਕੋਰੋਨਾ ਲਹਿਰ ਸਮੇਂ ਪ੍ਰਵਾਸੀ ਮਜ਼ਦੂਰਾਂ ਦੇ ਭੁੱਖਮਰੀ ਵਾਲੇ ਹਾਲਾਤ, ਹਜ਼ਾਰਾਂ ਕਿਲੋਮੀਟਰ ਪੈਦਲ ਚੱਲਣ, ਪੁਲਿਸ ਜਬਰ ਤੋਂ ਡਰ ਕੇ ਰੇਲਾਂ ਦੀਆਂ ਪਟੜੀਆਂ 'ਤੇ ਤੁਰਨ ਅਤੇ ਮਾਰੇ ਜਾਣ, ਸੜਕਾਂ ਕਿਨਾਰੇ ਬੱਚਿਆਂ ਨੂੰ ਜਨਮ ਦੇਣ ਦੀਆਂ ਮਜਬੂਰੀਆਂ ਆਦਿ ਦੇ ਦਿਲ-ਕੰਬਾਊ ਮੰਜ਼ਰ ਜਦ ਮਨੁੱਖਤਾ ਨੂੰ ਸ਼ਰਮਸਾਰ ਕਰ ਰਹੇ ਸਨ ਤਦ ਸਾਡੀ ਸੁਪਰੀਮ ਕੋਰਟ ਕੁੰਭਕਰਨੀ ਨੀਂਦ ਸੁੱਤੀ ਹੋਈ ਸੀ ਤਾਂ ਜੁ ਸਰਕਾਰ ਨੂੰ ਕਸੂਤੇ ਸਵਾਲਾਂ ਦੇ ਜਵਾਬ ਦੇਣ ਤੋਂ ਬਚਾਇਆ ਜਾ ਸਕੇ। ਜਦ ਗੁਨਾ (ਮੱਧ ਪ੍ਰਦੇਸ਼) ਵਿਚ ਪੈਦਲ ਚੱਲ ਰਹੇ 8 ਪ੍ਰਵਾਸੀ ਮਜ਼ਦੂਰ ਸੜਕ ਹਾਦਸੇ ਵਿੱਚ ਮਾਰੇ ਗਏ ਤਾਂ ਇਨਾਂ ਮਜ਼ਦੂਰਾਂ ਨੂੰ ਆਸਰਾ, ਭੋਜਨ ਤੇ ਟਰਾਂਸਪੋਰਟ ਜਿਹੀਆਂ ਸਹੂਲਤਾਂ ਮੁਹਈਆ ਕਰਵਾਉਣ ਦੀ ਮੰਗ ਕਰਦੀ ਇੱਕ ਪਟੀਸ਼ਨ ਸੁਪਰੀਮ ਕੋਰਟ ਵਿੱਚ ਪਾਈ ਗਈ ਜਿਸ 'ਤੇ ਬਹੁਤ ਦੇਰ ਬਾਅਦ ਸੁਣਵਾਈ ਕੀਤੀ ਗਈ। ਸੂਬਿਆਂ 'ਤੇ ਜ਼ਿੰਮੇਵਾਰੀ ਸੁੱਟਦਿਆਂ ਜੱਜ ਸਾਹਿਬਾਨ ਨੇ ਬਹੁਤ ਗ਼ੈਰ-ਸੰਵੇਦਨਸ਼ੀਲ ਤੇ ਬੇਹੂਦਾ ਟਿੱਪਣੀ ਕੀਤੀ ਕਿ 'ਅਸੀਂ ਲੋਕਾਂ ਨੂੰ ਰੇਲਵੇ ਲਾਈਨਾਂ ਤੇ ਸੜਕਾਂ 'ਤੇ ਤੁਰਨੋਂ ਨਹੀਂ ਰੋਕ ਸਕਦੇ।' ਜਿਵੇਂ ਪ੍ਰਵਾਸੀ ਮਜ਼ਦੂਰ ਸ਼ੌਕ ਨਾਲ ਇਨਾਂ 'ਤੇ ਤੁਰਦੇ ਹੋਣ। ਇਸੇ ਸਮੇਂ ਅਦਾਲਤੀ ਫੈਸਲਿਆਂ ਵਿੱਚ ਜਮਾਤੀ ਵਿਤਕਰੇ ਦੀ ਇੱਕ ਹੋਰ ਮਿਸਾਲ ਸਾਹਮਣੇ ਆਈ। ਸਾਧਨ-ਵਿਹੂਣੇ ਗਰੀਬ ਪ੍ਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਅਣਗੌਲਿਆਂ ਕਰਨ ਵਾਲੀ ਸੁਪਰੀਮ ਕੋਰਟ ਮੂਹਰੇ ਜਦ ਕਰੋਨਾ ਲੌਕਡਾਊਨ ਕਾਰਨ ਵਿਦੇਸ਼ਾਂ ਵਿੱਚ ਫਸੇ ਸਾਧਨ-ਸੰਪੰਨ ਅਮੀਰਾਂ ਦੇ ਵਿਦੇਸ਼ ਪੜਦੇ ਬੱਚਿਆਂ, ਵਪਾਰੀਆਂ ਤੇ ਟੂਰਿਸਟਾਂ ਨੂੰ ਮੁਲਕ ਵਾਪਸ ਲਿਆਉਣ ਦਾ ਮਸਲਾ ਆਇਆ ਤਾਂ ਸੁਪਰੀਮ ਕੋਰਟ ਨੇ ਏਅਰ ਇੰਡੀਆ ਨੂੰ ਨਾ ਸਿਰਫ ਵਿਸ਼ੇਸ਼ ਫਲਾਈਟਾਂ ਚਲਾਉਣ ਲਈ ਕਿਹਾ, ਸਗੋਂ ਕਰੋਨਾ ਪ੍ਰੋਟੋਕੋਲ ਦੇ ਉਲਟ ਜਾ ਕੇ ਏਅਰਲਾਈਨ ਨੂੰ ਜਹਾਜ਼ ਦੀਆਂ ਵਿਚਕਾਰਲੀਆਂ ਸੀਟਾਂ ਖਾਲੀ ਰੱਖਣ ਦੇ ਨਿਯਮਾਂ ਤੋਂ ਵੀ ਛੋਟ ਦੇ ਦਿੱਤੀ।

**ਮਨੁੱਖੀ ਅਧਿਕਾਰ**

**ਕਾਰਜਪਾਲਿਕਾ ਤੇ ਨਿਆਂਪਾਲਿਕਾ ਆਪਸ ਵਿੱਚ ਘਿਉ-ਖਿਚੜੀ**

ਸਾਡੀ ਨਿਆਂਤੰਤਰ ਪ੍ਰਣਾਲੀ ਇੰਨੀ ਨਿਘਰ ਗਈ ਹੈ ਕਿ ਹੁਣ ਨਿਆਂ-ਪਾਲਿਕਾ ਦੀ ਕਥਿਤ ਆਜ਼ਾਦੀ ਦਾ ਭਰਮ ਬਣਾਈ ਰੱਖਣ ਦੀ ਵੀ ਜ਼ਰੂਰਤ ਨਹੀਂ ਸਮਝੀ ਜਾਂਦੀ। ਅਗਸਤ 2019 ਵਿੱਚ ਇੱਕ ਸਮਾਗਮ ਦੌਰਾਨ ਪਟਨਾ ਹਾਈ ਕੋਰਟ ਦਾ ਸਾਬਕਾ ਚੀਫ ਜਸਟਿਸ ਅਤੇ ਸੁਪਰੀਮ ਕੋਰਟ ਦਾ ਸਿਟਿੰਗ ਜੱਜ ਐੱਮ.ਆਰ. ਸ਼ਾਹ ਮੋਦੀ ਨੂੰ ਆਪਣਾ 'ਹੀਰੋ ਤੇ ਮਾਡਲ' ਦੱਸਦਾ ਹੈ, ਫਰਵਰੀ 2020 ਵਿੱਚ ਪ੍ਰਧਾਨ ਮੰਤਰੀ ਮੋਦੀ, ਕਾਨੂੰਨ ਮੰਤਰੀ ਰਵੀ ਪ੍ਰਸ਼ਾਦ ਤੇ 20 ਮੁਲਕਾਂ ਦੇ ਸੀਨੀਅਰ ਜੱਜਾਂ ਦੀ ਹਾਜ਼ਰੀ ਵਿੱਚ ਸੁਪਰੀਮ ਕੋਰਟ ਦਾ ਜੱਜ ਅਰੁਣ ਮਿਸ਼ਰਾ ਮੋਦੀ ਨੂੰ ਬਹੁਪੱਖੀ ਪ੍ਰਤਿਭਾਸ਼ੀਲ ਪੁਰਸ਼ ਤੇ ਹੋਰ ਕਿੰਨੇ ਹੀ ਵੱਡੇ ਵੱਡੇ ਲਕਬਾਂ ਨਾਲ ਨਿਵਾਜ਼ਦਾ ਹੈ। ਜੂਨ 2021 ਵਿੱਚ ਇਸੇ ਅਰੁਣ ਮਿਸ਼ਰਾ ਨੂੰ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਲਾ ਦਿੱਤਾ ਜਾਂਦਾ ਹੈ। ਅਯੋਧਿਆ, ਰਾਫਾਲੇ, ਜਸਟਿਸ ਲੋਯਾ ਆਦਿ ਕਈ ਅਹਿਮ ਕੇਸਾਂ ਵਿੱਚ ਸਰਕਾਰ ਦੇ ਹੱਕ ਵਿੱਚ ਭੁਗਤਣ ਵਾਲੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੂੰ, ਸਾਰੀਆਂ ਨੈਤਿਕ ਤੇ ਲੋਕਤੰਤਰਿਕ ਕਦਰਾਂ ਕੀਮਤਾਂ ਤੇ ਰਿਵਾਇਤਾਂ ਨੂੰ ਟਿੱਚ ਸਮਝਦੇ ਹੋਏ, ਰਿਟਾਇਰ ਹੋਣ ਦੇ ਚਾਰ ਮਹੀਨੇ ਬਾਅਦ ਹੀ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਜਾਂਦਾ ਹੈ।

**ਮੁਸਲਿਮ, ਦਲਿਤ, ਆਦਿਵਾਸੀ, ਖੱਬੇ-ਪੱਖੀ ਬੁੱਧੀਜੀਵੀ ਤੇ ਵਿਦਿਆਰਥੀ ਖਾਸ ਨਿਸ਼ਾਨੇ 'ਤੇ**

ਇਨਾਂ ਵਰਗਾਂ ਪ੍ਰਤੀ ਭਾਰਤੀ ਤਫਤੀਸ਼ ਏਜੰਸੀਆਂ ਤੇ ਅਦਾਲਤਾਂ ਦਾ ਵਤੀਰਾ ਪੱਖਪਾਤੀ ਤੇ ਅਨਿਆਂਪੂਰਨ ਹੋਣ ਤੋਂ ਇਲਾਵਾ ਵੈਰ-ਭਾਵੀ ਵੀ ਹੈ। ਯੂਏਪੀਏ ਤੇ ਐੱਨਐੱਸਏ ਜਿਹੇ ਪ੍ਰਤੀਬੰਧਕ ਨਜ਼ਰਬੰਦੀ ਕਾਨੂੰਨਾਂ ਅਧੀਨ ਨਜ਼ਰਬੰਦ ਮੁਲਜਿਮਾਂ ਵਿੱਚ ਤਕਰੀਬਨ 50 ਫੀ ਸਦੀ ਗਿਣਤੀ ਮੁਸਲਮਾਨਾਂ ਦੀ ਹੈ ਜਦ ਕਿ ਕੁਲ ਆਬਾਦੀ ਵਿੱਚ ਮੁਸਲਮਾਨਾਂ ਦਾ ਹਿੱਸਾ ਮਹਿਜ਼ 14% ਹੈ।

**ਬਾਕੀ ਸਫ਼ਾ 30 'ਤੇ**

# ਮਾਮਲਾ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਤੇ ਧਰਮ ਪਰਿਵਰਤਨ ਨੂੰ ਰੋਕਣ ਦਾ

## ਜਥੇਦਾਰ ਅਕਾਲ ਤਖਤ ਵਲੋਂ ਅਪੀਲ ਪੰਥ ਲਾਮਬੰਦ ਹੋਵੇ



ਸੰਬੋਧਨ ਕਰਦੇ ਹੋਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਬੀਬੀ ਜਗੀਰ ਕੌਰ, ਗਿਆਨੀ ਰਘਬੀਰ ਸਿੰਘ, ਜਥੇ: ਬਾਬਾ ਬਲਬੀਰ ਸਿੰਘ, ਰਣਬੀਰ ਸਿੰਘ ਖਟੜਾ, ਸੰਤ ਤੇਜਾ ਸਿੰਘ ਐਮ.ਏ., ਮਹੰਤ ਕਰਮਜੀਤ ਸਿੰਘ ਸੇਵਾ ਪੰਥੀ, ਭਾਈ ਰਾਮ ਸਿੰਘ, ਬੀਬੀ ਕਿਰਨਜੋਤ ਕੌਰ, ਭਾਈ ਹਰਿਸਿਮਰਨ ਸਿੰਘ ਤੇ ਪ੍ਰਿੰ: ਰਾਮ ਸਿੰਘ। ਤਸਵੀਰਾਂ : ਨਿਰਮਲ ਸਟੂਡੀਓ

**ਅੰਮ੍ਰਿਤਸਰ /ਏ.ਟੀ.ਨਿਊਜ਼:** ਪਾਵਨ ਸਰੂਪਾਂ ਦੀ ਬੇਅਦਬੀ ਅਤੇ ਧਰਮ ਪਰਿਵਰਤਨ ਦੀਆਂ ਵਾਪਰ ਰਹੀਆਂ ਘਟਨਾਵਾਂ ’ਤੇ ਵਿਚਾਰ ਚਰਚਾ ਕਰਨ ਲਈ ਜਥੇਦਾਰ ਅਕਾਲ ਤਖ਼ਤ ਹਰਪ੍ਰੀਤ ਸਿੰਘ ਵਲੋਂ ਸਿੰਘ ਸਾਹਿਬਾਨ, ਪੰਥਕ ਜਥੇਬੰਦੀਆਂ, ਸਿੱਖ ਸੰਪਰਦਾਵਾਂ ਤੇ ਸਿੱਖ ਬੁੱਧੀਜੀਵੀਆਂ ਦੀ ਬੁਲਾਈ ਇਕੱਤਰਤਾ ਦੌਰਾਨ ਪਾਸ ਕੀਤੇ ਮਤੇ ਵਿਚ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਬੇਅਦਬੀਆਂ ਵਰਗੇ ਘੋਰ ਅਪਰਾਧ ਦੇ ਦੋਸ਼ੀਆਂ ਨੂੰ ਪਛਾਣ ਕੇ ਉਨਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਲਈ ਸਾਂਝੀ ਪੰਥਕ ਲਾਮਬੰਦੀ ਕੀਤੀ ਜਾਏ, ਧਰਮ ਪਰਿਵਰਤਨ ਵਰਗੇ ਮਾਮਲਿਆਂ ਦੀ ਰੋਕਥਾਮ ਲਈ ਪਿੰਡਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ੇਸ਼ ਯਤਨ ਕੀਤੇ ਜਾਣ। ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਤੇ ਹੋਰ ਸਿੱਖ ਜਥੇਬੰਦੀਆਂ ਦੇ ਮੁਖੀਆਂ, ਪ੍ਰਤੀਨਿਧਾਂ ਤੋਂ ਇਲਾਵਾ ਸਾਬਕਾ ਆਈ. ਜੀ. ਰਣਵੀਰ ਸਿੰਘ ਖਟੜਾ, ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ, ਡਾ. ਐਸ. ਪੀ. ਸਿੰਘ ਸਮੇਤ ਹੋਰ ਬੁੱਧਜੀਵੀ ਵੀ ਹਾਜ਼ਰ ਸਨ ।ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਦਾ ਸਤਿਕਾਰ ਅਦਬ ਕਰਵਾਉਣਾ ਸਾਡਾ ਫਰਜ਼ ਹੈ ਪਰ ਇਸ ਲਈ ਸਾਨੂੰ ਸੰਕੀਰਨਤਾ ਛੱਡ ਕੇ ਤਰੀਕਾ ਸੰਵਾਦ ਤੇ ਵਿਚਾਰ ਚਰਚਾ ਦਾ ਆਪਨਾਉਣਾ ਚਾਹੀਦਾ ਹੈ । ਉਨਾਂ ਕਿਹਾ ਕਿ ਬੇਅਦਬੀ ਤੇ ਧਰਮ ਪਰਿਵਰਤਨ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਸਿੱਖ ਜਥੇਬੰਦੀਆਂ ਨੂੰ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੁਰਾਤਨ ਸਮਿਆਂ ਵਾਂਗ ਪਿੰਡਾਂ ਵਿਚ ਜਾਣਾ ਚਾਹੀਦਾ ਹੈ ।ਇਸ ਇਕੱਤਰਤਾ ਦੌਰਾਨ ਪਿਛਲੇ ਸਮੇਂ ਦੌਰਾਨ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਵਿਸਥਾਰਤ ਜਾਣਕਾਰੀ ਸਾਬਕਾ ਆਈ. ਜੀ. ਤੇ ਪਹਿਲੀ ਸਿਟ ਦੇ ਮੁਖੀ ਰਹੇ ਰਣਬੀਰ ਸਿੰਘ ਖੱਟੜਾ ਨੇ ਦਿੱਤੀ । ਜਥੇਦਾਰ ਰਘਬੀਰ ਸਿੰਘ, ਜਥੇ: ਬਲਬੀਰ ਸਿੰਘ 96 ਕਰੋੜੀ, ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ, ਪ੍ਰਿੰਸੀਪਲ ਰਾਮ ਸਿੰਘ, ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਰਾਮ ਸਿੰਘ ਮੁਖੀ ਦਮਦਮੀ ਟਕਸਾਲ ਸੰਗਰਾਵਾਂ, ਸੰਤ ਕਰਮਜੀਤ ਸਿੰਘ ਸੇਵਾ ਪੰਥੀ, ਸੰਤ ਤੇਜਾ ਸਿੰਘ ਐਮ. ਏ. ਸਮੇਤ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਵਿਚਾਰ ਪੇਸ਼ ਕੀਤੇ। ਕਈ ਬੁਲਾਰਿਆਂ ਨੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਰਕਾਰਾਂ ਤੋਂ ਆਸ ਰੱਖਣ ਦੀ ਥਾਂ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਆਦੇਸ਼ ਜਾਰੀ ਕਰਨ ਦੀ ਮੰਗ ਕੀਤੀ।

**‘ਜਥੇਦਾਰ ਜੀ ਸੱਚ ਸਾਹਮਣੇ ਲਿਆਉ’ : ਪੰਥਕ ਤਾਲਮੇਲ ਸੰਗਠਨ**

ਪੰਥਕ ਤਾਲਮੇਲ ਸੰਗਠਨ ਨੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸੱਦੀ ਇਕੱਤਰਤਾ ’ਤੇ ਪ੍ਰਤੀਕਰਮ ਦਿੱਤਾ ਹੈ। ਸੰਗਠਨ ਮੁਤਾਬਕ ਇਕੱਤਰਤਾ ਤੋਂ ਪਹਿਲਾਂ ਕੀਤੀ ਕਾਨਫ਼ਰੰਸ ਤੋਂ ਜ਼ਾਹਰ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ ’ਤੇ ਸਿਆਸਤ ਨਾ ਕਰਨ ਦਾ ਆਦੇਸ਼ ਕੀਤਾ ਜਾਵੇਗਾ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ ਪਰ ਸੱਚ ਸਾਹਮਣੇ ਲਿਆਉਣ ਦੀ ਵੀ ਲੋੜ ਹੈ।

ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿ. ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ, ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਪੰਥਕ ਅਸੈਂਬਲੀ ਦੇ ਆਗੂ ਸੁਖਦੇਵ ਸਿੰਘ ਭੌਰ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਨਵਕਿਰਨ ਸਿੰਘ ਐਡਵੋਕੇਟ ਨੇ ਸਵਾਲ ਕੀਤਾ ਕਿ ਕੀ ਭਾਈ ਗੁਰਮੁਖ ਸਿੰਘ ਨੂੰ ਸੱਚ ਦੇ ਸਾਹਮਣੇ ਤੋਂ ਸੁਰੱਖਿਅਤ ਰਹਿਣ ਲਈ ਅਕਾਲ ਤਖ਼ਤ ਦਾ ਮੁੱਖ ਗ੍ਰੰਥੀ ਨਹੀਂ ਥਾਪਿਆ ਹੋਇਆ ? ਕੀ ਉਸ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ’ਤੇ ਇਲਜ਼ਾਮ ਨਹੀਂ ਲਾਏ ਸਨ ਕਿ ਸਿਰਸਾ ਵਾਲੇ ਸਾਧ ਨੂੰ ਮਾਫ਼ ਕਰਨ ਵਿਚ ਅਕਾਲ ਤਖ਼ਤ ਦੀ ਦੁਰਵਰਤੋਂ ਕੀਤੀ ਗਈ ਸੀ ? ਗਿਆਨੀ ਇਕਬਾਲ ਸਿੰਘ ਪਟਨਾ ਸਾਹਿਬ ਵੱਲੋਂ ਖ਼ੁਲਾਸਾ ਕਿ ਡੇਰਾ ਮੁਖੀ ਨੂੰ ਮਾਫ਼ੀ ਦਾ ਲਫਜ਼ ਅਕਾਲ ਤਖ਼ਤ ਦੇ ਕੰਪਿਊਟਰ ’ਤੇ ਬੈਠ ਕੇ ਪਾਇਆ ਗਿਆ ਇਸ ਨੂੰ ਕੌਣ ਤਸਦੀਕ ਕਰੇਗਾ ?

ਤਰਲੋਚਨ ਸਿੰਘ ਘੱਟ-ਗਿਣਤੀ ਕਮਿਸ਼ਨ ਨੇ ਕੁੰਵਰ ਵਿਜੈ ਪ੍ਰਤਾਪ ਵਾਲੀ ਐੱਸਆਈਟੀ ਕੋਲ ਬਿਆਨ ਦਰਜ ਕਰਵਾਇਆ ਸੀ ਕਿ ਮਾਫ਼ੀ ਵਾਲੀ ਚਿੱਠੀ ਉਸ ਨੇ ਲਿਖੀ ਸੀ ਤੇ ਸੁਖਬੀਰ ਦੇ ਕਹਿਣ ’ਤੇ ਸਵਾਮੀ ਅਗਨੀਵੇਸ਼ ਰਾਹੀਂ ਗੁਰਮੀਤ ਰਾਮ ਰਹੀਮ ਕੋਲ ਭੇਜੀ ਸੀ, ਇਹ ਤੱਥ ਕਿਉਂ ਛੁਪੇ ਹੋਏ ਹਨ ?

ਅੰਮ੍ਰਿਤਸਰ ਟਾਈਮਜ਼ ਦਾ ਪੱਖ ਹੈ ਕਿ ਇਹ ਪੰਥਕ ਮੀਟਿੰਗ ਯੋਗ ਕਦਮ ਹੈ। ਪਰ ਅਜੇ ਬਹੁਤ ਮੁੱਦੇ ਇਸ ਵਿਸ਼ੇ ਬਾਰੇ ਲੁਕੇ ਹਨ ਜੋ ਪੰਥਕ ਤਾਲਮੇਲ ਸੰਗਠਨ ਨੇ ਉਠਾਏ ਹਨ। ਉਨਾਂ ਨੂੰ ਸਾਹਮਣੇ ਲਿਆਉਣ ਦੀ ਲੋੜ ਹੈ ਤਾਂ ਜੋ ਦੋਸ਼ੀਆਂ ਦਾ ਪਰਦਾਫਾਸ਼ ਹੋ ਸਕੇ।

# ਆਪਣਾ ਵਜੂਦ ਗੁਆ ਰਿਹਾ ਹੈ ਭਾਰਤੀ ਚੋਣ ਕਮਿਸ਼ਨ

**ਭੱਖਦਾ ਮੱਸਲਾ**

### ਅਨਿਲ ਜੈਨ

ਪਿਛਲੇ ਛੇ-ਸੱਤ ਸਾਲਾਂ ਦੌਰਾਨ ਉਂਜ ਤਾਂ ਦੇਸ਼ ਦੀ ਹਰ ਪ੍ਰਮੁੱਖ ਸੰਵਿਧਾਨਕ ਸੰਸਥਾ ਨੇ ਸਰਕਾਰ ਦੇ ਅੱਗੇ ਜ਼ਿਆਦਾ ਜਾਂ ਘੱਟ ਸਮਰਪਣ ਕਰਕੇ ਆਪਣੀ ਸਾਖ਼ ਤੇ ਵਿਸ਼ਵਾਸ-ਯੋਗਤਾ ’ਤੇ ਦਾਗ਼ ਲਗਵਾਇਆ ਹੈ, ਪਰ ਚੋਣ ਕਮਿਸ਼ਨ ਦੀ ਸਾਖ਼ ਤਾਂ ਲਗਭਗ ਪੂਰੀ ਤਰਾਂ ਹੀ ਡਗਮਗਾ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਆਪਣੇ ਕੰਮਕਾਜ ਅਤੇ ਫ਼ੈਸਲਿਆਂ ’ਤੇ ਲਗਾਤਾਰ ਉੱਠਦੇ ਸਵਾਲਾਂ ਦੇ ਬਾਵਜੂਦ ਚੋਣ ਕਮਿਸ਼ਨ ਅਜਿਹਾ ਕੁਝ ਕਰਦਾ ਨਹੀਂ ਦਿਸਦਾ, ਜਿਸ ਨਾਲ ਲੱਗੇ ਕਿ ਉਹ ਆਪਣੀ ਡਿਗ ਚੁੱਕੀ ਸਾਖ਼ ਨੂੰ ਲੈ ਕੇ ਜ਼ਰਾ ਵੀ ਚਿੰਤਤ ਹੈ। ਉਸ ਦੀ ਨਿਰਪੱਖਤਾ ਦਾ ਪੱਲਾ ਹਮੇਸ਼ਾ ਸਰਕਾਰ ਤੇ ਸੱਤਾਧਾਰੀ ਦਲ ਦੇ ਪੱਖ ਵਿਚ ਝੁਕਿਆ ਦੇਖਦਿਆਂ ਹੁਣ ਤਾਂ ਆਮ ਲੋਕ ਵੀ ਉਸ ਨੂੰ ਚੋਣ ਮੰਤਰਾਲਾ ਕਹਿਣ ਲੱਗੇ ਹਨ।

ਕਮਿਸ਼ਨ ਆਪਣੇ ਮਾਣ-ਸਨਮਾਨ ਦੀ ਚਿੰਤਾ ਤੋਂ ਮੁਕਤ ਹੈ ਅਤੇ ਉਸ ਦੇ ਕੋਲ ਆਪਣੀਆਂ ਕਾਰਗੁਜ਼ਾਰੀਆਂ ਦੇ ਪੱਖ ਵਿਚ ਤਰਕ ਵਾਲੀ ਦਲੀਲ ਨਹੀਂ ਹੁੰਦੀ, ਲਿਹਾਜ਼ਾ ਉਹ ਆਪਣੀ ਆਲੋਚਨਾ ਦਾ ਜਵਾਬ ਦੇਣ ਲਈ ਵੀ ਸਾਹਮਣੇ ਨਹੀਂ ਆਉਂਦਾ। ਹਾਂ ਪਰ, ਉਨਾਂ ਵਲੋਂ ਖ਼ੁਦ ਪ੍ਰਧਾਨ ਮੰਤਰੀ ਤੇ ਉਨਾਂ ਦੀ ਪਾਰਟੀ ਦੇ ਨੇਤਾ ਜ਼ਰੂਰ ਜਵਾਬ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਵਿਰੋਧੀ ਦਲ ਚੋਣ ਕਮਿਸ਼ਨ ਦੀ ਬੇਇਜ਼ਤੀ ਕਰ ਰਹੇ ਹਨ। ਦੂਜੇ ਪਾਸੇ ਚੋਣ ਕਮਿਸ਼ਨ ਪੂਰੀ ਮਿਹਨਤ ਨਾਲ ਜਿਵੇਂ ਸਰਕਾਰ ਚਾਹੁੰਦੀ ਹੈ, ਉਂਜ ਹੀ ਕਰਦਾ ਹੈ, ਚਾਹੇ ਮਾਮਲਾ ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਦਾ ਹੋਵੇ ਜਾਂ ਉਪ ਚੋਣਾਂ ਦਾ।

ਤਾਜ਼ਾ ਮਾਮਲਾ ਰਾਜ ਸਭਾ ਦੀਆਂ ਖ਼ਾਲੀ ਹੋਈਆਂ ਕੁਝ ਸੀਟਾਂ ਦਾ ਹੈ। ਪਿਛਲੇ ਦਿਨੀਂ ਪੰਜ ਸੂਬਿਆਂ ਤੋਂ ਰਾਜ ਸਭਾ ਦੀਆਂ 8 ਸੀਟਾਂ ਖ਼ਾਲੀ ਹੋਈਆਂ ਹਨ, ਜਿਨਾਂ ਲਈ ਉਪ ਚੋਣਾਂ ਹੋਣੀਆਂ ਹਨ। ਇਨਾਂ ਅੱਠ ਸੀਟਾਂ ’ਚ ਦੋ ਸੀਟਾਂ ਪੱਛਮੀ ਬੰਗਾਲ ਦੀਆਂ, ਤਿੰਨ ਸੀਟਾਂ ਤਾਮਿਲਨਾਡੂ ਦੀਆਂ ਅਤੇ ਇਕ-ਇਕ ਸੀਟ ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਆਸਾਮ ਦੀ ਹੈ। ਪਰ ਚੋਣ ਕਮਿਸ਼ਨ ਨੇ ਇਨਾਂ ਵਿਚੋਂ ਫ਼ਿਲਹਾਲ ਸਿਰਫ਼ ਪੱਛਮੀ ਬੰਗਾਲ ਦੀ ਇਕ ਸੀਟ ਲਈ ਹੀ ਉਪ ਚੋਣ ਕਰਵਾਉਣ ਦਾ ਐਲਾਨ ਕੀਤਾ ਹੈ। ਬਾਕੀ ਸੱਤ ਸੀਟਾਂ ਲਈ ਉਪ ਚੋਣਾਂ ਦਾ ਐਲਾਨ ਕਿਉਂ ਨਹੀਂ ਕੀਤਾ ਗਿਆ ਅਤੇ ਉਨਾਂ ਦੇ ਲਈ ਚੋਣਾਂ ਕਦੋਂ ਕਰਵਾਈਆਂ ਜਾਣਗੀਆਂ, ਇਸ ਸਵਾਲ ’ਤੇ ਚੋਣ ਕਮਿਸ਼ਨ ਚੁੱਪ ਹੈ।

ਚੋਣ ਕਮਿਸ਼ਨ ਦੇ ਐਲਾਨ ਮੁਤਾਬਿਕ ਪੱਛਮੀ ਬੰਗਾਲ ਦੀ ਇਕ ਸੀਟ ਲਈ 9 ਅਗਸਤ ਨੂੰ ਉਪ ਚੋਣ ਹੋਵੇਗੀ, ਜਿਸ ਲਈ 22 ਜੁਲਾਈ ਨੂੰ ਨੋਟੀਫ਼ਿਕੇਸ਼ਨ ਵੀ ਜਾਰੀ ਹੋ ਗਿਆ ਹੈ। ਇਹ ਸੀਟ ਦਿਨੇਸ਼ ਤ੍ਰਿਵੇਦੀ ਦੇ ਅਸਤੀਫ਼ੇ ਨਾਲ ਖ਼ਾਲੀ ਹੋਈ ਹੈ। ਦੱਸਣਯੋਗ ਹੈ ਕਿ ਦਿਨੇਸ਼ ਤ੍ਰਿਵੇਦੀ ਇਸ ਸੀਟ ’ਤੇ ਤ੍ਰਿਣਮੂਲ ਕਾਂਗਰਸ ਦੀ ਟਿਕਟ ’ਤੇ ਅਪ੍ਰੈਲ 2020 ਵਿਚ ਚੁਣੇ ਗਏ ਸਨ। ਉਨਾਂ ਦਾ ਕਾਰਜਕਾਲ 2026 ਵਿਚ ਖ਼ਤਮ ਹੋਣਾ ਸੀ, ਪਰ ਭਾਜਪਾ ਵਿਚ ਸ਼ਾਮਿਲ ਹੋਣ ਲਈ ਉਨਾਂ ਨੇ ਇਸੇ ਸਾਲ 12 ਫਰਵਰੀ ਨੂੰ ਤ੍ਰਿਣਮੂਲ ਕਾਂਗਰਸ ਅਤੇ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪੱਛਮੀ ਬੰਗਾਲ ਤੋਂ ਦੂਜੀ ਸੀਟ ਤ੍ਰਿਣਮੂਲ ਕਾਂਗਰਸ ਦੇ ਹੀ ਮਾਨਸ ਭੂਨੀਆ ਦੇ ਅਸਤੀਫ਼ੇ ਨਾਲ ਖ਼ਾਲੀ ਹੋਈ ਹੈ। ਉਹ ਤ੍ਰਿਣਮੂਲ ਕਾਂਗਰਸ ਦੀ ਟਿਕਟ ’ਤੇ ਵਿਧਾਨ ਸਭਾ ਦੀ ਚੋਣ ਜਿੱਤ ਕੇ ਹੁਣ ਪੱਛਮੀ ਬੰਗਾਲ ਸਰਕਾਰ ਵਿਚ ਮੰਤਰੀ ਬਣ ਗਏ ਹਨ, ਉਨਾਂ ਦੀ ਖ਼ਾਲੀ ਹੋਈ ਰਾਜ ਸਭਾ ਸੀਟ ’ਤੇ ਚੋਣ ਕਮਿਸ਼ਨ ਅਜੇ ਚੋਣ ਨਹੀਂ ਕਰਵਾ ਰਿਹਾ। ਇੱਥੇ ਜਿਸ ਇਕ ਸੀਟ ’ਤੇ ਚੋਣ ਕਰਵਾਈ ਜਾ ਰਹੀ ਹੈ, ਉਹ ਤ੍ਰਿਣਮੂਲ ਕਾਂਗਰਸ ਨੂੰ ਹੀ ਮਿਲਣੀ ਹੈ ਅਤੇ ਦੂਜੀ ਸੀਟ ’ਤੇ ਵੀ ਜਦੋਂ ਚੋਣ ਹੋਵੇਗੀ ਤਾਂ ਉਹ ਵੀ ਤ੍ਰਿਣਮੂਲ ਕਾਂਗਰਸ ਦੇ ਖਾਤੇ ਵਿਚ ਹੀ ਜਾਵੇਗੀ।

ਤਾਮਿਲਨਾਡੂ ਵਿਚ ਵੀ ਰਾਜ ਸਭਾ ਦੀਆਂ 3 ਸੀਟਾਂ ਖ਼ਾਲੀ ਹੋਈਆਂ ਹਨ। ਇਨਾਂ ਵਿਚੋਂ ਇਕ ਸੀਟ ਆਲ ਇੰਡੀਆ ਅੰਨਾ ਡੀ.ਐਮ.ਕੇ. ਦੇ ਏ. ਮੁਹੰਮਦ ਜੌਹਨ ਦੀ ਹੈ, ਜਿਨਾਂ ਦਾ ਇਸੇ ਸਾਲ ਮਾਰਚ ਵਿਚ ਦਿਹਾਂਤ ਹੋ ਗਿਆ ਸੀ। ਭਾਵ ਇਹ ਸੀਟ ਚਾਰ ਮਹੀਨੇ ਤੋਂ ਖਾਲੀ ਹੈ ਪਰ ਚੋਣ ਕਮਿਸ਼ਨ ਨੇ ਇਸ ’ਤੇ ਚੋਣ ਕਰਵਾਉਣ ਦਾ ਫ਼ੈਸਲਾ ਨਹੀਂ ਕੀਤਾ। ਦੋ ਹੋਰ ਸੀਟਾਂ ਡੀ.ਐਮ.ਕੇ. ਦੇ ਦੋ ਰਾਜ ਸਭਾ ਮੈਂਬਰਾਂ ਦੇ ਵਿਧਾਇਕ ਬਣ ਜਾਣ ਨਾਲ ਖਾਲੀ ਹੋਈਆਂ ਹਨ। ਕੇ.ਪੀ. ਮੁਨੂਸਵਾਮੀ ਅਤੇ ਆਰ. ਵੈਧਲਿੰਗਮ ਨੇ ਵਿਧਾਨ ਸਭਾ ਚੋਣ ਜਿੱਤ ਜਾਣ ’ਤੇ ਮਈ ਵਿਚ ਰਾਜ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਭਾਵ ਇਨਾਂ ਸੀਟਾਂ ਨੂੰ ਵੀ ਖਾਲੀ ਹੋਇਆਂ ਨੂੰ ਦੋ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਇਨਾਂ ’ਤੇ ਵੀ ਕਮਿਸ਼ਨ ਚੋਣਾਂ ਨਹੀਂ ਕਰਵਾ ਰਿਹਾ। ਰਾਜ ਵਿਧਾਨ ਸਭਾ ਵਿਚ ਗਿਣਤੀ ਦੇ ਜ਼ੋਰ ਦੇ ਆਧਾਰ ’ਤੇ ਇਹ ਤਿੰਨ ਸੀਟਾਂ ਵੀ ਡੀ.ਐਮ.ਕੇ. ਦੀ ਅਗਵਾਈ ਵਾਲੇ ਗੱਠਜੋੜ ਦੇ ਖਾਤੇ ਵਿਚ ਜਾਣੀਆਂ ਹਨ। ਮੱਧ ਪ੍ਰਦੇਸ਼ ਅਤੇ ਆਸਾਮ ਦੀ ਇਕ-ਇਕ ਸੀਟ ਭਾਜਪਾ ਸੰਸਦ ਮੈਂਬਰਾਂ ਦੇ ਅਸਤੀਫ਼ੇ ਨਾਲ ਖਾਲੀ ਹੋਈ ਹੈ। ਮੱਧ ਪ੍ਰਦੇਸ਼ ਵਿਚ ਥਾਵਰਚੰਦ ਗਹਿਲੋਤ ਨੇ ਇਸੇ ਮਹੀਨੇ ਰਾਜ ਸਭਾ ਤੋਂ ਅਸਤੀਫ਼ਾ ਦਿੱਤਾ ਹੈ। ਉਨਾਂ ਨੂੰ ਪਿਛਲੇ ਦਿਨੀਂ ਕੇਂਦਰੀ ਕੈਬਨਿਟ ਮੰਤਰੀ ਤੋਂ ਮੁਕਤ ਕਰਕੇ ਕਰਨਾਟਕਾ ਦਾ ਰਾਜਪਾਲ ਬਣਾਇਆ ਗਿਆ ਹੈ। ਆਸਾਮ ਵਿਚ ਬਿਸਬਜੀਤ ਦੈਮਰੀ ਨੇ ਵਿਧਾਨ ਸਭਾ ਦੀ ਚੋਣ ਜਿੱਤਣ ਤੋਂ ਬਾਅਦ ਮਈ ’ਚ ਰਾਜ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਸੀਟ ਤੋਂ ਸਰਬਾਨੰਦ ਸੋਨੋਵਾਲ ਨੂੰ ਰਾਜ ਸਭਾ ’ਚ ਭੇਜਿਆ ਜਾਵੇਗਾ, ਜੋ ਪਿਛਲੇ ਦਿਨੀਂ ਕੇਂਦਰ ਵਿਚ ਮੰਤਰੀ ਬਣਾਏ ਗਏ ਹਨ। ਇਹ ਦੋਵੇਂ ਸੀਟਾਂ ਹੀ ਭਾਜਪਾ ਦੇ ਖਾਤੇ ਵਿਚ ਜਾਣੀਆਂ ਹਨ, ਪਰ ਇੱਥੇ ਵੀ ਅਜੇ ਚੋਣ ਨਹੀਂ ਕਰਵਾਈ ਜਾ ਰਹੀ।

ਮੱਧ ਪ੍ਰਦੇਸ਼ ਅਤੇ ਆਸਾਮ ਦੀ ਤਰਾਂ ਮਹਾਰਾਸ਼ਟਰ ਵਿਚ ਵੀ ਰਾਜ ਸਭਾ ਦੀ ਇਕ ਸੀਟ ਖ਼ਾਲੀ ਹੈ ਜੋ ਕਾਂਗਰਸ ਸੰਸਦ ਮੈਂਬਰ ਰਾਜੀਵ ਸਾਤਵ ਦੇ ਦਿਹਾਂਤ ਨਾਲ ਖਾਲੀ ਹੋਈ ਹੈ, ਪਰ ਇਸ ਲਈ ਵੀ ਚੋਣ ਦਾ ਐਲਾਨ ਨਹੀਂ ਹੋਇਆ। ਦਰਅਸਲ ਇਸ ਸੀਟ ’ਤੇ ਚੋਣ ਰੋਕੇ ਜਾਣ ਦਾ ਵੀ ਕੋਈ ਖ਼ਾਸ ਕਾਰਨ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਜਿਸ ਤਰਾਂ ਸੂਬੇ ਵਿਚ ਵਿਧਾਨ ਪ੍ਰੀਸ਼ਦ ਦੀਆਂ 12 ਸੀਟਾਂ ’ਤੇ ਨਾਮਜ਼ਦਗੀ ਦਾ ਮਾਮਲਾ ਪਿਛਲੇ ਕਈ ਮਹੀਨਿਆਂ ਤੋਂ ਰਾਜਪਾਲ ਨੇ ਰੋਕ ਰੱਖਿਆ ਹੈ, ਉਸੇ ਤਰਾਂ ਰਾਜ ਸਭਾ ਦੀ ਇਸ ਇਕ ਸੀਟ ਦੀ ਚੋਣ ਵੀ ਰੁਕਵਾ ਦਿੱਤੀ ਗਈ ਹੈ। ਇਸ ਨੂੰ ਸੂਬੇ ਵਿਚ ਸੱਤਾਧਾਰੀ ਗੱਠਜੋੜ ਦੀਆਂ ਤਿੰਨਾਂ ਪਾਰਟੀਆਂ ਵਿਚਾਲੇ ਚੱਲ ਰਹੀ ਖਿੱਚੋਤਾਣ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ ਅਤੇ ਸ਼ਾਇਦ ਉੱਪਰਲੀ ਪੱਧਰ ’ਤੇ ਇਹ ਸੋਚਿਆ ਜਾ ਰਿਹਾ ਹੈ ਕਿ ਜੇਕਰ ਅਗਲੇ ਕੁਝ ਦਿਨਾਂ ਵਿਚ ਕਿਸੇ ਕਾਰਨ ਮਹਾਂ-ਵਿਕਾਸ ਅਗਾੜੀ ਦੀ ਸਰਕਾਰ ਡਿਗ ਜਾਂਦੀ ਹੈ ਤਾਂ ਰਾਜ ਸਭਾ ਦੀ ਸੀਟ ਤਾਂ ਭਾਜਪਾ ਦੇ ਖਾਤੇ ਵਿਚ ਆਵੇਗੀ ਹੀ, ਨਾਲ ਹੀ ਵਿਧਾਨ ਪ੍ਰੀਸ਼ਦ ’ਚ ਵੀ ਭਾਜਪਾ ਆਪਣੇ 12 ਮੈਂਬਰਾਂ ਦੀ ਨਾਮਜ਼ਦਗੀ ਕਰਵਾ ਸਕੇਗੀ।

ਇਕ ਹੀ ਸੂਬੇ ਦੀਆਂ ਦੋ ਰਾਜ ਸਭਾ ਸੀਟਾਂ ਦੀਆਂ ਚੋਣਾਂ ਰਾਜਨੀਤਕ ਕਾਰਨਾਂ ਕਰਕੇ ਵੱਖ-ਵੱਖ ਸਮੇਂ ’ਤੇ ਕਰਵਾਉਣ ਦਾ ਨਾਟਕ ਹਾਲ ਦੇ ਸਾਲਾਂ ਵਿਚ ਕਮਿਸ਼ਨ ਕਈ ਵਾਰ ਦੁਹਰਾ ਚੁੱਕਾ ਹੈ। ਪਿਛਲੇ ਸਾਲ ਉੱਤਰ ਪ੍ਰਦੇਸ਼ ਵਿਚ ਅਤੇ ਉਸ ਤੋਂ ਪਹਿਲਾਂ ਗੁਜਰਾਤ ’ਚ ਵੀ ਉਸ ਨੇ ਅਜਿਹਾ ਹੀ ਕੀਤਾ ਸੀ। ਤਿੰਨ ਮਹੀਨੇ ਪਹਿਲਾਂ ਪੰਜ ਸੂਬਿਆਂ ਦੀਆਂ, ਉਸ ਤੋਂ ਪਹਿਲਾਂ ਕੁਝ ਹੋਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਅਤੇ 2019 ਦੀਆਂ ਲੋਕ ਸਭਾ ਚੋਣਾਂ ਦਾ ਪ੍ਰੋਗਰਾਮ ਤੈਅ ਕਰਨ ਵਿਚ ਵੀ ਉਸ ਨੇ ਆਪਣੀ ਸਰਕਾਰ ਭਗਤੀ ਦਾ ਪੂਰਾ ਪ੍ਰਦਰਸ਼ਨ ਕੀਤਾ ਸੀ। ਤਿੰਨ ਮਹੀਨੇ ਪਹਿਲਾਂ ਕੇਰਲ ਦੀਆਂ ਦੋ ਰਾਜ ਸਭਾ ਸੀਟਾਂ ਦੀ ਦੋ ਸਾਲਾ ਚੋਣ ਤਾਂ ਉਸ ਨੇ ਸਿੱਧੇ-ਸਿੱਧੇ ਕਾਨੂੰਨ ਮੰਤਰਾਲੇ ਦੇ ਨਿਰਦੇਸ਼ ’ਤੇ ਰੋਕੀਆਂ ਸਨ, ਜਿਸ ਲਈ ਸੁਪਰੀਮ ਕੋਰਟ ਨੇ ਉਸ ਨੂੰ ਸਖ਼ਤ ਝਾੜ ਪਾਉਂਦਿਆਂ ਨਿਰਧਾਰਤ ਸਮੇਂ ’ਤੇ ਚੋਣ ਕਰਵਾਉਣ ਦਾ ਨਿਰਦੇਸ਼ ਦਿੱਤਾ ਸੀ।

ਸਪੱਸ਼ਟ ਤੌਰ ’ਤੇ ਸਰਕਾਰ ਦੇ ਇਸ਼ਾਰੇ ’ਤੇ ਦਿਖਾਈ ਜਾਣ ਵਾਲੀ ਚੋਣ ਕਮਿਸ਼ਨ ਦੀ ਇਸ ‘ਕਲਾਕਾਰੀ’ ਤੋਂ ਇਹ ਸਾਫ਼ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘ਵਨ ਨੈਸ਼ਨ-ਵਨ ਇਲੈੱਕਸ਼ਨ’ ਭਾਵ ਦੇਸ਼ ਵਿਚ ਸਾਰੀਆਂ ਚੋਣਾਂ ਇਕੋ ਸਮੇਂ ਕਰਵਾਉਣ ਦਾ ਜੋ ਇਰਾਦਾ ਅਕਸਰ ਦੁਹਰਾਉਂਦੇ ਰਹਿੰਦੇ ਹਨ, ਉਹ ਸਿਰਫ਼ ਸ਼ਗੂਫ਼ੇਬਾਜ਼ੀ ਤੋਂ ਇਲਾਵਾ ਕੁਝ ਨਹੀਂ ਹੈ। ਦੱਸਣਯੋਗ ਹੈ ਕਿ ਜਦੋਂ-ਜਦੋਂ ਵੀ ਪ੍ਰਧਾਨ ਮੰਤਰੀ ਜਾਂ ਉਨਾਂ ਦੀ ਸਰਕਾਰ ਵਲੋਂ ਇਹ ਸ਼ਗੂਫ਼ਾ ਛੱਡਿਆ ਜਾਂਦਾ ਹੈ, ਉਦੋਂ-ਉਦੋਂ ਚੋਣ ਕਮਿਸ਼ਨ ਵੀ ਉਨਾਂ ਦੇ ਸੁਰ ਨਾਲ ਸੁਰ ਮਿਲਾ ਕੇ ਕਹਿੰਦਾ ਹੈ ਕਿ ਉਹ ਅਜਿਹਾ ਕਰਨ ਨੂੰ ਤਿਆਰ ਹੈ। ਸਵਾਲ ਇਹੀ ਹੈ ਕਿ ਜੋ ਚੋਣ ਕਮਿਸ਼ਨ ਇਕ ਸੂਬੇ ਦੀਆਂ ਦੋ ਜਾਂ ਪੰਜ ਸੂਬਿਆਂ ਦੀਆਂ ਅੱਠ ਰਾਜ ਸਭਾ ਸੀਟਾਂ ਜਾਂ ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵੀ ਇਕੱਠੀਆਂ ਨਹੀਂ ਕਰਵਾ ਸਕਦਾ, ਉਹ ਪੂਰੇ ਦੇਸ਼ ਵਿਚ ਸਾਰੀਆਂ ਚੋਣਾਂ ਇਕੱਠੀਆਂ ਕਿਵੇਂ ਕਰਵਾ ਸਕਦਾ ਹੈ ?

# ਕਿਸਾਨੀ ਸੰਘਰਸ਼ ਅਤੇ ਸਿਆਸਤ ਦੀ ਦਿਸ਼ਾ

**ਜਗਰੂਪ ਸਿੰਘ ਸੇਖੋਂ**

ਬਹੁਤ ਤਰਾਸਦੀ ਵਾਲੀ ਗੱਲ ਹੈ ਕਿ ਆਜ਼ਾਦ ਭਾਰਤ ਵਿਚ ਹੋਈਆਂ 17 ਪਾਰਲੀਮੈਂਟ ਅਤੇ ਪੰਜਾਬ ਦੀਆਂ 15 ਅਸੈਂਬਲੀ ਚੋਣਾਂ ਵਿਚ ਕਿਸਾਨੀ ਮੁੱਦਿਆਂ ਦੀ ਗੱਲ ਤਾਂ ਹੋਈ ਹੈ ਪਰ ਇਹ ਵੋਟਾਂ ਲੈਣ ਤੱਕ ਹੀ ਸੀਮਤ ਰਹੀ ਹੈ। ਦੋ-ਤਿਹਾਈ ਤੋਂ ਵੱਧ ਆਬਾਦੀ ਕਿਸਾਨੀ ਨਾਲ ਸਬੰਧਤ ਹੈ ਤੇ ਇਨਾਂ ਵਿਚ ਬਹੁਤ ਵੱਡੀ ਗਿਣਤੀ ਦੀ ਹਾਲਤ ਬਦ ਤੋਂ ਬਦਤਰ ਹੈ। ਇਸ ਦੇ ਬਾਵਜੂਦ ਕਿਸਾਨੀ ਅੱਜ ਵੀ ਮੁਲਕ ਵਿਚ ਸਿਆਸੀ, ਆਰਥਿਕ ਅਤੇ ਸਮਾਜਿਕ ਸਥਿਰਤਾ ਕਾਇਮ ਰੱਖਣ ਲਈ ਰੀੜ ਦੀ ਹੱਡੀ ਦਾ ਕੰਮ ਕਰ ਰਹੀ ਹੈ। ਇਸ ਦਾ ਪ੍ਰਮਾਣ ਇਸ ਸਮੇਂ ਵਿਚ ਚੱਲ ਰਹੀ ਮਹਾਮਾਰੀ ਵਿਚ ਮੁਲਕ ਨੂੰ ਸੁਰੱਖਿਅਤ ਰੱਖਣ ਵਿਚ ਖੇਤੀਬਾੜੀ ਦੇ ਪਾਏ ਯੋਗਦਾਨ ਤੋਂ ਸਾਫ਼ ਦਿਖਾਈ ਦਿੰਦਾ ਹੈ। ਆਜ਼ਾਦ ਭਾਰਤ ਵਿਚ ਖੇਤੀਬਾੜੀ ਦਾ ਯੋਗਦਾਨ 1960 ਦੇ ਦਹਾਕੇ ਵਿਚ ਆਈ ਭਿਅੰਕਰ ਆਰਥਿਕ, ਸਿਆਸੀ ਤੇ ਖੇਤਰੀ ਅਸਥਿਰਤਾ ਨੂੰ ਸਥਿਰਤਾ ਦੇਣ ਨਾਲ ਸ਼ੁਰੂ ਹੁੰਦਾ ਹੈ। ਇਹ ਹਰੀ ਕ੍ਰਾਂਤੀ ਦੀ ਦੇਣ ਹੀ ਸੀ ਕਿ ਭਾਰਤ ਨੇ 1971 ਵਿਚ ਪਾਕਿਸਤਾਨ ਨੂੰ ਦੋ ਹਿੱਸਿਆਂ ਵਿਚ ਕਰਨ ਵਾਲੀ ਫ਼ੈਸਲਾਕੁਨ ਲੜਾਈ ਲੜੀ, ਜ਼ਮੀਨ ਹੇਠ ਪਰਮਾਣੂ ਧਮਾਕਾ ਕੀਤਾ ਤੇ ਮੁਲਕ ਵਿਚ ਭੁੱਖਮਰੀ ਕਾਰਨ ਪੈਦਾ ਹੋਏ ਵਿਦਰੋਹ ਨੂੰ ਕਾਫ਼ੀ ਹੱਦ ਤੱਕ ਠੱਲ ਪਾਈ ਪਰ ਇਸ ਸਾਰੇ ਕੁਝ ਦੇ ਬਾਵਜੂਦ ਕਿਸਾਨੀ ਅਤੇ ਕਿਸਾਨ ਲਗਾਤਾਰ ਹਾਸ਼ੀਏ ਵੱਲ ਧੱਕੇ ਜਾਂਦੇ ਰਹੇ ਇਸ ਦੀ ਹੱਦ ਤਾਂ ਉਦੋਂ ਹੋਈ ਜਦੋਂ ਪਿਛਲੇ ਸਾਲ ਮਹਾਂਮਾਰੀ ਦੀ ਆੜ ਵਿਚ ਗ਼ੈਰ-ਜਮਹੂਰੀ ਤਰੀਕੇ ਨਾਲ ਮੌਜੂਦਾ ਕੇਂਦਰੀ ਸਰਕਾਰ ਨੇ ਅਜਿਹੇ ਕਾਨੂੰਨ ਬਣਾਏ ਗਏ ਜਿਸ ਨਾਲ ਕਿਸਾਨ ਅਤੇ ਕਿਸਾਨੀ ਦੀ ਹੋਂਦ ਨੂੰ ਹੀ ਖ਼ਤਰੇ ਵਿਚ ਪਾ ਦਿੱਤਾ।

ਪੰਜਾਬ ਵਿਚ ਇਨਾਂ ਕਾਨੂੰਨ ਖਿਲਾਫ਼ ਕਿਸਾਨਾਂ ਦਾ ਅੰਦਲੋਨ ਤਕਰੀਬਨ ਇਕ ਸਾਲ ਤੋਂ ਚੱਲ ਰਿਹਾ ਹੈ। ਇਸ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਨੇ ਦਿੱਲੀ ਨੂੰ ਜਾਂਦੇ ਸਾਰੇ ਬਾਰਡਰਾਂ ’ਤੇ ਕਿਸਾਨਾਂ ਨੇ ਪਿਛਲੇ ਅੱਠ ਮਹੀਨੇ ਤੋਂ ਡੇਰੇ ਲਾਏ ਹੋਏ ਹਨ। ਇਸ ਕਿਸਾਨ ਸੰਘਰਸ਼ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਹ ਪੰਜਾਬ ਤੱਕ ਨਹੀਂ ਸੀਮਤ ਰਿਹਾ ਬਲਕਿ ਹੌਲੀ ਹੌਲੀ ਸਾਰੇ ਮੁਲਕ ਵਿਚ ਫੈਲ ਗਿਆ। ਹੁਣ ਤਾਂ ਇਸ ਅੰਦੋਲਨ ਦੀਆਂ ਕਹਾਣੀਆਂ ਦੁਨੀਆ ਦੇ ਵੱਖ ਵੱਖ ਮੁਲਕਾਂ, ਖ਼ਾਸ ਕਰਕੇ ਜਿੱਥੇ ਪੰਜਾਬੀ ਭਾਈਚਾਰੇ ਦੀ ਵੱਡੀ ਗਿਣਤੀ ਹੈ, ਵਿਚ ਵੀ ਸੁਣਾਈ ਦਿੰਦੀਆਂ ਹਨ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ ਅੰਦੋਲਨ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਇਸ ਨੂੰ ਚਲਾਉਣ ਵਾਲੇ ਕਿਸਾਨ ਨੇਤਾਵਾਂ ਨੇ ਆਪਣੀ ਬਹੁਤ ਚੰਗੀ ਸੋਚ ਸਮਝ ਨਾਲ ਇਸ ਨੂੰ ਹਰ ਮੁਸ਼ਕਿਲ ਤੋਂ ਬਾਹਰ ਕੱਢਿਆ ਹੈ। ਇਸ ਦੇ ਨਾਲ ਹੀ ਕਿਸਾਨੀ ਲੀਡਰਸ਼ਿਪ ਨੇ ਦੁਨੀਆ ਨੂੰ ਆਪਣੀ ਸਿਆਸੀ ਸੂਝ-ਬੂਝ ਦਾ ਵੀ ਪ੍ਰਮਾਣ ਦਿੱਤਾ ਜਿਸ ਨਾਲ ਕਿਸਾਨਾਂ ਬਾਰੇ ਰਵਾਇਤੀ ਵਿਦਵਾਨਾਂ ਤੇ ਆਮ ਜਨਤਾ ਨੂੰ ਆਪਣਾ ਨਜ਼ਰੀਆ ਬਦਲਣਾ ਪਿਆ। ਹੁਣ ਇਹ ਅੰਦਲੋਨ ਇਸ ਮੋੜ ’ਤੇ ਪਹੁੰਚ ਗਿਆ ਹੈ ਜਿੱਥੇ ਕਾਨੂੰਨ ਵਾਪਸ ਕਰਵਾਉਣ ਤੋਂ ਬਿਨਾ ਅਤੇ ਇਸ ਦੇ ਨਾਲ ਹੀ ਕਿਸਾਨ ਭਲਾਈ ਦੇ ਹੋਰ ਮੁੱਦੇ ਉਠਾਉਣ ਤੋਂ ਬਿਨਾ ਇਸ ਦਾ ਪਿਛਾਂਹ ਮੁੜਨਾ ਮੁਸ਼ਕਿਲ ਹੋ ਗਿਆ ਹੈ। ਇਸ ਅੰਦਲੋਨ ਦੀ ਸਭ ਤੋਂ ਨਿਆਰੀ ਪ੍ਰਾਪਤੀ ਵੱਖ-ਵੱਖ ਫਿਰਕਿਆਂ ਦੇ ਲੋਕਾਂ ਨੂੰ ਇਕੱਠੇ ਕਰ ਕੇ ਉਨਾਂ ਵਿਚ ਕੌਮੀ ਅਤੇ ਲੋਕ ਭਲਾਈ ਸੋਚ ਪੈਦਾ ਕੀਤੀ ਹੈ।



ਕਿਸਾਨ ਜਥੇਬੰਦੀਆਂ ਦੁਆਰਾ ਉਠਾਏ ਮੁੱਦਿਆਂ ਵਿਚ ਖ਼ਾਸਕਰ ਤਿੰਨ ਖੇਤੀ ਕਾਨੂੰਨ ਵਾਪਸ ਲੈਣਾ, ਫ਼ਸਲਾਂ ਦੇ ਘੱਟੋ-ਘੱਟ ਖਰੀਦ ਮੁੱਲ ਯਕੀਨੀ ਬਣਾਉਣਾ ਆਦਿ ਹਨ ਪਰ ਕਿਸਾਨੀ ਦੀ ਮੌਜੂਦਾ ਹਾਲਤ ਦੇਖ ਕੇ ਇਹ ਲੱਗਦਾ ਹੈ ਕਿ ਇਨਾਂ ਗੱਲਾਂ ਤੋਂ ਇਲਾਵਾ ਕਿਸਾਨੀ ਨੂੰ ਬਚਾਉਣ ਲਈ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਜੇ ਕਿਸਾਨ ਜਥੇਬੰਦੀਆਂ ਵਧੇਰੇ ਜਥੇਬੰਦ ਤੇ ਤਾਕਤਵਾਰ ਹੋਣ ਅਤੇ ਕਿਸਾਨੀ ਏਜੰਡਾ ਲਾਗੂ ਕਰਵਾ ਸਕਣ। ਸੰਘਰਸ਼ ਦੀ ਚੜਦੀ ਕਲਾ ਦੇਖ ਕੇ ਕੁਝ ਕਿਸਾਨ ਨੇਤਾਵਾਂ ਅਤੇ ਬੁੱਧੀਜੀਵੀਆਂ ਨੇ ਕਿਸਾਨਾਂ ਨੂੰ ਆਪਣੀ ਸਿਆਸੀ ਤਾਕਤ, ਖ਼ਾਸਕਰ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅਜ਼ਮਾਉਣ ਦੀ ਸਲਾਹ ਦਿੱਤੀ ਹੈ। ਸਚਾਈ ਇਹ ਹੈ ਕਿ ਇਸ ਬਾਰੇ ਕਿਸਾਨ ਜਥੇਬੰਦੀਆਂ ਦੀ ਇਕ ਰਾਏ ਨਹੀਂ ਹੈ, ਜਿਆਦਾਤਰ ਕਿਸਾਨ ਇਸ ਵਕਾਲਤ ਦੇ ਹਮਾਇਤੀ ਨਹੀਂ। ਉਂਝ ਵੀ ਸਿਆਸੀ ਪੱਖੋਂ ਅਜਿਹੀਆਂ ਦਲੀਲਾਂ ਮੌਜੂਦਾ ਸਮੇਂ ਵਿਚ ਜਿਆਦਾ ਸਾਰਥਿਕ ਨਹੀਂ ਲੱਗਦੀਆਂ। ਇਉਂ ਲੱਗਦਾ ਹੈ ਕਿ ਅਜਿਹੇ ਮੌਕੇ ਕਿਸਾਨ ਜੱਥੇਬੰਦੀਆਂ ਨੂੰ ਇਕੱਠੇ ਹੋ ਕੇ ਇਕ ਮੱਤ ਨਾਲ ‘ਕਿਸਾਨ ਮਨੋਰਥ ਪੱਤਰ’ ਤਿਆਰ ਕਰਕੇ ਚੋਣ ਲੜਨ ਵਾਲੀਆਂ ਧਿਰਾਂ ਅਤੇ ਆਉਣ ਵਾਲੀਆਂ ਸਰਕਾਰਾਂ ਤੋਂ ਆਪਣੇ ਏਕੇ ਅਤੇ ਬਲ ਨਾਲ ਲਾਗੂ ਕਰਵਾਉਣ ਦੇ ਯਤਨ ਜਾਰੀ ਰੱਖਣੇ ਚਾਹੀਦੇ ਹਨ।

**ਕਿਸਾਨੀ ਬਾਰੇ ਅਧਿਐਨ**

ਕਿਸਾਨੀ ਦੀ ਜ਼ਮੀਨੀ ਹਾਲਤ ਨੂੰ ਸਮਝਣ ਲਈ ਸਾਨੂੰ ਵਿਕਾਸਸ਼ੀਲ ਸਮਾਜਾਂ ਦੇ ਅਧਿਐਨ ਕੇਂਦਰ ਨਵੀਂ ਦਿੱਲੀ ਦੁਆਰਾ 2013-14 ਵਿਚ ਕੀਤੀ ਖੋਜ ’ਤੇ ਝਾਤੀ ਮਾਰਨ ਦੀ ਲੋੜ ਹੈ। ਮੋਟੇ ਤੌਰ ’ਤੇ ਇਸ ਖੋਜ ਵਿਚ ਮੁਲਕ ਦੇ 17 ਖੇਤੀ ਪ੍ਰਧਾਨ ਰਾਜਾਂ ਦੇ ਕਿਸਾਨਾਂ ਦੀ ਆਮ ਜ਼ਿੰਦਗੀ ਅਤੇ ਹਾਲਾਤ ਬਾਰੇ ਜਾਣਕਾਰੀ ਮਿਲਦੀ ਹੈ। ਮਿਸਾਲ ਦੇ ਤੌਰ ’ਤੇ ਪੱਛਮੀ ਬੰਗਾਲ ਵਿਚ ਕੁੱਲ ਕਿਸਾਨਾਂ ਵਿਚੋਂ 78ਫ਼ੀਸਦ ਦੀ ਹਾਲਤ ਪਤਲੀ ਹੈ ਜੋ ਮੁਲਕ ਦੇ ਹੋਰ ਰਾਜਾਂ ਦੇ ਕਿਸਾਨਾਂ ਨਾਲੋਂ ਸਭ ਤੋਂ ਵੱਧ ਹੈ। ਇਸ ਦੇ ਉਲਟ ਮਹਾਰਾਸ਼ਟਰ ਵਿਚ ਕੇਵਲ 16 ਫ਼ੀਸਦ ਕਿਸਾਨਾਂ ਦੀ ਹਾਲਤ ਪੱਛਮੀ ਬੰਗਾਲ ਦੇ ਕਿਸਾਨਾਂ ਵਰਗੀ ਸੀ। ਹੋਰ ਰਾਜਾਂ ਵਿਚ ਕੇਰਲ (72%), ਹਿਮਾਚਲ ਪ੍ਰਦੇਸ਼ (67%), ਆਂਧਰਾ ਪ੍ਰਦੇਸ਼ (67%), ਅਸਾਮ (65%), ਝਾਰਖੰਡ (60%), ਹਰਿਆਣਾ (57%), ਬਿਹਾਰ (54%), ਕਰਨਾਟਕ (51%), ਪੰਜਾਬ (49%), ਉੜੀਸਾ ਤੇ ਉਤਰ ਪ੍ਰਦੇਸ਼ (44%), ਰਾਜਸਥਾਨ (40%), ਛੱਤੀਸਗੜ (32%), ਗੁਜਰਾਤ (23%) ਅਤੇ ਮੱਧ ਪ੍ਰਦੇਸ਼ (22%) ਕਿਸਾਨ ਮਾੜੀ ਹਾਲਤ ਵਿਚ ਆਪਣਾ ਗੁਜ਼ਾਰਾ ਕਰ ਰਹੇ ਹਨ। ਬਾਕੀ ਨਾਗਰਿਕਾਂ ਵਾਂਗ ਇਨਾਂ ਕਿਸਾਨਾਂ ਦੀ ਮੋਟੇ ਤੌਰ ’ਤੇ ਚਿੰਤਾ ਦਾ ਵਿਸ਼ਾ ਆਪਣੇ ਬੱਚਿਆਂ ਦੀ ਪੜਾਈ, ਖੇਤੀ ਨਾਲ ਸਬੰਧਤ ਮੁਸ਼ਕਿਲਾਂ, ਰੁਜ਼ਗਾਰ ਪ੍ਰਾਪਤੀ ਦੇ ਸਾਧਨ, ਸਿਹਤ ਸਹੂਲਤਾਂ, ਕਰਜ਼ਾ ਵਾਪਸੀ ਆਦਿ ਹਨ।

ਮੁਲਕ ਦੀ ਕਿਸਾਨੀ ਹਰ ਪੱਖੋਂ ਬੁਰੀ ਤਰਾਂ ਪਿਛੜੀ ਹੋਈ ਹੈ। ਮਿਸਾਲ ਦੇ ਤੌਰ ’ਤੇ ਮੁਲਕ ਵਿਚ 36 ਫ਼ੀਸਦ ਕਿਸਾਨ ਕੱਚੇ ਘਰਾਂ ਵਿਚ ਰਹਿੰਦੇ ਹਨ, 44 ਫ਼ੀਸਦ ਕੱਚੇ-ਪੱਕੇ ਤੇ ਕੇਵਲ 18 ਫ਼ੀਸਦ ਕਿਸਾਨ ਹੀ ਪੱਕੇ ਘਰਾਂ ਵਿਚ ਰਹਿੰਦੇ ਹਨ। ਇਸ ਤੋਂ ਇਲਾਵਾ 28 ਫ਼ੀਸਦ ਕਿਸਾਨ ਅਨਪੜ ਹਨ, ਪੜਿਆਂ ਲਿਖਿਆਂ ਵਿਚੋਂ ਕੇਵਲ 14 ਫ਼ੀਸਦ ਨੇ ਦਸਵੀਂ ਪਾਸ ਕੀਤੀ ਹੈ, ਸਿਰਫ਼ 6 ਫ਼ੀਸਦ ਕਾਲਜ ਗਏ ਹਨ। 83 ਫ਼ੀਸਦ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ (ਤਾਮਿਲਨਾਡੂ 68 ਫ਼ੀਸਦ ਤੇ ਗੁਜਰਾਤ 98 ਫ਼ੀਸਦ)। 32 ਫ਼ੀਸਦ ਕਿਸਾਨ ਆਮਦਨ ਵਾਸਤੇ ਖੇਤੀਬਾੜੀ ਤੋਂ ਬਿਨਾ ਹੋਰ ਛੋਟੇ-ਮੋਟੇ ਧੰਦਿਆਂ ਵਿਚ ਲੱਗੇ ਹੋਏ ਹਨ। ਇਸ ਖੋਜ ਮੁਤਾਬਿਕ 2012-13 ਵਿਚ ਦਸਾਂ ਪਰਿਵਾਰਾਂ ਵਿਚੋਂ ਇਕ ਪਰਿਵਾਰ ਨੂੰ ਬਿਨਾ ਖਾਧੇ ਪੀਤੇ ਹੀ ਰਹਿਣਾ ਪਿਆ। 34 ਫ਼ੀਸਦ ਦਿਨ ਵਿਚ ਤਿੰਨ ਵਾਰ, 61 ਫ਼ੀਸਦ ਦੋ ਵਾਰ ਅਤੇ ਕੇਵਲ 2 ਫ਼ੀਸਦ ਲੋਕ ਇਕ ਵਾਰ ਹੀ ਖਾਣਾ ਖਾਂਦੇ ਹਨ। ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਕੇਵਲ 10 ਫ਼ੀਸਦ ਕਿਸਾਨ ਹੀ ਕਿਸਾਨ ਜਥੇਬੰਦੀਆਂ ਨਾਲ ਜੁੜੇ ਹੋਏ ਹਨ, ਜਾਂ ਇਨਾਂ ਦੇ ਮੈਂਬਰ ਹਨ। 86 ਫ਼ੀਸਦ ਕਿਸਾਨ ਜ਼ਮੀਨ ਦੇ ਮਾਲਕ ਹਨ ਅਤੇ 14 ਫ਼ੀਸਦ ਕਿਸਾਨ ਬੇਜ਼ਮੀਨੇ ਹਨ। 60 ਫ਼ੀਸਦ ਕੋਲ 1 ਤੋਂ 3 ਕਿੱਲੇ ਹਨ, 19 ਫ਼ੀਸਦ ਕੋਲ 4 ਤੋਂ 9 ਅਤੇ 7 ਫ਼ੀਸਦ ਕੋਲ 10 ਜਾਂ ਵੱਧ ਕਿੱਲੇ ਹਨ। 90 ਫ਼ੀਸਦ ਕਿਸਾਨ ਇਸ ਲਈ ਖੇਤੀ ਵਿਚ ਹਨ ਕਿ ਇਹ ਉਨਾਂ ਦਾ ਪਿਤਾ-ਪੁਰਖੀ ਧੰਦਾ ਹੈ ਜਦ ਕਿ ਕੇਵਲ 10 ਫ਼ੀਸਦ ਹੀ ਪਿਛਲੇ ਸਾਲਾਂ ਵਿਚ ਨਵੇਂ ਕਿਸਾਨ ਬਣੇ ਹਨ। 79 ਫ਼ੀਸਦ ਕਿਸਾਨ ਲਈ ਖੇਤੀ ਹੀ ਉਨਾਂ ਦੀ ਆਮਦਨ ਦਾ ਮੁੱਖ ਸਾਧਨ ਹੈ ਜਦਕਿ ਬਾਕੀ 21 ਫ਼ੀਸਦ ਖੇਤੀ ਦੇ ਨਾਲ ਹੋਰ ਕੰਮ ਵੀ ਕਰਦੇ ਹਨ। ਇਹ ਪੁੱਛੇ ਜਾਣ ’ਤੇ ਕਿ ਜੇ ਉਨਾਂ ਨੂੰ ਕੋਈ ਰੁਜ਼ਗਾਰ ਮਿਲ ਜਾਵੇ ਤਾਂ ਕੀ ਤੁਸੀਂ ਖੇਤੀ ਛੱਡ ਦਿਉਗੇ ਤਾਂ 61 ਫ਼ੀਸਦ ਕਿਸਾਨ ਇਸ ਗੱਲ ਦੇ ਹੱਕ ’ਚ ਸਨ। ਛੋਟੀ ਖੇਤੀ ਵਾਲੇ ਅਤੇ ਬੇਜ਼ਮੀਨੇ ਕਿਸਾਨ ਇਸ ਗੱਲ ਦੇ ਹੱਕ ਵਿਚ ਜਿਆਦਾ ਸਨ।

ਕਿਸਾਨੀ ਦੀ ਸਭ ਤੋਂ ਵੱਡੀ ਸਮੱਸਿਆ ਕਿਸਾਨਾਂ ਦਾ ਸਰਕਾਰ ਦੀਆਂ ਖੇਤੀਬਾੜੀ ਦੀ ਤਰੱਕੀ ਵਾਸਤੇ ਬਹੁਤ ਸਾਰੀਆਂ ਸਕੀਮਾਂ ਬਾਰੇ ਪੂਰੀ ਅਤੇ ਚੰਗੀ ਜਾਣਕਾਰੀ ਦੇ ਨਾ ਹੋਣ ਦੇ ਨਾਲ ਨਾਲ ਇਸ ਦੇ ਫ਼ਾਇਦੇ ਉਠਾਉਣ ਦੀ ਅਸਮੱਰਥਾ ਹੈ। ਮਿਸਾਲ ਦੇ ਤੌਰ ’ਤੇ ਪਿਛਲੀ ਕੇਂਦਰੀ ਸਰਕਾਰ ਭਾਵ (ਯੂਪੀਏ-1) ਦੇ ਸਮੇਂ ਦੌਰਾਨ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਸਕੀਮ ਬਾਰੇ ਮੁਲਕ ਦੇ ਕਿਸਾਨਾਂ ਵਿਚੋਂ ਕੇਵਲ 53 ਫ਼ੀਸਦ ਨੇ ਸੁਣਿਆ ਸੀ ਪਰ ਇਸ ਦਾ ਲਾਭ ਕੇਵਲ 10 ਫ਼ੀਸਦ ਕਿਸਾਨਾਂ ਨੂੰ ਹੀ ਮਿਲ ਸਕਿਆ।

ਬਾਕੀ ਸਫ਼ਾ 30 ’ਤੇ

# ਪੰਜਾਬ ਦੀ ਰਾਜਨੀਤੀ ਦਾ ਫਲਾਪ ਸ਼ੋਅ ਤੇ ਕਿਸਾਨੀ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬ ਦੀਆਂ ਸਿਆਸੀ ਪਾਰਟੀਆਂ ਕੋਲ ਪੰਜਾਬ ਦੇ ਵਿਕਾਸ ਦੇ ਹਿਤ ਵਿਚ ਕੋਈ ਉਸਾਰੂ ਏਜੰਡਾ ਨਹੀਂ ਹੈ। ਪੰਜਾਬ ਹਿਤ ਪ੍ਰੋਗਰਾਮ ਪੇਸ਼ ਕਰਨ ਦੀ ਥਾਂ ਧਰਮ ਤੇ ਜਾਤਾਂ ਦੇ ਏਜੰਡੇ ਪੇਸ਼ ਕਰ ਰਹੀਆਂ ਹਨ ਜਾਂ ਇਕ ਦੂਜੇ ਨੂੰ ਭੰਡਣ ਵਲ ਰੁਚਿਤ ਹਨ। ਹਾਲਾਂਕਿ ਪੰਜਾਬ ਉਜਾੜੇ ਵੱਲ ਹੈ। ਬੇਰੁਜ਼ਗਾਰੀ ਬੁਰੀ ਤਰਾਂ ਫੈਲੀ ਹੋਈ ਹੈ। ਕਿਸਾਨ ਵੀ ਸਿਆਣਪ ਨਹੀਂ ਕਰ ਰਹੇ, ਅੰਨੇਵਾਹ ਕਾਰਪੋਰੇਟ ਦਾ ਵਿਰੋਧ ਕਰਕੇ ਪੰਜਾਬ ਨੂੰ ਹੋਰ ਬੇਰੁਜ਼ਗਾਰ ਕਰ ਰਹੇ ਹਨ। ਪਿਛਲੇ 10 ਮਹੀਨਿਆਂ ਤੋਂ ਕਿਸਾਨਾਂ ਦੇ ਵਿਰੋਧ ਮਗਰੋਂ ਅਡਾਨੀ ਕੰਪਨੀ ਦੇ ਕਾਰੋਬਾਰ ਠੱਪ ਪਏ ਹਨ। ਹਾਲਾਤ ਨੂੰ ਵੇਖਦਿਆਂ ਇਹ ਕੰਪਨੀਆਂ ਪੈਰ ਪਿਛਾਂਹ ਖਿੱਚਣ ਲੱਗੀਆਂ ਹਨ। ਪਤਾ ਲੱਗਾ ਹੈ ਕਿ ਕਿਲਾ ਰਾਇਪੁਰ ਸਥਿਤ ਅਡਾਨੀ ਕੰਪਨੀ ਨੇ ਖ਼ੁਸ਼ਕ ਬੰਦਰਗਾਹ ਦੇ ਗੇਟ ਉੱਪਰ ਲੱਗਿਆ ਆਪਣੇ ਨਾਂ ਦਾ ਬੋਰਡ ਲਾਹ ਦਿੱਤਾ ਹੈ। ਇਸ ਦੇ ਨਾਲ ਹੀ ਉੱਥੇ ਕੰਮ ਕਰਦੇ ਚਾਰ ਦਰਜਨ ਦੇ ਕਰੀਬ ਪੱਕੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਇਸ ਤੋਂ ਚਰਚਾ ਹੈ ਕਿ ਕੀ ਅਡਾਨੀ ਕੰਪਨੀ ਆਪਣਾ ਕਾਰੋਬਾਰ ਠੱਪ ਕਰਨ ਜਾ ਰਹੀ ਹੈ। ਕਿਸਾਨਾਂ ਨੂੰ ਚਾਹੀਦਾ ਕਿ ਕਾਰਪੋਰੇਟ ਦਾ ਵਿਰੋਧ ਕਰਨ ਦੀ ਥਾਂ ਕੇਂਦਰ ਤੋਂ ਮੋਰਚਾ ਜਿਤਣ ਵਲ ਧਿਆਨ ਦੇਣ। ਪੰਜਾਬ ਪੱਖੀ ਖੇਤੀ ਮਾਡਲ ਦੇਣ, ਜਿਸ ਨਾਲ ਪੰਜਾਬ ਬੇਰੁਜ਼ਗਾਰੀ ਤੋਂ ਮੁਕਤ ਹੋ ਸਕੇ ਤੇ ਰਜਕੇ ਰੋਟੀ ਖਾ ਸਕੇ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀ ਉਸ ਵੇਲੇ ਦੀ ਖੇਤੀ ਉੱਤੇ ਦੋ ਬੜੇ ਹੀ ਗਹਿਰੇ ਪ੍ਰਭਾਵ ਪਾਏ। ਪਹਿਲਾ ਸੀ, ਪੰਜਾਬ ਵਿਚ ਅੰਨ ਦੀ ਪੈਦਾਇਸ਼ ਪ੍ਰਤੀ ਏਕੜ ਢਾਈ ਗੁਣਾਂ ਹੋ ਗਈ ਅਤੇ ਦੂਸਰਾ, ਖੇਤੀ ਦਾ ਵੱਡੀ ਪੱਧਰ ਉੱਤੇ ਮਸ਼ੀਨੀਕਰਨ ਹੋ ਗਿਆ। ਖੇਤਾਂ ਦੇ ਸਰੂਪ ਬਦਲ ਗਏ। ਮਸਨੂਈ ਸਿੰਜਾਈ ਦਾ ਦੌਰ ਸ਼ੁਰੂ ਹੋ ਗਿਆ। ਇਸ ਕਾਰਨ ਪੰਜਾਬ ਦਾ ਜਮੀਨਦੋਜ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਸਮਰਥਨ ਮੁੱਲ ਉੱਤੇ ਸਿਰਫ ਕਣਕ ਅਤੇ ਝੋਨੇ ਦੀ ਹੀ ਖਰੀਦ ਹੋਣ ਕਾਰਨ ਫਸਲੀ ਵੰਨ-ਸਵੰਨਤਾ ਖਤਮ ਹੋਗਈ ਹੈ। ਇਸ ਪਿਛੇ ਕੇਂਦਰ ਸਰਕਾਰ ਦੀ ਨਾਲਾਇਕੀ ਹੈ। ਖੇਤੀ ਦਾ ਇਹ ਮਾਡਲ ਫੇਲ ਹੋ ਚੁੱਕਾ ਹੈ। ਕਿਸਾਨਾਂ ਦੀਆਂ ਆਤਮ ਹਤਿਆਵਾਂ ਇਸ ਦਾ ਸਬੂਤ ਹਨ। ਭਾਰਤ ਭਰ ਦੇ ਭੰਡਾਰ ਅਨਾਜ ਨਾਲ ਭਰੇ ਜਾ ਚੁੱਕੇ ਸਨ ਤੇ ਹੋਰ ਅਨਾਜ ਦੀ ਲੋੜ ਲਗਭਗ ਖਤਮ ਹੋ ਗਈ ਸੀ।

ਅਸਲ ਵਿਚ ਕਿਸਾਨ ਦਾ ਟੁੱਟਣਾ ਅਤੇ ਮੁਲਕ ਦੀ ਆਰਥਿਕਤਾ ਦਾ ਚਿਤ ਹੋਣਾ, ਇਹ ਦੋਨੋਂ ਘਟਨਾਵਾਂ ਖਤਰਨਾਕ ਹਨ। ਨਰਸਿਮਹਾ ਰਾਓ ਸਰਕਾਰ ਦੇ ਦੌਰ ਦੌਰਾਨ ਭਾਰਤ ਵਿਚ ਕਾਰਪੋਰੇਟ ਸਿਸਟਮ ਪੱਕੇ ਪੈਰੀਂ ਹੋਣ ਲੱਗਾ।

ਭਾਰਤ ਵਿਚ ਖੇਤੀ ਵੱਡਾ ਖੇਤਰ ਹੈ ਜੋ ਮੁਲਕ ਦੇ ਕਰੀਬ 65-70 ਫੀਸਦੀ ਲੋਕਾਂ ਨੂੰ ਰੁਜ਼ਗਾਰ ਅਤੇ 100 ਫੀਸਦ ਅਬਾਦੀ ਨੂੰ ਅਨਾਜ ਤੇ ਹੋਰ ਖਾਧ ਪਦਾਰਥ ਮੁਹੱਈਆ ਕਰਵਾਉਂਦਾ ਹੈ। ਉਤਪਾਦ ਖਰੀਦ ਸਾਂਝੇ ਤੌਰ ਉੱਤੇ ਸਰਕਾਰ ਅਤੇ ਵਪਾਰੀ ਦੇ ਹੱਥ ਹੈ, ਉਤਪਾਦ ਪ੍ਰੋਸੈਸਿੰਗ ਅਤੇ ਉਤਪਾਦ ਤੋਂ ਬਣੀਆਂ ਵਸਤਾਂ ਦੀ ਵਿਕਰੀ ਸਮੁੱਚੇ ਰੂਪ ਵਿਚ ਵਪਾਰੀ ਕੋਲ ਹੈ। ਖੇਤੀ ਲਈ ਲੋੜੀਂਦੇ ਸਾਰੇ ਇਨ-ਪੁਟਸ ਦਾ ਉਤਪਾਦਨ ਅਤੇ ਵਿਕਰੀ ਕਾਰਪੋਰੇਟ ਕਰਦਾ ਹੈ। ਇਹੋ ਕਾਰਨ ਹੈ ਕਿ ਕਿਸਾਨ ਬੇਵੱਸ ਹੈ ਤੇ ਆਪਣੇ ਉਤਪਾਦ ਦੀ ਲਾਹੇਵੰਦ ਕੀਮਤ ਖੁਦ ਮਿੱਥਣ ਤੋਂ ਅਸਮਰਥ ਹੈ।

ਹੁਣ ਜਦੋਂ ਕੇਂਦਰ ਸਰਕਾਰ ਇਸ ਖੇਤਰ ਦੇ ਸੰਪੂਰਨ ਕਾਰਪੋਰੇਟੀਕਰਨ ਖਾਤਰ ਲੋੜੀਂਦੇ ਤਿੰਨ ਕਾਨੂੰਨ ਲੈ ਆਈ ਹੈ ਤਾਂ ਕਿਸਾਨਾਂ ਨੂੰ ਅਪਣੇ ਦੁਖਾਂਤ ਦੀ ਸਮਝ ਪਈ ਹੈ ਅਤੇ ਉਹ ਮਹਿਜ ਆਪਣੀ ਹੋਂਦ ਦੇ ਬਚਾਓ ਲਈ ਹੀ ਦਿੱਲੀ ਦੁਆਲੇ ਧਰਨੇ ਲਾਈ ਬੈਠੇ ਹਨ। ਅਜੇ ਤਕ ਕਿਸਾਨਾਂ ਦੀ ਸਮਸਿਆ ਕੋਈ ਹੱਲ ਨਿਕਲ ਨਹੀਂ ਰਿਹਾ।

ਕਾਰਪੋਰੇਟ ਦਾ ਮੁਕਾਬਲਾ ਕਰਨ ਲਈ ਹਾਲ ਦੀ ਘੜੀ ਕਿਸਾਨਾਂ ਕੋਲ ਇੱਕੋ-ਇੱਕ ਬਦਲ ਸਹਿਕਾਰਤਾ ਹੈ ਜਿਸ ਨੂੰ ਜੇ ਅਫਸਰਸ਼ਾਹੀ ਦੇ ਚੁੰਗਲ ਵਿਚੋਂ ਕੱਢਿਆ ਜਾ ਸਕੇ ਤਾਂ ਇਸ ਨੂੰ ਖੇਤੀ ਦੇ ਨਵੇਂ ਮਾਡਲ ਵਜੋਂ ਉਭਾਰਿਆ ਜਾ ਸਕਦਾ ਹੈ। ਪਰ ਇਹ ਕੋਈ ਬਦਲ ਨਹੀਂ ਕਿ ਕਾਰਪੋਰੇਟ ਦਾ ਅੰਨਾ ਵਿਰੋਧ ਕੀਤਾ ਜਾਵੇ।

ਪੰਜਾਬ ਵਿਚ ਬੇਰੁਜ਼ਗਾਰੀ ਕਾਰਨ ਕਰਾਈਮ ਵੀ ਵੱਧ ਰਿਹਾ, ਨੌਜਵਾਨ ਨਸ਼ੇ ਕਰ ਰਹੇ ਹਨ। ਆਤਮ ਹਤਿਆਵਾਂ ਕਰ ਰਹੇ ਹਨ। ਪੰਜਾਬ ਲਈ ਖਤਰਨਾਕ ਖਬਰ ਇਹ ਵੀ ਹੈ ਅੰਕੜਿਆਂ ਮੁਤਾਬਕ ਬੇਰੁਜ਼ਗਾਰੀ ਕਾਰਨ ਪਿਛਲੇ 5 ਸਾਲਾਂ ਦੌਰਾਨ 2.62 ਲੱਖ ਵਿਦਿਆਰਥੀਆਂ ਨੇ ਵਿਦੇਸ਼ ਪੜਨ ਲਈ ਪੰਜਾਬ ਨੂੰ ਛੱਡਿਆ ਹੈ। ਇਸ ਸਮੇਂ ਭਾਰਤ ਦੇ ਸੂਬੇ ਆਂਧਰਾ ਪ੍ਰਦੇਸ਼ ਦਾ ਨੰਬਰ ਸਟੱਡੀ ਵੀਜ਼ਾ ਲੈਣ ਵਾਲੇ ਸੂਬਿਆਂ ਵਿਚੋਂ ਪਹਿਲੇ ਨੰਬਰ ’ਤੇ ਹੈ ਅਤੇ ਪੰਜਾਬ ਦੂਜੇ ਨੰਬਰ ’ਤੇ ਹੈ। ਸਾਲ 2019 ਦੌਰਾਨ ਪੰਜਾਬ ਦਾ ਸਥਾਨ ਪਹਿਲਾ ਸੀ। ਜੇਕਰ ਕੋਵਿਡ ਮਹਾਂਮਾਰੀ ਨਾ ਆਉਂਦੀ ਤਾਂ ਇਹ ਅੰਕੜਾ ਇਸ ਤੋਂ ਵੀ ਵੱਧ ਹੋਣਾ ਸੀ। ਰੋਜ਼ਾਨਾ ਦੀ ਇਹ ਔਸਤ 140 ਵਿਦਿਆਰਥੀ ਬਣਦੀ ਹੈ। ਉਕਤ ਸਮੇਂ ਦੌਰਾਨ ਭਾਰਤ ਵਿਚੋਂ 21.96 ਲੱਖ ਵਿਦਿਆਰਥੀ ਵਿਦੇਸ਼ ਪੜਨ ਲਈ ਗਏ ਸਨ, ਜਿਸ ਵਿਚ 2.62 ਲੱਖ ਇਕੱਲੇ ਪੰਜਾਬ ਦੇ ਹੀ ਹਨ।

ਪੰਜਾਬੀ ਵਿਦਿਆਰਥੀਆਂ ਲਈ ਪਹਿਲੀ ਪਸੰਦ ਕੈਨੇਡਾ ਬਣਿਆ ਹੋਇਆ ਹੈ। ਇਸ ਤੋਂ ਜਾਹਿਰ ਪੰਜਾਬ ਜਲਦ ਪੰਜਾਬੀਆਂ ਦੀ ਬਹੁਗਿਣਤੀ ਤੋਂ ਖਾਲੀ ਹੋ ਜਾਵੇਗਾ। ਪੰਜਾਬ ਦੀ ਹਾਕਮ ਜਮਾਤ ਦੀ ਗੱਲ ਕਰੀਏ ਤਾਂ ਦੋਵੇਂ ਰਵਾਇਤੀ ਪਾਰਟੀਆਂ ਆਪਣੇ-ਆਪਣੇ ਕਾਰਜਕਾਲ ਦੌਰਾਨ ਲੱਖਾਂ ਨੌਕਰੀਆਂ ਦੇਣ ਦੀਆਂ ਗੱਲਾਂ ਕਰ ਰਹੀਆਂ ਹਨ। ਦੂਜੇ ਪਾਸੇ ਸਰਕਾਰਾਂ ਨੌਕਰੀਆਂ ਮੰਗ ਰਹੇ ਨੌਜਵਾਨਾਂ ’ਤੇ ਡਾਂਗ ਫੇਰਨ ਤੋਂ ਗੁਰੇਜ਼ ਨਹੀਂ ਕਰਦੇ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਲਈ ਰੁਜਗਾਰ, ਵਿਕਾਸ, ਖੇਤੀ ਮਾਡਲ, ਖੇਤੀ ਇੰਡਸਟਰੀ ਕੋਈ ਏਜੰਡਾ ਨਹੀਂ ਹੈ। ਹਾਲ ਦੀ ਘੜੀ ਰਾਜਨੀਤਕ ਪਾਰਟੀਆਂ ਦੇ ਇਹੀ ਗੈਰ ਉਸਾਰੂ ਰਾਜਨੀਤਕ ਏਜੰਡੇ ਸਬਸਿਡੀਆਂ, ਮੁਫਤ ਬਿਜਲੀ ਪਾਣੀ ਜਾਤ-ਪਾਤ ਦੇ ਨਾਂ ’ਤੇ ਕੁਰਸੀ-ਵੰਡ ਹਨ। ਪੰਜਾਬ ਦੇ ਵਿਕਾਸ ਬਾਰੇ ਇਨਾਂ ਪਾਰਟੀਆਂ ਨੂੰ ਕੋਈ ਫ਼ਿਕਰ ਨਹੀਂ ਹੈ। ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਪੰਜਾਬੀ ਨਿਰਾਸ਼ ਹਨ ਜਿਸ ਕਰਕੇ ਪੰਜਾਬ ਦੀਆਂ ਵਡੀਆਂ ਪਾਰਟੀਆਂ ਦੀ ਰਾਜਨੀਤਕ ਸਥਿਤੀ ਡਾਵਾਂਡੋਲ ਹੈ। ਰਾਜਨੀਤੀ ਉਪਰ ਕਿਸਾਨ ਮੋਰਚੇ ਦਾ ਵੀ ਅਸਰ ਹੋਣ ਦੀ ਪੂਰੀ ਸੰਭਾਵਨਾ ਹੈ ਪਰ ਕਿਸਾਨ ਆਗੂਆਂ ਨੇ ਆਪਣੇ ਪੱਤੇ ਅਜੇ ਨਹੀਂ ਖੋਲੇ ਕਿ ਉਹ ਕਿਸ ਪਾਰਟੀ ਤੋਂ ਸੰਤੁਸ਼ਟ ਹਨ। ਕਿਸਾਨ ਯੂਨੀਅਨ ਲੀਡਰਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਤੱਕ ਕਿਸਾਨ ਮੋਰਚਾ ਚੱਲ ਰਿਹਾ ਹੈ ਉਦੋਂ ਤੱਕ ਕਿਸਾਨ ਸਿੱਧੇ ਤੌਰ ਉੱਤੇ ਚੋਣਾਂ ਵਿਚ ਹਿੱਸਾ ਨਹੀਂ ਲੈਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੇ ਤੱਕ ਕਾਂਗਰਸ ਦੀ ਸਥਿਤੀ ਦੂਜਿਆਂ ਨਾਲੋਂ ਚੰਗੀ ਪ੍ਰਤੀਤ ਹੋ ਰਹੀ ਹੈ ਪਰ ਸਿੱਧੂ ਤੇ ਕੈਪਟਨ ਦੀ ਫੁਟ ਨਾਲ ਅਗਾਮੀ ਚੋਣਾਂ ਵਿਚ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਰਾਜਨੀਤੀ ਕੋਈ ਵਪਾਰ ਨਹੀਂ ਹੈ ਸਗੋਂ ਲੋਕ ਸੇਵਾ ਹੈ। ਪਰ ਇਸ ਆਦਰਸ਼ ਨੂੰ ਪੰਜਾਬ ਦੇ ਸਿਆਸਤਦਾਨ ਨਹੀਂ ਸਮਝ ਰਹੇ। ਲੋਕਾਂ ਨਾਲ ਝੂਠੇ ਵਾਅਦੇ ਕਰਨ ਦੀ ਥਾਂ ਸੱਚਮੁੱਚ ਲੋਕ ਭਲਾਈ ਦਾ ਕੋਈ ਪ੍ਰੋਗਰਾਮ ਉਲੀਕਿਆ ਜਾਵੇ ਜਿਸ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ। ਨਸ਼ੇ ਜਾਂ ਹੋਰ ਲਾਲਚ ਦੇਣ ਵਾਲੇ ਉਮੀਦਵਾਰਾਂ ਤੋਂ ਪੰਜਾਬੀਆਂ ਨੂੰ ਦੂਰ ਰਹਿਣਾ ਚਾਹੀਦਾ।




# 'ਅ.ਫ਼ਸੋਸ' ਅਸੀਂ ਪਾਣੀ ਦੀ ਕਦਰ ਕਰਨੀ ਨਾ ਸਿੱਖ ਸਕੇ !

**ਹਰਮਨਪ੍ਰੀਤ ਸਿੰਘ,**
**98550-10005**

ਸਾਨੂੰ ਸਾਡੇ ਪੁਰਖਿਆਂ ਪੰਜ ਦਰਿਆਵਾਂ ਦੀ ਧਰਤ ਪੰਜਾਬ 'ਅਬਾਦ' ਸੌਂਪੀ ਸੀ, ਜ਼ਰਾ ਦਿਲ ਤੇ ਹੱਥ ਰੱਖ ਸੋਚਣਾ ਕੀ ਅਸੀ ਇਸ ਧਰਤ ਨੂੰ ਪੂਰਨ ਤੌਰ ਤੇ 'ਅਬਾਦ' ਰੱਖ ਸਕੇ ਹਾਂ। ਪੰਜ ਦਰਿਆਵਾਂ ਦੀ ਇਹ ਧਰਤ ਪੰਜਾਬ ਅੱਜ 'ਬੇ-ਅਬਾਦ' ਹੋਣ ਦੇ ਵੱਲ ਵਧ ਰਿਹਾ ਹੈ। ਮੌਜੂਦਾ ਮਨੁੱਖ ਕੁਦਰਤ ਵਲੋਂ ਬਖਸ਼ੇ ਪਾਣੀ ਰੂਪੀ ਸੋਮੇ ਗੰਧਲੇ ਕਰ ਬੈਠਾ ਹੈ ਅਤੇ ਸਭ ਕੁਜ ਜਾਣਦੇ, ਸਮਝਦੇ ਹੋਏ ਅਣਜਾਣ ਬਾਣੀ ਬੈਠੇ ਹਾਂ। ਸਾਡੇ ਮਨੁੱਖੀ ਸਰੀਰ ਵਿਚ ਤਕਰੀਬਨ ਸੱਤਰ ਫ਼ੀਸਦੀ ਤੋਂ ਲੈ ਕੇ ਪਚੱਤਰ ਫ਼ੀਸਦੀ ਤੱਕ ਪਾਣੀ ਹੁੰਦਾ ਹੈ ਪ੍ਰੰਤੂ 'ਅਫ਼ਸੋਸ' ਅਸੀਂ ਪਾਣੀ ਦੀ ਕਦਰ ਕਰਨੀ ਨਾ ਸਿੱਖ ਸਕੇ। ਦਰਿਆਵਾਂ ਦੇ ਪਾਣੀ ਨੂੰ ਗੰਦਲਾ ਕਰਨ ਦੇ ਨਾਲ-ਨਾਲ ਮਨੁੱਖ ਨੇ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦਾ ਦੁਰਉਪਯੋਗ ਕਰ ਪਾਣੀ ਦਾ ਪੱਧਰ ਹੇਠਾਂ ਪਹੁੰਚਾਉਣ 'ਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਇਕ ਅੰਦਾਜ਼ੇ ਮੁਤਾਬਕ ਜੇਕਰ ਮੌਜੂਦਾ ਸਮੇਂ ਪਾਣੀ ਦੀ ਸੰਭਾਲ ਜੰਗੀ ਪੱਧਰ ਤੇ ਨਾ ਕੀਤੀ ਗਈ ਤਾਂ ਸੰਨ 2040-45 ਤੱਕ ਪੰਜ ਦਰਿਆਵਾਂ ਦੀ ਧਰਤ ਪੰਜਾਬ ਅਖ਼ਵਾਉਣ ਵਾਲੀ ਧਰਤੀ ਅਤੇ ਗੁਆਂਢੀ ਸੂਬਿਆਂ ਦੇ ਵਧੇਰੇ ਹਿੱਸੇ ਪਾਣੀ ਦੀ ਕਮੀ ਕਾਰਨ ਬੰਜਰ ਹੋ ਜਾਣਗੇ। ਮੈਨੂੰ ਯਾਦ ਹੈ ਅਸੀਂ ਸੰਨ 1990-91 'ਚ ਪਾਣੀ ਲਈ ਨਲਕਾ ਲਗਵਾਇਆ ਸੀ। ਉਸ ਵਕਤ ਘਰੇਲੂ ਵਰਤੋਂ ਲਈ ਪੀਣ ਲਈ ਸਾਫ਼ ਪਾਣੀ ਤਕਰੀਬਨ 35-40 ਫੁੱਟ ਦੇ ਪੱਤਣ ਤੇ ਨਿਕਲ ਆਉਂਦਾ ਸੀ, ਪ੍ਰੰਤੂ ਮੌਜੂਦਾ ਸਮੇਂ ਪੀਣ ਯੋਗ ਪਾਣੀ ਤਕਰੀਬਨ 250-300 ਫੁੱਟ ਦੇ ਪੱਤਣ 'ਤੇ ਪਹੁੰਚ ਚੁੱਕਾ ਹੈ ਤੇ ਕਈ ਥਾਈਂ ਤਾਂ ਪਾਣੀ ਇਨਾਂ ਹੇਠਾਂ ਪਹੁੰਚ ਚੁੱਕਾ ਹੈ ਕਿ ਸੋਚ ਵੀ ਨਹੀਂ ਸਕਦੇ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਲਗਭਗ 24-25% ਹੀ ਖੇਤੀ ਲਈ ਸਿੰਜਾਈ ਹੁੰਦੀ ਹੈ ਅਤੇ ਲਗਭਗ 70-72% ਦੇ ਕਰੀਬ ਖੇਤੀ ਹੇਠ ਰਕਬੇ ਦੀ ਸਿੰਜਾਈ ਲਈ 'ਪੰਜ ਦਰਿਆਵਾਂ ਦੀ ਧਰਤ ਪੰਜਾਬ" ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਕੱਢਣ ਲਈ ਮਜਬੂਰ ਹੈ। ਇੱਥੇ ਸਾਨੂੰ ਇਹ ਮੰਨਣਾ ਪਵੇਗਾ ਕਿ ਅਸੀ ਵਿਕਾਸ ਵੱਲ ਨਹੀਂ ਵਿਨਾਸ਼ ਵੱਲ ਜਾਅ ਰਹੇ ਹਾਂ, ਦੂਜੇ ਪਾਸੇ ਉਦਯੋਗਿਕ ਸ਼ਹਿਰਾਂ ਦਾ ਬੇਹੱਦ ਗੰਦਾ ਤੇ ਜ਼ਹਿਰੀਲਾ ਪਾਣੀ ਬਿਨਾਂ ਸੋਧੇ ਇਨਾਂ ਨਦੀਆਂ, ਦਰਿਆਵਾਂ 'ਚ ਸੁੱਟਣਾ ਅਤਿ-ਨਿੰਦਣਯੋਗ ਹੈ ਜਿਸ ਦੇ ਨਤੀਜੇ ਵਜੋਂ ਪਿਛਲੇ ਲੰਬੇ ਸਮੇਂ ਤੋਂ ਲੋਕ ਕੈਂਸਰ, ਕਾਲਾ ਪੀਲੀਆਂ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਮਰਨ ਲਈ ਮਜਬੂਰ ਹਨ। ਇਹ ਉਦਯੋਗਿਕ ਇਕਾਈਆਂ ਦੀ ਹੀ ਦੇਣ ਹੈ ਜੋ ਜ਼ਹਿਰੀਲਾ ਪਾਣੀ ਬਿਨਾਂ ਸੋਧੇ ਇਨਾਂ ਨਦੀਆਂ, ਦਰਿਆਵਾਂ 'ਚ ਸੁੱਟ ਕੁਦਰਤ ਵਲੋਂ ਬਖਸ਼ੇ



ਪਾਣੀ ਰੂਪੀ ਸੋਮੇ ਗੰਧਲੇ ਕਰ ਰਹੇ ਹਨ। ਬੜੀ ਦੁੱਖ ਦੀ ਗੱਲ ਹੈ ਕਿ ਹੁਣ ਤਾਂ ਪੰਜਾਬ ਤੋਂ ਰਾਜਸਥਾਨ ਜਾਂਦੀ ਟਰੇਨ ਦਾ ਨਾਮ ਹੀ ਕੈਂਸਰ ਟਰੇਨ ਪੈ ਗਿਆ ਹੈ, ਇਹ ਸਭ ਗਦਲੇ ਪਾਣੀ ਦੀ ਹੀ ਦੇਣ ਹੈ ਤੇ ਇਸ ਪਾਣੀ ਨੂੰ ਗਦਲੇ ਕਰਨ 'ਚ ਅਹਿਮ ਯੋਗਦਾਨ ਉਦਯੋਗਿਕ ਇਕਾਈਆਂ ਦਾ ਹੈ ਜੋ ਮਨੁੱਖ ਨੂੰ ਮਾਰਨ ਦੇ ਨਾਲ-ਨਾਲ ਧਰਤੀ ਨੂੰ ਵੀ ਮਾਰ ਰਿਹਾ ਹੈ। ਅੱਜ ਪੰਜ ਦਰਿਆਵਾਂ ਦੀ ਜਰਖੇਜ਼ ਧਰਤੀ ਜੋ ਸਦੀਆਂ ਤੋਂ ਸਾਡੇ ਪੁਰਖਿਆਂ ਦੀ ਮਿਹਨਤ ਸਦਕਾ 'ਅਬਾਦ' ਹੋਈ ਅਫ਼ਸੋਸ ਮਨੁੱਖੀ ਗਲਤੀਆਂ ਕਾਰਨ 'ਬੇ-ਅਬਾਦ' ਹੋਣ ਵੱਲ ਵਧ ਰਹੀ ਹੈ। ਮੌਜੂਦਾ ਸਮਾਜਿਕ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵਾਤਾਵਰਨ ਨੂੰ ਪਲੀਤ ਅਤੇ ਪ੍ਰਦੂਸ਼ਿਤ ਕਰਦੇ ਤੰਤਰ ਵਿਰੁੱਧ ਸਰਗਰਮ ਰਹਿਣ ਨਾਲ ਹੀ ਆਪਣੇ-ਆਪਣੇ ਪੱਧਰ ਤੇ ਪਾਣੀ, ਹਵਾ ਅਤੇ ਧਰਤ ਦੀ ਤੰਦਰੁਸਤੀ ਵਾਸਤੇ ਯਤਨਸ਼ੀਲ ਰਹਿਣ ਤਾਂ ਜੋ ਸਾਡੇ ਪੁਰਖਿਆਂ ਦੀ ਪੰਜ ਦਰਿਆਵਾਂ ਦੀ ਧਰਤ ਪੰਜਾਬ ਸਦਾ 'ਅਬਾਦ' ਰਹੇ।

## ਮਹਿਕਾਂ ਭਰੀ ਕਾਰ

**ਜਨਮੇਜਾ ਸਿੰਘ ਜੌਹਲ**



ਜਿਵੇਂ ਕਿ ਤੁਹਾਨੂੰ ਪਤਾ ਹੀ ਕਿ ਅਸੀਂ ਹਰਬਲ ਗਾਰਡਨ ਬਣਾ ਰਹੇ ਹਾਂ। ਇਸ ਵਿਚ ਲੱਭ ਲੱਭ ਕੇ ਪੌਦੇ ਲਿਆ ਰਹੇ ਹਾਂ। ਮਾਣ ਵਾਲੀ ਗੱਲ ਹੈ ਕਿ ਸਭ ਵਾਤਾਵਰਣ ਪ੍ਰੇਮੀ ਸਾਨੂੰ ਨਿਰਸਵਾਰਥ ਪੂਰਨ ਸਹਿਯੋਗ ਦੇ ਰਹੇ ਹਨ, ਖਾਸ ਕਰਕੇ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ, ਬਾਬਾ ਦਵਿੰਦਰ ਸਿੰਘ ਜੀ, ਸੰਤ ਬਲਬੀਰ ਸਿੰਘ ਜੀ ਸੀਚੇਵਾਲ, ਸ. ਯਾਦਵਿੰਦਰ ਸਿੰਘ, ਸ. ਗੁਰਵਿੰਦਰ ਸਿੰਘ ਬਾਜਵਾ, ਸ. ਰਾਜਵਿੰਦਰ ਸਿੰਘ ਅਨੰਦਪੁਰ ਸਾਹਿਬ, ਸ. ਨਵਤੇਜ ਸਿੰਘ ਅੰਮ੍ਰਿਤਸਰ, ਹਰਮਨਪ੍ਰੀਤ, ਰਜਿੰਦਰ ਸਿੰਘ ਤੇ ਜਗਤਾਰ ਵੇਹਲਾ ਜ਼ਿਕਰਯੋਗ ਹਨ । ਹਰਮਨਪ੍ਰੀਤ ਕੋਲੋਂ ਬੜੇ ਹੀ ਖਾਸ ਪੌਦੇ ਮਿਲੇ, ਜਿਵੇਂ ਐਵਕਾਡੋ, ਕੌਫੀ, ਪੈਸ਼ਨ, ਪਪੀਤਾ, ਖਾਸ ਅਮਰੂਦ, ਚਕੋਤਰਾ ਤੇ ਹੋਰ ਕਾਫ਼ੀ ਕੁਝ। ਇਹ ਸਭ ਮੈਂ ਕਾਰ ਵਿਚ ਰੱਖ ਲਏ। ਲੁਧਿਆਣੇ ਪਹੁੰਚਦੇ ਦੇਰ ਹੋ ਗਈ । ਪੌਦੇ ਸਾਰੀ ਰਾਤ ਕਾਰ ਵਿਚ ਹੀ ਪਏ ਰਹੇ । ਸਵੇਰੇ ਖੇਤ ਜਾਣ ਲਈ ਜਦੋਂ ਕਾਰ ਵਿਚ ਬੈਠਿਆ ਤਾਂ ਇਵੇਂ ਲੱਗਾ ਕਿ ਕਿਸੇ ਵੱਡੇ ਪਿਆਰੇ ਜੰਗਲ ਵਿਚ ਪਹੁੰਚ ਗਿਆ ਹੋਵਾਂ। ਹੋਇਆ ਇਹ ਕਿ ਰਾਤ ਨੂੰ ਥੋੜੀ ਗਰਮੀ ਹੋਣ ਕਰਕੇ ਪੌਦਿਆਂ ਦੇ ਪੱਤਿਆਂ ਵਿਚੋਂ ਤੇਲ ਦੀ ਮਹਿਕ ਖਿਲਰ ਗਈ ਤੇ ਇਕੋ ਸਮੇਂ ਵੀਹ ਕਿਸਮ ਦੀਆਂ ਖੁਸ਼ਬੂਆਂ ਨੇ ਮੈਨੂੰ ਨਸ਼ਿਆ ਦਿੱਤਾ। ਖੇਤ ਵਿਚ ਪੌਦੇ ਰੱਖਣ ਤੋਂ ਬਾਅਦ ਵੀ ਕਾਰ ਮਹਿਕੀ ਪਈ ਹੈ। ਲੱਗਦਾ ਹੈ ਹਾਲੇ ਦੋ ਦਿਨ ਮੈਂ ਕਾਰ ਨੂੰ ਅੰਦਰੋਂ ਸਾਫ ਨਹੀਂ ਕਰਨਾ। ਸਾਡੇ ਬਾਗ ਦੀ ਪਹਿਲੀ ਖੁਸ਼ਬੂ ਪੂਰੀ ਮਾਨਣੀ ਹੈ ।

## ਕਬਿਤ

ਪਵਨ ਗੁਰੂ ਤੇ ਪਾਣੀ ਦਸਿਆ ਪਿਤਾ ਏ ਸਾਨੂੰ ,
ਪਾਣੀ ਬਿਨਾਂ ਚੱਲਣੀ ਨਾ, ਜੱਗ ਦੀ ਕਹਾਣੀ ਜੀ।
ਡੋਲ ਡੋਲ ਸੁੱਟ ਕੇ ਹੀ , ਜਵਾਂ ਬਰਬਾਦ ਕੀਤਾ,
ਕਿੰਨਾ ਕੀਮਤੀ ਹੈ ਸੋਮਾ, ਕਦਰ ਨਾ ਜਾਣੀ ਜੀ।
ਹਾਲੇ ਵੀ ਜੇ ਸੰਜਮ ਤੋਂ, ਲਈਏ ਕੰਮ ਥੋੜਾ ਜਿਹਾ,
ਲਾਈਏ ਪੇੜ ਪੌਦੇ ਤੇ, ਬਚਾ ਲਈਏ ਪਾਣੀ ਜੀ।
ਮੀਹਾਂ ਵਾਲੇ ਪਾਣੀ ਦੀ, ਹੋਵੇ ਜੇ ਸੰਭਾਲ ਪੂਰੀ,
ਪਾਣੀ ਵਾਲੀ ਧਰਤੀ ਤੋਂ, ਮੁੱਕੂ ਨਾ ਕਹਾਣੀ ਜੀ।

**ਰਾਜਨਦੀਪ ਕੌਰ ਮਾਨ**

## ਕਾਦਰ ਦੀ ਕੁਦਰਤ ਦਾ ਸਤਿਕਾਰ

**ਹਰਫੂਲ ਭੁੱਲਰ ਮੰਡੀ ਕਲਾਂ**
**9876870157**

ਕੁਦਰਤ ਆਪਣੀ ਹੋਂਦ ਦੇ ਸਾਨੂੰ ਪ੍ਰਤੱਖ ਸਬੂਤ ਪੇਸ਼ ਕਰ ਚੁੱਕੀ ਹੈ, ਪਰ ਲਗਦੈ ਅਸੀਂ ਹਾਲੇ ਵੀ ਇਸ਼ਾਰਿਆਂ ਨੂੰ ਸਮਝ ਨਹੀਂ ਪਾ ਰਹੇ। ਆਪਣੇ ਆਪ ਨੂੰ ਪੂਰੀ ਕਾਇਨਾਤ ਦੇ ਮਾਲਿਕ ਜਾਣਕੇ ਕਮਜ਼ੋਰਾਂ ਨਾਲ ਵਧੀਕੀਆਂ ਕਰਨ ਵਿਚ ਮਸਰੂਫ਼ ਹਾਂ।

ਸਾਡੇ ਖ਼ੂਨ ਵਿਚ ਸਭਿਅਤਾ ਦਾ ਕੋਈ ਵੀ ਕਤਰਾ ਨਹੀਂ ਤੇ ਸਾਡੇ ਦਿਮਾਗ਼ਾਂ ਵਿਚ ਇਸਦੇ ਕੋਈ ਵੀ ਅਰਥ ਨਹੀਂ। ਜੇ ਇਹ ਹੁੰਦਾ ਤਾਂ ਮਨੁੱਖ ਵੱਲੋਂ ਅਸਮੱਰਥ ਅਤੇ ਮਜਲੂਮਾਂ ਦੇ ਬਣਦੇ ਉੱਚਿਤ ਹੱਕਾਂ ਨੂੰ ਬਾਹੂਬਲ ਦੇ ਜ਼ੋਰ ਨਾਲ ਦਬਾਇਆ ਨਾ ਜਾਂਦਾ, ਆਪਾਂ ਇਸ ਖ਼ੂਬਸੂਰਤ ਸੰਸਾਰ ਤੇ ਇੱਕ-ਦੂਜੇ ਦੇ ਵਿਰੋਧੀ ਨਹੀਂ ਸਗੋਂ ਸਹਿਯੋਗੀ ਹੁੰਦੇ।



ਆਪਾਂ ਇਕੱਲੇ ਨਹੀਂ, ਪੂਰੀ ਦੁਨੀਆ ਨੇ ਸਿਆਣਪ ਵਿਹੂਣੀ ਮੁਹਾਰਤ ਅਤੇ ਵਿਵੇਕਹੀਣ ਤਾਕਤ ਤਾਂ ਹਾਸਿਲ ਕਰ ਲਈ ਹੈ। ਤਾਂਹੀ ਤਾਂ ਸਾਡੀ ਦੁਨੀਆ ਅੱਜ ਪ੍ਰਮਾਣੂ ਮਾਮਲਿਆਂ ਵਿਚ ਦੈਂਤ ਦੇ ਸਮਾਨ ਹੈ, ਪਰ ਨੈਤਿਕਤਾ ਦੇ ਪੱਖੋਂ ਅਸੀਂ ਬਹੁਤ ਬੌਣੇ ਹੋ ਗਏ ਹਾਂ।

ਆਰਥਿਕ ਪੱਖ ਮਜਬੂਤ ਹੋਣ ਦੀ ਤਾਕਤ, ਮਨੁੱਖ ਨੂੰ ਇਸ ਕਦਰ ਭ੍ਰਿਸ਼ਟ ਬਣਾਉਂਦੀ ਹੈ, ਕਿ ਉਹ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਆਪਣੇ ਆਪ ਨੂੰ ਲਾਭ ਪਹੁੰਚਾਉਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਪੈਸੇ ਦੀ ਤਾਕਤ ਵੀ ਇੱਕ ਮਿੱਠਾ ਜ਼ਹਿਰ ਹੁੰਦੀ ਹੈ, ਇਹ ਵੀ ਇੱਕ ਨਸ਼ਾ ਹੈ, ਇਹ ਇੱਕ ਐਸੀ ਇੱਛਾ ਹੈ, ਜਿਹੜੀ ਹੌਲੀ-ਹੌਲੀ ਆਦਤ ਵਿਚ ਬਦਲ ਜਾਂਦੀ ਹੈ, ਇਹ ਵਧਦੀ ਜਾਂਦੀ ਹੈ ਤੇ ਮਨੁੱਖ ਘਟਦਾ ਜਾਂਦਾ ਹੈ। ਹੋਣੀ ਸਭ ਮਨੁੱਖਾਂ ਦੀ ਇੱਕੋ ਹੈ, ਜੀਵਨ ਜਿਊਣ ਦੇ ਸਾਡੇ ਢੰਗ ਤਰੀਕੇ ਅਲੱਗ ਹਨ ਜੋ ਸਾਡੀਆਂ ਤਕਲੀਫਾਂ ਦੇ ਬੇਵਜਾ ਕਾਰਨ ਬਣਦੇ ਹਨ।

## ਕੁਦਰਤੀ ਸੋਮਿਆਂ ਨਾਲ ਖਿਲਵਾੜ



**ਹਰਮਨਪ੍ਰੀਤ ਸਿੰਘ,**
**98550-10005**

ਮੌਜੂਦਾ ਸਮੇਂ ਮਨੁੱਖ ਨੇ ਆਪਣੇ ਨਿੱਜੀ ਸਵਾਰਥਾਂ ਲਈ ਕੁਦਰਤੀ ਸਰੋਤਾਂ, ਸੋਮਿਆਂ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੋਇਆ ਹੈ, ਜੋ ਬੇਹੱਦ ਮੰਦ-ਭਾਗਾ ਹੈ। ਕੁਦਰਤੀ ਸਰੋਤਾਂ ਦਾ ਨਾਸ਼ ਕਰ ਮਨੁੱਖ ਇਸ ਧਰਤੀ 'ਤੇ ਆਪਣੇ ਲਈ ਗੰਭੀਰ ਬਿਮਾਰੀਆਂ ਦੇ ਰੂਪ ਵਿਚ ਸਮੱਸਿਆਂਵਾਂ ਪੈਦਾ ਕਰ ਰਿਹਾ ਹੈ। ਜੇਕਰ ਧਰਤੀ 'ਤੇ ਇਸੇ ਰਫਤਾਰ ਨਾਲ ਪ੍ਰਦੂਸ਼ਣ ਵਧਦਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਧਰਤੀ ਮਨੁੱਖ ਦੇ ਰਹਿਣ ਲਾਇਕ ਨਹੀਂ ਰਹੇਗੀ। ਵਾਤਾਵਰਨ ਨੂੰ ਸ਼ੁੱਧ ਅਤੇ ਸਾਫ ਰੱਖਣ ਲਈ ਧਰਤੀ ਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਅਤਿ ਲੱਗੇ ਹੋਏ ਰੁੱਖਾਂ ਦੀ ਸਾਂਭ- ਸੰਭਾਲ ਬੇਹੱਦ ਜ਼ਰੂਰੀ ਹੈ। ਪਿਛਲੇ ਸਮਿਆਂ 'ਚ ਕੁਦਰਤ ਨਾਲ ਕੀਤੀ ਛੇੜ-ਛਾੜ ਦਾ ਹੀ ਨਤੀਜਾ ਹੈ ਕਿ ਜੋ ਅੱਜ ਪੂਰਾ ਵਿਸ਼ਵ ਗਲੋਬਲ ਵਾਰਮਿੰਗ ਦੇ ਭਰਭਾਵ ਹੇਠ ਹੈ। ਹਰ ਸਾਲ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ਨਾਲ ਹੀ ਪ੍ਰਦੂਸ਼ਣ ਕਾਰਨ ਅਜੋਨ ਪਰਤ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ। ਧਰਤੀ ਤੋਂ ਕਈ ਜੀਵ-ਜੰਤੂ ਅਲੋਪ ਹੋ ਚੁੱਕੇ ਹਨ ਤੇ ਕਈਆਂ ਨੂੰ ਆਪਣੀ ਹੋਂਦ ਬਚਾਉਣ ਖਾਤਰ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਅਸੀਂ ਕੁਦਰਤ ਦੀ ਇਸ ਕਾਇਨਾਤ ਵਿਚ ਬਹੁਤ ਕੁਝ ਗੁਆ ਚੁੱਕੇ ਹਾਂ। ਵਿਕਾਸ ਦੇ ਨਾਮ 'ਤੇ ਕੀਤੀ ਜਾ ਰਹੀ ਵਾਤਾਵਰਨ ਦੀ ਬਰਬਾਦੀ ਦੇ ਕਾਰਨ ਵਿਸ਼ਵ ਭਰ ਵਿਚ ਦਰੱਖਤਾਂ, ਪਸ਼ੂ, ਪੰਛੀਆਂ, ਜਲ-ਜੀਵ ਅਤੇ ਜਾਨਵਰਾਂ ਦੀਆਂ ਲੱਖਾਂ ਪ੍ਰਜਾਤੀਆਂ ਲੁਪਤ ਹੋ ਚੁੱਕੀਆਂ ਹਨ ਜੋ ਕਿ ਬਹੁਤ ਗੰਭੀਰ ਸਮੱਸਿਆ ਹੈ ਅਤੇ ਨਾਲ ਦਿਨ-ਬ-ਦਿਨ ਪੋਲੀਥੀਨ ਦਾ ਕੂੜਾ ਇਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਅੱਜ ਵੱਡੀ ਮਾਤਰਾ ਵਿਚ ਪਾਣੀ ਪੀਣ ਦੇ ਯੋਗ ਨਹੀਂ ਰਿਹਾ ਕਿਉਂਕਿ ਫ਼ੈਕਟਰੀਆਂ ਦਾ ਪ੍ਰਦੂਸ਼ਿਤ ਪਾਣੀ ਦਾ ਜਮੀਨੀ ਪਾਣੀ ਅਤੇ ਨਦੀਆਂ ਦੇ ਕੁਦਰਤੀ ਪਾਣੀ ਵਿਚ ਮਿਲਣਾ, ਸ਼ੁੱਧ ਪਾਣੀ ਨੂੰ ਪ੍ਰਦੂਸ਼ਿਤ ਕਰਨ ਦੇ ਮੁੱਖ ਕਾਰਨ ਹਨ ਅਤੇ ਹਵਾ ਦੇ ਪ੍ਰਦੂਸ਼ਣ ਕਾਰਨ ਸਾਹ ਦੀ ਬਿਮਾਰੀ, ਚਮੜੀ ਅਤੇ ਅੱਖਾਂ ਦੀ ਐਲਰਜੀ, ਛਾਤੀ ਅਤੇ ਦਿਲ ਦੀ ਬਿਮਾਰੀ ਅਤੇ ਕੈਂਸਰ ਵਰਗੇ ਰੋਗਾਂ ਦਾ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਕੁਦਰਤ ਸਾਨੂੰ ਸੁਨੇਹਾ ਦੇ ਰਹੀ ਹੈ ਕਿ ਅਸੀਂ ਹੁਣ ਵੀ ਸੰਭਲ ਜਾਈਏ, ਅੱਜ ਵਿਸ਼ਵ ਵਾਤਾਵਰਨ ਦਿਵਸ ਤੇ ਸਾਨੂੰ ਸਭ ਨੂੰ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣਾ ਦਾ ਪ੍ਰਣ ਕਰਨਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਸਾਡਾ ਸਭ ਦਾ ਸਮਾਜਿਕ ਫ਼ਰਜ਼ ਹੈ। ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਖ਼ਤਰਨਾਕ ਨਤੀਜੇ ਤਾਂ ਸਾਨੂੰ ਹੀ ਭੁਗਤਣੇ ਪੈਣਗੇ। ਸਮੁੱਚੀ ਮਨੁੱਖਤਾ ਨੂੰ ਆਪਣੀ ਹੋਂਦ ਬਚਾਉਣ ਖਾਤਰ ਮੁੜ ਵਾਤਾਵਰਨ ਦੀ ਸੰਭਾਲ ਪ੍ਰਤੀ ਸੰਜੀਦਾ ਹੋਣਾ ਪਵੇਗਾ।

# ਵਿਆਹ ਦੀ ਸੌਦੇਬਾਜੀ ਤੇ ਵਿਦੇਸ਼ ਵਸਣ ਦੀ ਚਾਹਤ

**ਡਾਕਟਰ ਯਸ਼ਪ੍ਰੀਤ ਕੌਰ**

ਅੱਜ ਪੰਜਾਬ ਵਿਚ ਬਹੁਤੇ ਰਿਸ਼ਤੇ ਇਕ ਵਪਾਰਕ ਇਕਰਾਰਨਾਮੇ ਦੇ ਰੂਪ ਵਜੋਂ ਹੋ ਰਹੇ ਹਨ। ਇਸ ਇਕਰਾਰਨਾਮੇ ਦਾ ਧੁਰਾ ਹੈ ਬਾਹਰਲੇ ਮੁਲਕਾਂ ਨੂੰ ਜਾਣ ਲਈ ਪਾਸ ਕੀਤਾ ਜਾਣ ਵਾਲਾ ਲਾਜ਼ਮੀ ਪੇਪਰ ਆਈਲੈਟਸ। ਇਹ ਆਈਲਟਸ ਦਾ ਪੇਪਰ ਇਕ ਬੇਸ਼ਕੀਮਤੀ ਜਾਇਦਾਦ ਬਣ ਗਿਆ ਹੈ ਜਿਸ ਦੇ ਆਧਾਰ 'ਤੇ ਲੜਕਾ ਅਤੇ ਲੜਕੀ ਦੇ ਪਰਿਵਾਰ ਵਿਚਾਲੇ ਸੌਦਾ ਹੁੰਦਾ ਹੈ। ਪਹਿਲਾਂ ਇਸ ਪੇਪਰ ਵਿਚ ਲਏ ਗਏ ਬੈਂਡਾਂ (ਨੰਬਰਾਂ) ਤੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਪ੍ਰਾਪਤ ਕੀਤੇ ਗਏ ਅੰਕਾਂ ਨਾਲ ਕਿਸ ਦੇਸ਼ ਵਿਚ ਜਾਣ ਦੀ ਸੰਭਾਵਨਾ ਵੱਧ ਹੈ, ਉਪਰੰਤ ਜਹਾਜ਼ ਚੜਨ ਲਈ ਆਉਣ ਵਾਲਾ ਖਰਚਾ ਵਿਚਾਰ ਕੇ ਕੀਮਤ ਮੁਕਰਰ ਕੀਤੀ ਜਾਂਦੀ ਹੈ। ਦੋ ਧਿਰਾਂ ਜਿਸ ਵਿਚ ਇਕ ਕੋਲ ਆਈਲਟਸ ਦਾ ਸਰਟੀਫ਼ਿਕੇਟ ਜ਼ਿਆਦਾਤਾਰ ਲੜਕੀ ਵਾਲੀ ਧਿਰ ਅਤੇ ਦੂਸਰੀ ਭਾਵ ਲੜਕੇ ਦੇ ਪਰਿਵਾਰ ਕੋਲ ਭਾਰੀ ਬੈਂਕ ਖਾਤਾ, ਜ਼ਮੀਨ-ਜਾਇਦਾਦ ਹੁੰਦਾ ਹੈ। ਇਹ ਸ਼ੁਰੂਆਤ ਹੈ ਇਕ ਨਵੇਂ ਰਿਸ਼ਤੇ ਦੀ ਜਾਂ ਇੰਜ ਕਹਿ ਲਉ ਵਿਆਹ ਲਈ ਤੈਅ ਕੀਤੀ ਗਈ ਯੋਗਤਾ ਪੂਰੀ ਹੋਣ ਤੋਂ ਬਾਅਦ ਗੱਲ ਅੱਗੇ ਤੁਰਦੀ ਹੈ। ਲੜਕੇ ਲੜਕੀ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਬਾਰੇ ਸੰਖੇਪ ਜਿਹੀ ਗੱਲਬਾਤ ਬਹੁਤੀ ਵਾਰ ਤਾਂ ਗਿਣਤੀ ਤੱਕ ਹੀ ਜਾਣਕਾਰੀ ਲਈ ਜਾਂਦੀ ਕਿ ਮਾਮੇ ਕਿੰਨੇ, ਭੂਆ ਕਿੰਨੀਆਂ, ਮਾਸੀਆਂ ਕਿੰਨੀਆਂ ਆਦਿ। ਰਿਸ਼ਤੇਦਾਰ ਜਾਂ ਭੈਣ-ਭਰਾ ਇਥੋਂ ਤੱਕ ਕਿ ਮਾਂ-ਬਾਪ ਬਾਰੇ ਵੀ ਇਹੀ ਕਿਹਾ ਜਾਂਦਾ ਹੈ ਕਿ ਕਿਸੇ ਦੀ ਕੀ ਲੋੜ ਹੈ ਜਦੋਂ ਮੁੰਡੇ-ਕੁੜੀ ਨੇ ਤਾਂ ਬਾਹਰ ਚਲੇ ਜਾਣਾ, ਜ਼ਿੰਦਗੀ ਉਨਾਂ ਦੀ ਤੇ ਉਨਾਂ ਆਪਣੀ ਮਰਜ਼ੀ ਅਨੁਸਾਰ ਹੰਢਾਉਣਾ-ਪਾਉਣਾ।

ਇਹ ਸਭ ਜਦੋਂ ਪਰਿਵਾਰਾਂ ਵਿਚ ਚਲ ਰਿਹਾ ਹੁੰਦਾ, ਉਦੋਂ ਬੱਚੇ ਦਸਵੀਂ ਬਾਰਵੀਂ ਦੀ ਸਕੂਲੀ ਪੜਾਈ ਮੁਕੰਮਲ ਕਰ ਅਜੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਹੀ ਰੱਖ ਰਹੇ ਹੁੰਦੇ ਹਨ। ਜ਼ਿੰਦਗੀ ਦੇ ਜਿਸ ਪੜਾਅ ਉੱਪਰ ਉਨਾਂ ਠੀਕ ਗ਼ਲਤ ਦੀ ਪਛਾਣ ਕਰਨੀ ਸਿੱਖਣੀ ਸੀ, ਉਨਾਂ ਨੂੰ ਬਾਹਰਲੇ ਮੁਲਕਾਂ ਦੇ ਸੁਪਨੇ ਇੰਜ ਦਿਖਾਏ ਜਾਂਦੇ ਨੇ ਕਿ ਇਹ ਦੇਸ਼ ਹੀ ਧਰਤੀ ਉੱਤੇ ਸਵਰਗ ਨੇ ਅਤੇ ਇਥੇ ਪਹੁੰਚਣਾ ਹੀ ਕੇਵਲ ਤੇ ਕੇਵਲ ਤੁਹਾਡੀ ਸਾਡੀ ਜ਼ਿੰਦਗੀ ਦਾ ਮਨੋਰਥ ਹੈ। ਬੱਚੇ ਆਪਣੀਆਂ ਕਲਪਨਾਵਾਂ ਵਿਚ ਖ਼ੁਦ ਨੂੰ ਕਿਸੇ ਰਾਜੇ ਰਾਣੀ ਤੋਂ ਘੱਟ ਨਾ ਸਮਝਦੇ ਹੋਏ ਜਹਾਜ਼ਾਂ ਦੇ ਝੂਟੇ ਲੈਣ ਲੱਗ ਜਾਂਦੇ ਹਨ। ਬਾਰਵੀਂ ਤੋਂ ਬਾਅਦ ਬੱਚੇ ਆਈਲਟਸ ਦੇ ਸੈਂਟਰਾਂ ਵਿਚ ਟ੍ਰੇਨਿੰਗ ਲੈਣ ਜਾਂਦੇ ਹਨ ਅਤੇ ਇਥੋਂ ਹੀ ਬੇਗਾਨੇ ਮੁਲਕਾਂ ਦੇ ਸੱਭਿਆਚਾਰ ਵਿਚ ਢਲਣਾ ਸ਼ੁਰੂ ਹੋ ਜਾਂਦੇ ਹਨ।



ਵਿਆਹ ਕਰਵਾ ਕੇ ਛੋਟੀ ਉਮਰ 'ਚ ਦੂਜੇ ਦੇਸ਼ ਜਾ ਬੈਠੇ ਬੱਚਿਆਂ ਸਾਹਮਣੇ ਜਦੋਂ ਉਥੇ ਦੀਆਂ ਮੁਸ਼ਕਿਲਾਂ ਹਕੀਕਤ ਬਣ ਸਾਹਮਣੇ ਆਉਂਦੀਆਂ ਨੇ ਤਾਂ ਡੋਲ ਜਾਣ ਜਾਂ ਉਥੋਂ ਦੀ ਐਸ਼ਪ੍ਰਸਤੀ ਵਾਲੇ ਖੁੱਲੇ ਮਾਹੌਲ ਵਿਚ ਵਹਿ ਜਾਣ ਦੇ ਬਰਾਬਰ ਆਸਾਰ ਬਣੇ ਰਹਿੰਦੇ ਹਨ। ਜ਼ਿੰਦਗੀ ਦੇ ਜਿਨਾਂ ਕੀਮਤੀ ਵਰਿਆਂ ਮੌਕੇ ਹਰ ਮੋੜ 'ਤੇ ਮਾਪਿਆਂ ਦੇ ਸਾਥ ਅਤੇ ਸੇਧ ਦੀ ਸਭ ਤੋਂ ਵੱਧ ਜ਼ਰੂਰਤ ਸੀ, ਉਦੋਂ ਬੱਚੇ ਸੱਤ ਸਮੁੰਦਰ ਪਾਰ ਬੈਠੇ ਆਲਣੇ ਵਿਚੋਂ ਡਿੱਗੇ ਬੋਟ ਵਾਂਗ ਜ਼ਿੰਦਗੀ ਦਾ ਅਹਿਮ ਸੰਘਰਸ਼ ਲੜਦਿਆਂ ਫਿਰ ਉਹੀ ਕਰਦੇ ਨੇ ਜੋ ਉਨਾਂ ਦੀ ਨਜ਼ਰ ਵਿਚ ਸਹੀ ਦਿਸਦਾ ਹੋਵੇ। ਸਮਾਜਿਕ ਰਿਸ਼ਤਿਆਂ ਦੀ ਮਾਣ-ਮਰਯਾਦਾ, ਲੌਹ-ਲਿਹਾਜ਼ ਬਾਰੇ ਸਮਝਣ-ਸਮਝਾਉਣ ਦਾ ਸਮਾਂ ਰਹਿੰਦਿਆਂ ਨਾ ਮਾਪਿਆਂ ਨੂੰ ਵਕਤ ਮਿਲਿਆ ਤੇ ਨਾ ਬੱਚਿਆਂ ਨੂੰ। ਜਿਸ ਕਾਰਨ ਬੱਚੇ ਉਹ ਗ਼ਲਤੀਆਂ ਕਰ ਜਾਂਦੇ ਨੇ, ਜਿਨਾਂ ਦੇ ਨਤੀਜੇ ਫਿਰ ਮਾਪੇ ਭੁਗਤਦੇ ਹਨ।

ਜਦੋਂ ਵੀ ਕੁਝ ਬੁਰਾ ਵਾਪਰਦਾ ਹੈ ਤਾਂ ਜ਼ਰੂਰੀ ਹੁੰਦਾ ਹੈ ਕਿ ਸਹੀ ਦੋਸ਼ੀ ਦੀ ਪਛਾਣ ਕਰ ਉਸ ਨੂੰ ਕਟਹਿਰੇ ਵਿਚ ਖੜਾ ਕੀਤਾ ਜਾਵੇ। ਇਸੇ ਤਰਾਂ ਬੱਚਿਆਂ ਤੋਂ ਹੋਈਆਂ ਗ਼ਲਤੀਆਂ ਦਾ ਵੀ ਅਸਲ ਦੋਸ਼ੀ ਲੱਭਿਆ ਜਾਣਾ ਜ਼ਰੂਰੀ ਹੈ। ਇਸ ਦੋਸ਼ੀ ਦੀ ਪਛਾਣ ਕਰਨ ਲਈ ਕਿਸੇ ਉੱਪਰ ਇਲਜ਼ਾਮ ਥੋਪਣ ਦੀ ਲੋੜ ਨਹੀਂ ਹੈ, ਲੋੜ ਹੈ ਸਵੈ-ਪੜਚੋਲ ਕਰਨ ਦੀ। ਜਦੋਂ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਕਿਉਂ ਅੱਜ ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਪੰਜਾਬ ਤੋਂ ਬਾਹਰ ਭੇਜਣਾ ਚਾਹੁੰਦਾ ਹੈ ? ਚਾਹੇ ਉਹ ਅਮੀਰ ਹੈ, ਗ਼ਰੀਬ ਹੈ ਜਾਂ ਮੱਧਵਰਗੀ ਸ਼੍ਰੇਣੀ ਨਾਲ ਸਬੰਧਿਤ ਹੈ, ਕਿਉਂ ਪੰਜਾਬ ਵਿਚ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ ਲੱਗ ਰਿਹਾ ? ਕਿਉਂ ਜਿਗਰ ਦੇ ਟੁਕੜਿਆਂ ਨੂੰ ਇਸ ਦੁਨੀਆ ਦੀ ਨਕਲੀ ਚਮਕ-ਦਮਕ ਤੋਂ ਵਾਕਫ਼ ਕਰਾਉਣ ਤੋਂ ਪਹਿਲਾਂ ਹੀ ਦੂਰ ਭੇਜ ਦਿੱਤਾ ਜਾਂਦਾ ਹੈ ? ਰਿਸ਼ਤਿਆਂ ਵਿਚ ਪੈਸੇ ਦੀ ਜ਼ਾਮਨੀ ਰੱਖ ਕੇ ਹੋ ਰਹੇ ਰਿਸ਼ਤਿਆਂ ਦੇ ਵਪਾਰ ਲਈ ਜ਼ਿੰਮੇਵਾਰ ਪੰਜਾਬ ਦਾ ਅਜੋਕਾ ਸਮਾਜਿਕ ਅਤੇ ਰਾਜਨੀਤਕ ਢਾਂਚਾ ਹੈ। ਸਮਾਜ ਨੇ ਵਿਆਹ ਵਰਗੇ ਪਾਕ-ਪਵਿੱਤਰ ਰਿਸ਼ਤੇ ਨੂੰ ਸੌਦੇਬਾਜ਼ੀ ਵਿਚ ਇਸ ਤਰਾਂ ਪਲੀਤ ਕੀਤਾ ਕਿ ਬੱਚਿਆਂ ਦੀ ਨਜ਼ਰ ਵਿਚ ਇਸ ਰਿਸ਼ਤੇ ਦਾ ਕੋਈ ਸਤਿਕਾਰ ਜਾਂ ਅਹਿਮੀਅਤ ਰਹਿ ਹੀ ਨਹੀਂ ਗਈ। ਰਾਜਨੀਤਕ ਸਿਆਸਤਦਾਨ ਪੰਜਾਬ ਵਾਸੀਆਂ ਅੰਦਰ ਇਸ ਕਦਰ ਬੇਯਕੀਨੀ ਅਤੇ ਬੇਵਿਸ਼ਵਾਸੀ ਲੈ ਆਏ ਹਨ ਕਿ ਆਉਣ ਵਾਲੀ ਪੀੜੀ ਦਾ ਭਵਿੱਖ ਸੱਚਮੁੱਚ ਹੀ ਕਿੰਨੇ ਤਰਾਂ ਦੇ ਖ਼ਤਰਿਆਂ ਵਿਚ ਘਿਰਿਆ ਦਿਸ ਰਿਹਾ ਹੈ।

ਅਸੀਂ ਖ਼ੁਦ ਹੀ ਇਸ ਅਤਿ ਸੰਜੀਦਾ ਮਸਲੇ ਦਾ ਹੱਲ ਕੱਢਣਾ ਹੈ। ਸਾਡੇ ਧੀਆਂ-ਪੁੱਤਰਾਂ ਨੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਖ਼ਾਤਰ ਕਮਾਈਆਂ ਤਾਂ ਕਰਨੀਆਂ ਹੀ ਨੇ, ਕੁਝ ਨੇ ਇਥੇ ਰਹਿ ਕੇ ਤੇ ਕੁਝ ਪ੍ਰਦੇਸੀਂ ਜਾ ਕੇ ਕਰਨਗੇ। ਲੋੜ ਹੈ ਸਾਨੂੰ ਬੱਚਿਆਂ ਪ੍ਰਤੀ ਆਪਣੇ ਫ਼ਰਜ਼ ਪਛਾਣਨ ਦੀ, ਉਨਾਂ ਨੂੰ ਘਰੋਂ ਬਾਹਰ ਕਦਮ ਰੱਖਣ ਤੋਂ ਪਹਿਲਾਂ ਚੰਗੇ-ਮਾੜੇ, ਸਹੀ-ਗ਼ਲਤ ਦੀ ਪਛਾਣ ਕਰਨੀ ਸਿਖਾਈਏ। ਬਾਹਰਲੇ ਮੁਲਕਾਂ ਵਿਚ ਜਾਣ ਦੀ ਲਾਲਸਾ ਇਸ ਕਦਰ ਨਾ ਹਾਵੀ ਹੋਣ ਦੇਈਏ ਕਿ ਨੈਤਿਕ ਕਦਰਾਂ-ਕੀਮਤਾਂ ਘੱਟੇ-ਕੌਡੀ ਹੀ ਰੁਲ ਜਾਣ। ਬਹੁਤ ਪਰਿਵਾਰ ਤਾਂ ਵਿਦੇਸ਼ਾਂ ਦੇ ਚੱਕਰਾਂ ਵਿਚ ਆਪਣੀ ਸਾਰੀ ਉਮਰ ਦੀ ਕਮਾਈ, ਜਾਇਦਾਦ ਕੀ ਆਪਣਿਆਂ ਪਿਆਰਿਆਂ ਦੀਆਂ ਜਾਨਾਂ ਵੀ ਗਵਾ ਬੈਠਦੇ ਹਨ। ਬੱਚਿਆਂ ਵਲੋਂ ਗ਼ਲਤ ਕਦਮ ਚੁੱਕ ਲੈਣ ਤੋਂ ਬਾਅਦ 'ਮੁੰਡੇ ਗ਼ਲਤ ਜਾਂ ਕੁੜੀਆਂ ਗ਼ਲਤ' ਵਰਗੀ ਇਲਜ਼ਾਮਤਰਾਸ਼ੀ ਨਾ ਕਰੀਏ, ਸਮਾਜ ਨੂੰ ਧਿਰਾਂ ਵਿਚ ਨਾ ਵੰਡੀਏ, ਹਰ ਕੇਸ ਦਾ ਆਪਣਾ ਇਕ ਵੱਖਰਾ ਪੱਖ ਹੁੰਦਾ ਹੈ, ਉਸ ਅਨੁਸਾਰ ਕਿਤੇ ਕੋਈ ਲੜਕਾ ਗ਼ਲਤ ਹੋ ਸਕਦਾ ਹੈ ਤੇ ਕਿਸੇ ਜਗਾ ਲੜਕੀ ਵੀ ਗ਼ਲਤ ਹੋ ਸਕਦੀ ਹੈ। ਬਿਨਾਂ ਵਜਾ ਹੀ ਬਿਨਾਂ ਕਿਸੇ ਠੋਸ ਸਬੂਤ ਦੇ ਕਿਸੇ ਵੀ ਪੱਖ ਵਿਚ ਜਾਂ ਖਿਲਾਫ਼ ਬਿਆਨਬਾਜ਼ੀ ਕਰਨ ਦੀ ਬਜਾਏ ਵਾਪਰ ਚੁੱਕੀ ਮੰਦਭਾਗੀ ਘਟਨਾ ਤੋਂ ਸੇਧ ਲਈਏ ਅਤੇ ਇਹ ਵਿਚਾਰੀਏ ਕਿ ਅੱਗੇ ਤੋਂ ਇਸ ਤਰਾਂ ਦੀ ਅਣਹੋਣੀ ਤੋਂ ਕਿਵੇਂ ਬਚਿਆ ਜਾ ਸਕਦਾ।

# ਵਿਆਹਾਂ ਦਾ ਵਪਾਰੀਕਰਣ ਹੋਵੇਗਾ ਖਤਰਨਾਕ



**ਮੇਜਰ ਮਾਂਗਟ**

ਸਾਡਾ ਸਮਾਜ ਭਾਵੇਂ ਕੋਈ ਵੀ ਹੋਵੇ, ਪਰ ਜੀਵਨ ਸ਼ੈਲੀ ਕੁਦਰਤ ਅਨੁਸਾਰ ਹੋਣੀ ਚਾਹੀਦੀ ਹੈ। ਪੂਰਾ ਬ੍ਰਹਿਮੰਡ ਇਕ ਮਸ਼ੀਨ ਵਾਂਗ ਹੈ ਤੇ ਇਸ ਦੀ ਹਰ ਵਸਤੂ ਇਸ ਮਸ਼ੀਨ ਦਾ ਪੁਰਜ਼ਾ ਹੈ। ਜੋ ਕੁਝ ਬ੍ਰਹਿਮੰਡੀ ਨਿਯਮਾਂ ਅਨੁਸਾਰ ਨਹੀਂ ਹੈ, ਉਹ ਬੇਲੋੜਾ ਹੈ, ਤੇ ਖ਼ਤਮ ਹੋ ਜਾਵੇਗਾ। ਧਰਤੀ 'ਤੇ ਜੀਵਨ ਕਿਵੇਂ ਤੇ ਕਿੱਥੋਂ ਆਇਆ ? ਇਸ ਸਬੰਧੀ ਬਹੁਤ ਸਾਰੇ ਸਿਧਾਂਤ ਹਨ। ਕੋਈ ਜਗਤ ਨੂੰ ਆਦਮ ਅਤੇ ਹਵਾ (ਐਡਮ ਤੇ ਈਵ) ਦੀ ਔਲਾਦ ਦੱਸਦਾ ਹੈ, ਜਿਨਾਂ ਨੂੰ ਵਰਜਿਤ ਸੇਬ ਖਾਣ ਕਾਰਨ ਸਵਰਗ 'ਚੋਂ ਧੱਕਾ ਦੇ ਦਿੱਤਾ ਗਿਆ ਸੀ। ਦਰਅਸਲ ਇਹ ਗੁੱਝੇ ਸੰਕੇਤ ਹਨ ਜਿਨਾਂ ਦੀ ਪੁਨਰ ਵਿਆਖਿਆ ਕੀਤੀ ਜਾ ਸਕਦਾ ਹੈ। ਕਈ ਇਸ ਨੂੰ ਭਗਵਾਨ ਦਾ ਕ੍ਰਿਸ਼ਮਾ ਮੰਨਦੇ ਹਨ ਤੇ ਰਿਸ਼ੀਆਂ ਮੁਨੀਆਂ ਦੀ ਔਲਾਦ ਕਹਿੰਦੇ ਹਨ। ਇਕ ਧੜਾ ਅਜਿਹਾ ਵੀ ਹੈ ਜੋ ਕਹਿੰਦਾ ਕਿ ਕਿ ਅਨੂਨਾਕੀ ਜੋ ਕਿਸੇ ਹੋਰ ਗ੍ਰਹਿ ਦਾ ਵਾਸੀ ਸੀ, ਉਸ ਨੇ ਧਰਤੀ ਦਾ ਮਨੁੱਖ ਬਣਾਇਆ ਹੈ। ਵਿਗਿਆਨਕ ਸੋਚ ਵਾਲੇ ਚਾਰਲਸ ਡਾਰਵਿਨ ਦੇ ਸਿਧਾਂਤ ਨੂੰ ਮੰਨਦੇ ਹਨ। ਕੁਦਰਤ ਦੇ ਗੁੱਝੇ ਭੇਦ ਸਮਝ ਕੇ ਉਨਾਂ ਨੂੰ ਜਾਣ ਲੈਣਾ ਹੀ ਵਿਗਿਆਨ (ਸੋਝੀ) ਹੈ। ਕੁਦਰਤ ਦਾ ਸਾਰਾ ਵਰਤਾਰਾ ਵਿਗਿਆਨਕ ਨਿਯਮਾਂ ਅਨੁਸਾਰ ਚਲਦਾ ਹੈ। ਪਸ਼ੂ, ਪੰਛੀ ਜੀਵ-ਜੰਤੂ ਸਭ ਇਸੇ ਵਰਤਾਰੇ ਤਹਿਤ ਜਿਊਂਦੇ ਹਨ। ਪ੍ਰੰਤੂ ਮਨੁੱਖ ਨੇ ਜਦ ਤੋਂ ਜੰਗਲੀ ਜੀਵਨ ਤਿਆਗਿਆ ਹੈ, ਉਸ ਨੇ ਬਹੁਤ ਕੁਝ ਆਪਣਾ ਸਿਰਜ ਲਿਆ ਹੈ। ਜਦੋਂ ਉਹ ਵਣ-ਮਾਨਸ ਸੀ, ਤਾਂ ਕੋਈ ਰਿਸ਼ਤਾ ਨਾਤਾ ਨਹੀਂ ਸੀ ਹੁੰਦਾ, ਔਲਾਦ ਪੈਦਾ ਕਰਨਾ ਉਸੇ ਤਰਾਂ ਸੀ ਜਿਵੇਂ ਜਾਨਵਰਾਂ ਤੇ ਪਸ਼ੂਆਂ ਵਿਚ ਹੈ। ਬੱਚਾ ਮਾਂ ਦਾ ਹੁੰਦਾ। ਫੇਰ ਮਨੁੱਖ ਨੇ ਇਕੱਠੇ ਹੋ ਕੇ ਟੋਲਿਆਂ ਵਿਚ ਰਹਿਣਾ ਸ਼ੁਰੂ ਕੀਤਾ, ਕਬੀਲੇ ਬਣ ਗਏ। ਇਹ ਕਬੀਲੇ ਗਣਾਂ ਵਿਚ ਬਦਲ ਗਏ। ਇਸ ਦੌਰ ਦੌਰਾਨ ਪਸ਼ੂ ਪਾਲਣ, ਪਸ਼ੂ ਧਨ ਤੇ ਫਸਲਾਂ ਉਗਾਉਣ ਦੀ ਜਾਚ ਆਈ। ਜਦੋਂ ਮਨੁੱਖ ਨੂੰ ਜਾਇਦਾਦ ਦਾ ਅਹਿਸਾਸ ਹੋਇਆ ਤਾਂ ਰਿਸ਼ਤੇ ਵੀ ਇਸ ਦੀ ਜੱਦ ਵਿਚ ਆ ਗਏ। ਵਿਆਹ, ਸੁਅੰਬਰ ਇਸ ਕਰਕੇ ਕੀਤੇ ਜਾਣ ਲੱਗੇ ਕਿ ਔਰਤ ਨੂੰ ਕਿਸੇ ਇਕ ਮਰਦ ਨਾਲ ਪੱਕਿਆਂ ਹੀ ਜੋੜ ਦਿੱਤਾ ਜਾਵੇ। ਕਬੀਲੇ ਜਦੋਂ ਗਣਾਂ ਵਿਚ ਤਬਦੀਲ ਹੋਏ, ਤਾਂ ਕਈ ਗਣ ਮਿਲ ਕੇ ਗਣਰਾਜ ਹੋਂਦ ਵਿਚ ਆਇਆ ਤਾਂ ਇਹ ਦੇਸ਼ ਤੇ ਸਮਾਜ ਪੱਕੇ ਪੈਰੀਂ ਹੋ ਗਏ। ਮਨੂੰ ਵਰਗੇ ਰਿਸ਼ੀਆਂ ਨੇ ਸਮਾਜ ਦੇ ਕੰਮ ਕਰਵਾਉਣ ਲਈ ਵਰਗ ਵੰਡ ਕਰ ਦਿੱਤੀ। ਸਮਾਜ ਨੂੰ ਚਾਰ ਵਰਗਾਂ ਵਿਚ ਵੰਡ ਦਿੱਤਾ ਗਿਆ। ਚਾਰ ਜਾਤਾਂ ਪੈਦਾ ਹੋਣ ਨਾਲ ਮਨੁੱਖ ਚਾਰ ਧੜਿਆਂ ਵਿਚ ਵੰਡਿਆ ਗਿਆ। ਇਹ ਮੈਂ ਸਿਰਫ ਭਾਰਤ ਦੀ ਗੱਲ ਕਰਦਾ ਹਾਂ। ਗਣਾਂ ਕਬੀਲਿਆਂ ਨੇ ਇਕ ਦੂਜੇ ਨੂੰ ਲੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ। ਔਰਤਾਂ ਵੀ ਲੁੱਟੀਆਂ ਜਾਂਦੀਆਂ ਰਹੀਆਂ। ਗਣਪਤੀ ਰਾਜੇ ਬਣ ਗਏ ਤੇ ਆਪਣੇ ਹਰਮ, ਲੁੱਟ ਦੀਆਂ ਔਰਤਾਂ ਨਾਲ ਭਰਨ ਲੱਗੇ। ਰਾਹੁਲ ਸੰਕ੍ਰਤਾਇਨ ਆਪਣੀ ਪੁਸਤਕ 'ਗੰਗਾ ਤੋਂ ਵੋਲਗਾ ਤੱਕ' ਇਸ ਮਾਹੌਲ ਨੂੰ ਕਹਾਣੀਆਂ ਦੇ ਰੂਪ ਵਿਚ ਪੇਸ਼ ਕਰਦਾ ਹੈ। ਹੁਣ ਸਵਾਲ ਇਹ ਹੈ ਕਿ ਜੇ ਮਨੁੱਖ ਸਮਾਜਿਕ ਜੀਵ ਨਾ ਬਣਦਾ ਤਾਂ ਕੀ ਹੁੰਦਾ ? ਜੇ ਸਮਾਜਿਕ ਕਾਇਦਾ ਨਾ ਹੁੰਦਾ, ਤਾਂ ਇਹ ਰੀਤੀ-ਰਿਵਾਜ ਤੇ ਵਿਆਹ ਸੰਸਥਾ ਵੀ ਨਹੀਂ ਸੀ ਹੋਣੀ। ਆਪਣੀ ਨਸਲ ਨੂੰ ਬਨਸਪਤੀ, ਜੀਵ ਜੰਤੂ, ਪਸ਼ੂ ਪੰਛੀ ਵੀ ਅੱਗੇ ਤੋਰਦੇ ਹਨ ਪਰ ਉਥੇ ਇਹ ਰਿਸ਼ਤੇ ਜਾਇਦਾਦ, ਵਿਉਪਾਰ, ਲਾਲਚ ਦੇ ਅਧੀਨ ਨਹੀਂ ਹੁੰਦੇ। ਇਹ ਸਭ ਪ੍ਰਜਾਤੀਆਂ ਕੁਦਰਤ ਅਨੁਸਾਰ ਅੰਗਾਂ ਨੂੰ ਅਸ਼ਲੀਲਤਾ ਨਾਲ ਜੋੜ ਕੇ ਨਹੀਂ ਵੇਖਦੀਆਂ। ਇਨਾਂ ਲਈ ਜਣਨ ਅੰਗ ਵੀ ਉਸੇ ਤਰਾਂ ਦੇ ਅੰਗ ਹਨ ਜਿਵੇਂ ਬਾਕੀ ਅੰਗ ਹਨ। ਮਨੁੱਖ ਦੀ ਬੇਕਾਬੂ ਹਵਸ ਨੇ ਇਨਾਂ ਅੰਗਾਂ ਨੂੰ ਢਕਣ ਦੇ ਉਦੇਸ਼ ਦਿੱਤੇ। ਫੇਰ ਨੰਗੇਜ਼ ਨੂੰ ਵੇਚਿਆ। ਨੰਗੀਆਂ ਫ਼ਿਲਮਾਂ, ਮੈਗਜ਼ੀਨ, ਕਾਮ ਉਕਸਾਊ ਦਵਾਈਆਂ, ਕੱਪੜੇ, ਕਲੱਬ, ਦੇਹ ਵਿਉਪਾਰ ਇਹ ਸਭ ਮਨੁੱਖੀ ਸਮਾਜ ਵਿਚ ਹੀ ਹੈ। ਕੁਦਰਤ ਦੇ ਬਾਕੀ ਜੀਵ ਸੁਮੇਲ ਉਦੋਂ ਕਰਦੇ ਨੇ ਜਦੋਂ ਇਸ ਦੀ ਲੋੜ ਹੈ। ਪਰ ਮਨੁੱਖ ? ਮਨੁੱਖ ਨੇ ਜਣਨ ਪ੍ਰਕਿਰਿਆ ਨੂੰ ਸਹਿਜ ਨਹੀਂ ਲਿਆ, ਇਕ ਟੈਬੂ ਬਣਾ ਦਿੱਤਾ ਹੈ। ਹੁਣ ਕੁਦਰਤ ਵੱਲ ਵੇਖੀਏ, ਤੁਸੀਂ ਕਦੇ ਪ੍ਰਾਗ-ਕੋਸ਼ ਵਿਕਦੇ ਸੁਣੇ ਹਨ ? ਕਦੇ ਫੁੱਲਾਂ ਜਾਂ ਜਾਨਵਰਾਂ ਦੇ ਵਿਆਹ ਹੁੰਦੇ ਵੇਖੇ ਹਨ ? ਕੀ ਤੁਹਾਨੂੰ ਪਤਾ ਹੈ ਕਿ ਤੁਹਾਡੀ ਫ਼ਸਲ ਦੇ ਦਾਣੇ ਕਿਵੇਂ ਬਣਦੇ ਹਨ ? ਕੀ ਤੁਹਾਨੂੰ ਪਤਾ ਹੈ ਕਿ ਹਰ ਫ਼ਸਲ ਵਿਚ ਨਰ ਤੇ ਮਾਦਾ ਬੂਟੇ ਹੁੰਦੇ ਹਨ ? ਤੁਹਾਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਤੁਹਾਡੇ ਵਿਹੜੇ ਵਿਚ ਖੜੇ ਫਲਦਾਰ ਬੂਟੇ ਦੀਆਂ ਪੰਖੜੀਆਂ, ਪਰਾਗ-ਕਣ ਕਿੱਥੋਂ ਪ੍ਰਾਪਤ ਕਰਦੀਆਂ ਹਨ। ਕੀ ਕਦੇ ਤੁਸੀਂ ਫਲ ਖਾਣ ਸਮੇਂ ਫਲ ਤੋਂ ਪੁੱਛਿਆ ਹੈ ਕਿ ਤੂੰ ਕਿਹੜੇ ਵਿਹੜੇ 'ਚੋਂ ਉਡ ਕੇ ਆਇਆ ਸੀ ? ਸੱਚ ਨੂੰ ਢੱਕਣ ਦੀ ਲੋੜ ਨਹੀਂ ਹੁੰਦੀ। ਅਸ਼ਲੀਲਤਾ ਅੰਗਾਂ ਵਿਚ ਨਹੀਂ, ਸਗੋਂ ਬੰਦੇ ਦੇ ਦਿਮਾਗ ਵਿਚ ਹੁੰਦੀ ਹੈ। ਬੰਦਸ਼ਾਂ ਤੇ ਬੰਧਨ ਇਸ ਦਾ ਵੱਡਾ ਕਾਰਨ ਹੁੰਦੇ ਹਨ ਜੋ ਮਨੋਰੋਗਾਂ ਨੂੰ ਜਨਮ ਦਿੰਦੇ ਹਨ। ਪ੍ਰੰਤੂ ਮਨੁੱਖ ਨੇ ਆਪਣੀ ਨਸਲ ਨੂੰ ਅੱਗੇ ਤੋਰਨ ਲਈ ਜੋ ਵਿਆਹ ਸੰਸਥਾ ਸਿਰਜੀ ਸੀ, ਇਹ ਹੁਣ ਨਿਰਾ ਵਿਉਪਾਰ ਬਣ ਚੁੱਕੀ ਹੈ। ਪਹਿਲਾਂ ਲੋਕ ਵਿਆਹ ਕਰਨ ਵੇਲੇ ਜਾਇਦਾਦ ਵੇਖਦੇ ਸਨ, ਜਾਂ ਖ਼ੂਬਸੂਰਤੀ ਪਰ ਮਨ ਦੀ ਸਾਂਝ ਨਹੀਂ ਸੀ ਵੇਖਦੇ। ਫੇਰ ਦਾਜ ਤੇ ਅਹੁਦੇ ਤੇ ਵਿਦੇਸ਼ੀ ਵਸੇਬਾ ਜਾਂ ਸੈਟਲਮੈਂਟ ਮੁੱਖ ਹੋ ਗਏ। ਵਿਆਹ ਕਰਵਾਉਣ ਵਾਲਿਆਂ ਦੇ ਦਿਲ ਕਿਸੇ ਨੇ ਨਹੀਂ ਪੁੱਛੇ। ਬੰਦੇ ਲਈ ਔਰਤ ਤੇ ਧੀ ਦੋਵੇਂ ਜਾਇਦਾਦ ਸਨ ਤੇ ਹੁਣ ਵੀ ਹਨ। ਧੀਆਂ ਨੂੰ ਅੱਜ ਵੀ ਪੌੜੀ ਬਣਾ ਕੇ ਵਰਤਿਆ ਜਾ ਰਿਹਾ ਹੈ। ਫੇਰ ਇਹ ਰਿਸ਼ਤੇ ਕੈਨੇਡਾ, ਅਮਰੀਕਾ, ਇੰਗਲੈਂਡ ਲਈ ਹੋਣ ਲੱਗੇ। ਫੇਰ ਲਾਲਚ ਇਥੋਂ ਤੱਕ ਵਧ ਗਿਆ ਕਿ ਸਕੇ ਭੈਣ ਭਰਾ, ਪਿਉ ਧੀ ਤੇ ਹਰ ਰਿਸ਼ਤਾ ਬਾਹਰ ਆਉਣ ਦੇ ਲਾਲਚ ਵਿਚ ਉਲੰਘਿਆ ਜਾਣ ਲੱਗਾ। ਹੁਣ ਇਹ ਸਮਝੌਤਾ ਵਿਆਹ ਭਾਵ ਕੰਟਰੈਕਟ ਮੈਰਿਜਾਂ ਨੇ ਤਾਂ ਹੱਦ ਹੀ ਲਾਹ ਦਿੱਤੀ ਹੈ। ਵਿਆਹ ਦਾ ਹੁਣ ਕੋਈ ਮਤਲਬ ਹੀ ਨਹੀਂ ਰਹਿ ਗਿਆ। ਹੁਣ ਜੇ ਤੁਹਾਡੇ ਬੱਚੇ ਵਿਆਹ ਕਰਵਾਉਣ ਤੋਂ ਪਾਸਾ ਵੱਟ ਲੈਣ ਤਾਂ ਹੈਰਾਨ ਨਾ ਹੋਣਾ। ਬੱਚੇ ਵਪਾਰ ਨਹੀਂ ਮਾਨਸਿਕ ਸਬੰਧ ਚਾਹੁੰਦੇ ਹਨ, ਤੁਹਾਡੇ ਵੱਲ ਵੇਖ ਕੇ ਸੋਚਦੇ ਹਨ ਕਿ ਜੇ ਇਹ ਹੀ ਵਿਆਹ ਹੈ ਤਾਂ ਸਾਨੂੰ ਨਹੀਂ ਇਸ ਦੀ ਲੋੜ। ਆਉਣ ਵਾਲੇ ਸਮੇਂ ਵਿਚ ਵਿਆਹਾਂ ਦੀ ਥਾਂ ਕੌਮਨ ਲਾਅ, ਬਿਨਾਂ ਵਿਆਹ ਕਰਾਏ ਇਕੱਠੇ ਰਹਿਣਾ ਭਾਵ ਲਿਵ ਇਨ ਰਿਲੇਸ਼ਨਸ਼ਿਪ, ਸਮਲਿੰਗੀ ਸ਼ਾਦੀਆਂ ਬਹੁਤ ਵੱਧ ਜਾਣਗੇ। ਕੁਦਰਤ ਦਾ ਨਿਯਮ ਹੈ ਕਿ ਪਾਜ਼ੇਟਿਵ ਪਾਜ਼ੇਟਿਵ, ਨੈਗੇਟਿਵ ਨੈਗੇਟਿਵ ਇਕੱਠੇ ਨਹੀਂ ਹੋ ਸਕਦੇ। ਸਿਰਜਣਾ ਲਈ ਵਿਪਰੀਤ ਊਰਜਾ ਦੀ ਲੋੜ ਹੁੰਦੀ ਹੈ। ਆਪਣੀ ਕਾਰ ਦੀ ਬੈਟਰੀ ਦੀਆਂ ਤਾਰਾਂ ਜੋੜ ਕੇ ਵੇਖ ਲੈਣਾ। ਅਸੀਂ ਜਣਨ ਪ੍ਰਕਿਰਿਆ ਨੂੰ ਇਕ ਵਪਾਰ ਬਣਾ ਲਿਆ ਹੈ, ਜੋ ਮਨੁੱਖ ਦੀ ਬਰਾਬਾਦੀ ਦਾ ਵੱਡਾ ਕਾਰਨ ਬਣੇਗਾ। ਜਿਵੇਂ ਸਿੰਧੂ ਘਾਟੀ, ਮੈਸੋਪੋਟਾਮੀਆ, ਬੇਬੀਲੋਨ, ਸੁਮੇਰੀਅਨ, ਮਾਇਆ ਵਰਗੀਆਂ ਸੱਭਿਆਤਾਵਾਂ ਖ਼ਤਮ ਹੋ ਗਈਆਂ, ਰਹਿਣਾ ਅਸੀਂ ਵੀ ਨਹੀਂ। ਪਰ ਸਾਡੀ ਸੱਭਿਅਤਾ ਦੇ ਮਰਨ ਦੇ ਕਾਰਨ ਜੰਗ, ਯੁੱਧ, ਸੋਕਾ, ਹੜ ਤੋਂ ਇਲਾਵਾ ਹੋਰ ਵੀ ਹੋਣਗੇ ਜਿਨਾਂ ਵਿਚੋਂ ਮਹੱਤਵਪੂਰਨ ਸਾਡੇ ਵਿਆਹ ਵਪਾਰ 'ਚੋਂ ਉਪਜੇ ਮਨੋਰੋਗ ਤੇ ਸ਼ਾਦੀਆਂ ਨਾ ਕਰਵਾਉਣੇ ਵੀ ਹੋਣਗੇ। ਆਉ ਕਦੇ ਕੁਦਰਤ ਦੇ ਵਿਧਾਨ ਬਾਰੇ ਸੋਚੀਏ...।

# ਹੁਣ ਜੋੜੀਆਂ 'ਉੱਪਰੋਂ' ਨਹੀਂ, ਆਇਲੈਟਸ ਕੇਂਦਰਾਂ ਵਿੱਚੋਂ ਬਣ ਕੇ ਆਉਂਦੀਆਂ

**ਇੰਜ. ਜਗਜੀਤ ਸਿੰਘ ਕੰਡਾ**

ਸਾਡੇ ਰੰਗਲੇ ਪੰਜਾਬ ਵਿੱਚ ਕਿਸੇ ਸਮੇਂ ਮੁੰਡੇ ਦਾ ਰਿਸ਼ਤਾ ਤੈਅ ਕਰਨ ਵੇਲੇ ਵਿਚੋਲੇ ਨੂੰ ਆਮ ਹੀ ਸਭ ਤੋਂ ਪਹਿਲਾਂ ਤਾਕੀਦ ਕਰ ਕੇ ਇਹ ਕਿਹਾ ਜਾਂਦਾ ਸੀ ਕਿ ਕੁੜੀ ਬਣਦੀ-ਤਣਦੀ ਹੋਵੇ, ਉੱਚੀ-ਲੰਮੀ ਤੇ ਸਾਡੇ ਟੱਬਰ ਵਿੱਚ ਰਲਦੀ-ਮਿਲਦੀ ਹੋਵੇ, ਫੇਰ ਹਾਂ ਕਰੀਂ ਮੁੰਡਾ ਦੇਖਣ ਲਈ। ਲੈਣ-ਦੇਣ ਦਾ ਸਾਨੂੰ ਕੋਈ ਲਾਲਚ ਨਹੀਂ। ਪ੍ਰੰਤੂ ਅੱਜ ਪੰਜਾਬੀਆਂ ਦੇ ਰਿਸ਼ਤਿਆਂ ਪ੍ਰਤੀ ਇਹ ਹਾਲਾਤ ਨਹੀਂ ਰਹੇ। ਹੁਣ ਤਾਂ ਵਿਚੋਲੇ ਵੀ ਰਿਸ਼ਤਾ ਕਰਵਾਉਣ ਲਈ ਮੁੰਡੇ-ਕੁੜੀ ਵਾਲਿਆਂ ਤੋਂ ਪੈਸੇ ਲੈਣ ਲਈ ਆਪੋ-ਆਪਣੇ ਫਿਕਸ ਰੇਟਾਂ ਦੇ ਬੋਰਡ ਲਾਈ ਸ਼ਰੇਆਮ ਘੁੰਮ ਰਹੇ ਹਨ। ਖੈਰ! ਜਿਹੜੇ ਰਾਹ 'ਤੇ ਅੱਜ ਪੰਜਾਬ ਦੀ ਨੌਜਵਾਨ ਪੀੜ੍ਹੀ ਤੇ ਉਨਾਂ ਦੇ ਮਾਪੇ ਤੁਰ ਪਏ ਹਨ, ਉਹ ਰਾਹ ਪਤਾ ਨਹੀਂ ਕਿੱਧਰ ਨੂੰ ਜਾਂਦਾ ਹੈ। ਹੁਣ ਰਿਸ਼ਤਾ ਕਰਨ ਲਈ ਕੁੜੀ ਦੇ ਨਾਨਕੇ ਨਹੀਂ, ਬੈਂਡ ਪੁੱਛੇ ਜਾਂਦੇ ਹਨ। ਮੁੰਡੇ ਵਾਲੇ ਕੁੜੀ ਨੂੰ ਤੋਰ ਕੇ ਵੇਖਣ ਦੀ ਬਜਾਏ ਬੈਂਡ ਵਾਲੇ ਸਰਟੀਫਿਕੇਟ ਨੂੰ ਦੇਖ ਕੇ ਸਟੱਡੀ ਵੀਜ਼ੇ ਲਈ ਕੁੜੀ ਦਾ ਸਾਰਾ ਖਰਚਾ ਕਰਨ ਦੀ ਗੱਲ ਨੂੰ ਓਟ ਕੇ ਆਪਣੇ ਨਿਖੱਟੂ ਨੂੰ ਕੈਨੇਡਾ ਵਾਲੇ ਜਹਾਜ਼ ਚਾੜਨ ਲਈ ਜ਼ਿਆਦਾ ਕਾਹਲੇ ਦਿਸਦੇ ਹਨ।

ਇਸਦੇ ਵਰਤਾਰੇ ਪਿੱਛੇ ਅਸਲੀ ਕਾਰਨ ਇਹ ਹੈ ਕਿ ਅੱਜ ਪੰਜਾਬੀ ਮੁੰਡੇ ਪੜਾਈ ਨਾਲੋਂ ਜ਼ਿਆਦਾ ਧਿਆਨ ਐਸ਼ਪ੍ਰਸਤੀ ਵੱਲ ਦਿੰਦੇ ਹਨ। ਚੰਗੀ ਜ਼ਮੀਨ-ਜਾਇਦਾਦ ਤੇ ਪੈਸੇ ਨੇ ਅੱਜ ਦੇ ਨੌਜਵਾਨਾਂ ਨੂੰ ਫੁਕਰੇ ਬਣਾ ਕੇ, ਆਈ ਟੀ ਭਾਵ ਇਨਫਰਮੇਸ਼ਨ ਟੈਕਨਾਲੋਜੀ ਨੂੰ ਸਮਝਣ ਦੀ ਬਜਾਏ ਉਸ ਦੀ ਗਲਤ ਵਰਤੋਂ ਕਰਨ ਲਈ ਉਨਾਂ ਦੇ ਦਿਮਾਗਾਂ ਨੂੰ ਪੁੱਠੇ ਰਾਹਾਂ ਦੇ ਪਾਂਧੀ ਬਣਾ ਕੇ ਵਿੱਦਿਆ ਪੱਖੋਂ ਪਛਾੜਿਆ ਹੈ। ਇਸ ਪਛੜੇਪਨ ਨੂੰ ਦੂਰ ਕਰਨ ਲਈ ਮਾਪਿਆਂ ਨੇ ਆਪਣੇ ਪੁੱਤਾਂ ਤੇ ਐੱਨ ਆਰ ਆਈ ਦਾ ਠੱਪਾ ਲਗਾਉਣ ਲਈ ਵੱਧ ਬੈਂਡਾਂ ਵਾਲੀਆਂ ਕੁੜੀਆਂ ਤੇ ਪੱਚੀ-ਤੀਹ ਲੱਖ ਖਰਚ ਕੇ ਉਨਾਂ ਨਾਲ, ਅਸਲੀ ਜਾਂ ਨਕਲੀ ਵਿਆਹ ਕਰਕੇ, ਸਪਾਊਸ ਵੀਜ਼ੇ 'ਤੇ ਜਾਂ ਮੰਗਣੀ ਕਰਕੇ, ਕੁੜੀ ਦੀ ਪੜਾਈ ਪੂਰੀ ਹੋਣ 'ਤੇ ਪੀਆਰ ਹੋਣ ਉਪਰੰਤ ਜਾਂ ਪਹਿਲਾਂ, ਆਪਣੇ ਮੁੰਡੇ ਨੂੰ ਬਾਹਰਲੇ ਮੁਲਕ ਭੇਜਣ ਵਾਲੇ ਹੱਥਕੰਡੇ ਅਪਨਾਉਣੇ ਸ਼ੁਰੂ ਕੀਤੇ ਹਨ।

ਵੱਡੀ ਗਿਣਤੀ ਵਿੱਚ ਲੜਕੇ ਵਾਲਿਆਂ ਨੇ ਆਪ ਤਿਆਰ ਕੀਤੀ ਇਸ ਸਕੀਮ ਦਾ ਲਾਹਾ ਵੀ ਰੱਜ ਕੇ ਖੱਟਿਆ ਹੈ। ਵੱਡਿਆਂ ਘਰਾਂ ਦੇ ਕਾਕੇ ਜ਼ਮੀਨ ਅਤੇ ਪੈਸੇ ਦੇ ਫਤੂਰ ਵਿੱਚ ਪੜਾਈ ਤਾਂ ਕਰਦੇ ਨਹੀਂ, ਇਸਦੇ ਉਲਟ ਕੁੜੀਆਂ ਜ਼ਿਆਦਾ ਪਰਸੈਂਟੇਜ ਲੈ ਕੇ ਦੁਨੀਆਂ ਦੇ ਹਰ ਖੇਤਰ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਜ਼ਿਆਦਾਤਰ ਮੁੰਡੇ ਅੰਗਰੇਜ਼ੀ ਵਿੱਚ ਕਮਜ਼ੋਰ ਹੋਣ ਕਾਰਨ ਮਸਾਂ ਹੀ ਬਾਰਵੀਂ ਪਾਸ ਕਰਦੇ ਹਨ। ਅੱਗੇ ਦੀ ਪੜਾਈ ਕਰਨ ਲਈ ਤਾਂ ਉਨਾਂ ਦੀ ਬੱਸ ਹੀ ਹੋ ਜਾਂਦੀ ਹੈ। ਜੇਕਰ ਆਈਲੈਟਸ ਕਰਨ ਦੀ ਗੱਲ ਆਵੇ ਤਾਂ ਸਾਲ ਭਰ ਆਈਲੈਟਸ ਸੈਂਟਰਾਂ 'ਤੇ ਧੱਕੇ ਖਾਣ ਤੋਂ ਬਾਅਦ ਵੀ ਬਹੁਤਿਆਂ ਦੇ ਪੰਜ ਬੈਂਡ ਮਸਾਂ ਹੀ ਆਉਂਦੇ ਹਨ। ਆਈਲੈਟਸ ਇਨਾਂ ਲਈ ਹਊਆ ਬਣ ਜਾਂਦਾ ਹੈ। ਮੁਕਾਬਲੇ ਵਿੱਚ ਕੁੜੀਆਂ ਮੰਨ ਲਾ ਕੇ ਪੜਦੀਆਂ ਹਨ, ਜਿਸ ਕਰਕੇ ਆਈਲੈਟਸ ਸੈਂਟਰਾਂ ਵਾਲਿਆਂ ਦੇ ਮਸ਼ਹੂਰੀ ਵਾਲੇ ਬੋਰਡਾਂ ਉੱਪਰ ਮੁੰਡਿਆਂ ਨਾਲੋਂ ਵੱਧ ਫੋਟੋਆਂ ਕੁੜੀਆਂ ਦੀਆਂ ਹੁੰਦੀਆਂ ਹਨ। ਮੇਰੀ ਬੇਟੀ ਨੇ ਬਾਰਵੀਂ ਕਰਨ ਤੋਂ ਬਾਅਦ ਆਈਲੈਟਸ ਦਾ ਟੈਸਟ ਸਿਰਫ ਇੱਕ ਮਹੀਨੇ ਦੀ ਤਿਆਰੀ ਕਰਨ ਤੋਂ ਬਾਅਦ ਦਿੱਤਾ। ਓਵਰਆਲ ਸੱਤ ਬੈਂਡ ਆਏ। ਮੇਰੇ ਕੋਲ ਵੀ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਭੇਜਣ ਵਾਸਤੇ ਨੋਟਾਂ ਦੀ ਪੰਡ ਨਹੀਂ ਹੈ। ਪੈਸੇ ਲਾ ਕੇ ਆਪਣੇ ਮੁੰਡੇ ਨੂੰ ਵਿਦੇਸ਼ ਭੇਜਣ ਲਈ ਹਰ ਦੂਜੇ ਤੀਜੇ ਦਿਨ ਫੋਨਾਂ ਦਾ ਸਿਲਸਿਲਾ ਅੱਜ ਵੀ ਬਰਕਰਾਰ ਹੈ। ਮੇਰੀ ਬੇਟੀ ਨੇ ਆਇਲੈਟਸ ਸੈਂਟਰ 'ਤੇ ਕੋਚਿੰਗ ਦੇਣ ਦੀ ਨੌਕਰੀ ਸ਼ੁਰੂ ਕਰ ਲਈ ਹੈ ਅਤੇ ਨਾਲ-ਨਾਲ ਵਿਦੇਸ਼ ਗਏ ਮੁੰਡੇ ਕੁੜੀਆਂ ਦੀਆਂ ਅਸਾਈਨਮੈਂਟ ਬਣਾਉਣ ਦਾ ਕੰਮ ਸ਼ੁਰੂ ਕਰ ਲਿਆ ਹੈ। ਉਨਾਂ ਵਿੱਚ ਬਹੁਤੇ ਮੁੰਡਿਆਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਇਸ ਅਸਾਈਨਮੈਂਟ ਵਿੱਚ ਲਿਖਿਆ ਕੀ ਹੈ, ਤੇ ਉਹ ਉਸ ਨੂੰ ਸਬਮਿਟ ਕਰਵਾਉਣ ਲਈ ਵੀ ਮਿਨਤਾਂ ਕੱਢਦੇ ਰਹਿੰਦੇ ਹਨ। ਪੰਜਾਬੀਓ! ਅਸੀਂ ਕਰ ਕੀ ਰਹੇ ਹਾਂ? ਜਾਂ ਕਿੱਧਰ ਨੂੰ ਰਹੇ ਹਾਂ? ਜ਼ਰਾ ਸੋਚੋ! ਸਿੱਖਿਆ ਦਾ ਵਪਾਰੀਕਰਨ ਹੋਣ ਕਰਕੇ ਪੜਾਈ ਦਾ ਮਿਆਰ ਅੱਜ ਲਗਭਗ ਖਤਮ ਹੋਣ ਕੰਢੇ ਹੈ। ਕਿਸੇ ਸਮੇਂ ਪੰਜਾਬ ਦੇ ਬਾਸ਼ਿੰਦੇ ਆਪਣੇ ਬੱਚਿਆਂ ਦੀ ਉਚੇਰੀ ਸਿੱਖਿਆ ਲਈ ਇਸ ਗੱਲੋਂ ਚਿੰਤਤ ਰਹਿੰਦੇ ਸਨ ਕਿ ਮੇਰੇ ਬੱਚੇ ਨੇ ਦਸਵੀਂ ਜਾਂ ਬਾਰਵੀਂ ਕਰ ਲਈ ਹੈ, ਹੁਣ ਅੱਗੇ ਕਿਹੜੇ ਕੋਰਸ ਵਿੱਚ ਉਸ ਨੂੰ ਦਾਖਲ ਕਰਵਾਇਆ ਜਾਵੇ, ਜਿਸ ਨਾਲ ਇਹ ਆਪਣੇ ਸਾਥੀਆਂ ਨਾਲੋਂ ਵੱਧ ਜਾਣਕਾਰੀ ਨਾਲ ਤਰੱਕੀ ਕਰਕੇ ਸਾਡਾ ਹੀ ਨਹੀਂ, ਬਲਕਿ ਆਪਣੇ ਪਿੰਡ ਜਾਂ ਸ਼ਹਿਰ ਦਾ ਨਾਮ ਰੋਸ਼ਨ ਕਰ ਸਕੇ। ਇਹ ਸਲਾਹਾਂ ਸਕੂਲ ਦੇ ਟੀਚਰਾਂ ਜਾਂ ਕਾਲਜ ਦੇ ਪ੍ਰੋਫੈਸਰਾਂ ਤੋਂ ਮਾਪੇ ਆਮ ਹੀ ਲੈਂਦੇ ਦੇਖੇ ਜਾਂਦੇ ਸਨ।

ਜਿਉਂ-ਜਿਉਂ ਸਮਾਂ ਬਦਲਦਾ ਗਿਆ ਤਿਉਂ-ਤਿਉਂ ਇਹ ਰੁਝਾਨ ਵੀ ਘਟਦਾ ਗਿਆ। ਪਿਛਲੇ ਸਮੇਂ ਦੌਰਾਨ ਕੰਧਾਂ 'ਤੇ ਚੰਗੇ ਸਕੂਲਾਂ ਜਾਂ ਕਾਲਜਾਂ ਦੀਆਂ ਮਸ਼ਹੂਰੀਆਂ ਵਾਲੀਆਂ ਪੱਟੀਆਂ ਆਮ ਹੀ ਲਿਖੀਆਂ ਦਿਸਦੀਆਂ ਸਨ, ਪ੍ਰੰਤੂ ਅੱਜ ਕਿਸੇ ਪਿੰਡ, ਸ਼ਹਿਰ, ਗਲੀ-ਚੁਰਾਹੇ ਨਜ਼ਰਾਂ ਮਾਰੋ, ਸਭ ਪਾਸੇ ਆਈਲੈਟਸ ਸੈਂਟਰਾਂ ਦੀਆਂ ਮਸ਼ਹੂਰੀਆਂ ਵਾਲੇ ਬੋਰਡਾਂ ਦੀ ਭਰਮਾਰ ਹੈ। ਬੱਚਿਆਂ ਅਤੇ ਮਾਪਿਆਂ ਨੂੰ ਭਰਮਾਉਣ ਲਈ ਉਨਾਂ ਉੱਪਰ ਸੱਤ, ਅੱਠ ਜਾਂ ਨੌਂ ਬੈਂਡ ਲੈਣ ਵਾਲੇ ਬੱਚਿਆਂ ਦੀਆਂ ਫੋਟੋਆਂ ਲਾਅ ਕੇ ਆਪਣੇ ਆਪ ਨੂੰ ਦੂਜੇ ਸੈਂਟਰਾਂ ਤੋਂ ਵੱਧ ਪ੍ਰਫੈਕਟ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਤਾਂ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਆਪਣੇ ਵੱਲ ਖਿੱਚਿਆ ਜਾਵੇ। ਸਾਡੇ ਪੰਜਾਬੀ ਹਰ ਸਾਲ ਆਈਲੈਟਸ ਕੋਰਸਾਂ ਦੀ ਪ੍ਰੀਖਿਆ ਫੀਸ ਲਈ ਚਾਰ ਸੌ ਪੰਜਾਹ ਕਰੋੜ ਤੋਂ ਵੱਧ ਖਰਚਾ ਕਰ ਰਹੇ ਹਨ। ਤੇ ਤਕਰੀਬਨ ਡੇਢ ਤੋਂ ਦੋ ਲੱਖ ਮੁੰਡੇ-ਕੁੜੀਆਂ ਹਰ ਸਾਲ ਵਿਦੇਸ਼ਾਂ ਵਿੱਚ ਸਟੱਡੀ ਵੀਜ਼ੇ 'ਤੇ ਪੰਜਾਬ ਛੱਡ ਕੇ ਜਾ ਰਹੇ ਹਨ। ਉਨਾਂ ਮੁੰਡੇ-ਕੁੜੀਆਂ ਉੱਤੇ ਹਰ ਸਾਲ ਸਤਾਈ ਹਜ਼ਾਰ ਕਰੋੜ ਰੁਪਏ ਸਾਲਾਨਾ ਖਰਚੇ ਜਾ ਰਹੇ ਹਨ।

ਇਸ ਸਾਰੇ ਵਰਤਾਰੇ ਪਿਛਲੇ ਅਸਲੀ ਕਾਰਨਾਂ ਨੂੰ ਸਾਡੇ ਵੱਲੋਂ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਅੱਜ ਪੰਜਾਬ ਵਿੱਚ ਪੜਨ ਤੇ ਪੜਾਉਣ ਦਾ ਮਿਆਰ ਖਾਤਮੇ ਵੱਲ ਵਧ ਰਿਹਾ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਪੜਨ ਵਿੱਚ ਠੰਢੇ ਤੇ ਸ਼ਾਂਤ ਸੁਭਾਅ ਕਾਰਨ ਹੁਸ਼ਿਆਰ ਹੁੰਦੀਆਂ ਹਨ। ਮੁੰਡਿਆਂ ਨੂੰ ਅਜੋਕੇ ਇੰਨਫਰਮੇਸ਼ਨ ਤੇ ਟੈਕਨਾਲੋਜੀ ਦੇ ਦੌਰ ਤੇ ਨਸ਼ੇ ਨੇ ਪੜਨ ਦੇ ਕਾਬਿਲ ਹੀ ਨਹੀਂ ਛੱਡਿਆ, ਮੁੰਡੇ ਦਿਮਾਗੀ ਤੌਰ 'ਤੇ ਪਛੜ ਗਏ ਹਨ। ਹਰੇਕ ਨੂੰ ਪਤਾ ਹੈ ਕਿ ਪੰਜਾਬ ਦੀ ਨੌਜੁਆਨੀ ਖਰਾਬ ਹੋ ਰਹੀ ਹੈ। ਮਾਪਿਆਂ ਦਾ ਇੱਕੋ ਚਾਰਾ ਹੈ ਕਿ ਕਿਸੇ ਵੀ ਤਰੀਕੇ ਇਨਾਂ ਨੂੰ ਬਚਾ ਕੇ, ਪੈਦਾ ਹੋਏ ਮਾੜੇ ਹਾਲਾਤ ਵਿੱਚੋਂ ਕੱਢਿਆ ਜਾਵੇ। ਸਾਡਾ ਸਿਸਟਮ ਤਾਂ ਬਰਬਾਦ ਹੋ ਹੀ ਚੁੱਕਾ ਹੈ। ਮਾਪਿਆਂ ਦੀ ਕੋਸ਼ਿਸ਼ ਹੈ ਕਿ ਆਪਣੇ ਪੁੱਤ ਨੂੰ ਬਚਾਉਣ ਲਈ ਜ਼ਮੀਨ ਜਾਂ ਕਿਸੇ ਹੋਰ ਤਰਾਂ ਦੇ ਧਨ ਦੀ ਕੁਰਬਾਨੀ ਦੇ ਕੇ, ਕਰਜ਼ਾ ਚੱਕ ਕੇ, ਕਿਸੇ ਵੀ ਜਾਇਜ਼ ਜਾਂ ਨਜਾਇਜ਼ ਤਰੀਕੇ ਬੈਂਡਾਂ ਵਾਲੀ ਕੁੜੀ ਨਾਲ ਅਸਲੀ ਜਾਂ ਨਕਲੀ ਵਿਆਹ ਕਰਕੇ ਛੇਤੀ ਤੋਂ ਛੇਤੀ ਕੁੜੀ ਦੇ ਮੋਢਿਆਂ 'ਤੇ ਚੜਾ ਕੇ ਇਸ ਦਲਦਲ ਵਿੱਚੋਂ ਬਾਹਰ ਕੱਢ ਦੇਈਏ।

ਇਸੇ ਹੀ ਤਰੀਕੇ ਨੂੰ ਅਪਣਾ ਕੇ ਧਨੌਲਾ ਦੇ ਪਿੰਡ ਗੋਬਿੰਦਪੁਰਾ ਦੇ ਵਾਸੀ ਲਵਪ੍ਰੀਤ ਸਿੰਘ ਨੂੰ ਮਾਪਿਆਂ ਨੇ ਖੁੱਡੀ ਕਲਾਂ ਦੀ ਵਸਨੀਕ ਬੇਅੰਤ ਕੌਰ ਬਾਜਵਾ ਨਾਲ ਵਿਆਹ ਕੇ ਕੈਨੇਡਾ ਨੂੰ ਸੁਪਨਿਆਂ ਵਿੱਚ ਵਸਾਇਆ ਸੀ। ਇਸਦੇ ਨਤੀਜੇ ਪਿਛਲੇ ਦਿਨੀਂ ਭਿਆਨਕ ਨਿਕਲੇ। ਲਵਪ੍ਰੀਤ ਨਾਲ ਬੇਅੰਤ ਕੌਰ ਨੇ ਦੂਰੀਆਂ ਨੂੰ ਕਿਸੇ ਕਾਰਨ ਵਧਾ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੱਤਾ। ਅਜਿਹਾ ਸਭ ਕੁਝ ਸੋਸ਼ਲ ਮੀਡੀਆ 'ਤੇ ਦੇਖਣ ਸੁਣਨ ਨੂੰ ਮਿਲਿਆ ਹੈ। ਪ੍ਰੰਤੂ ਉਸ ਦੇ ਅਸਲ ਕਾਰਨ ਅਜੇ ਵੀ ਪੂਰੀ ਤਰਾਂ ਸਾਨੂੰ ਪਤਾ ਨਹੀਂ ਹਨ। ਸਿਰਫ ਉਨਾਂ ਦੋਨਾਂ ਦੇ ਮੋਬਾਇਲਾਂ ਦੀ ਆਪਸੀ ਚੈਟ ਨੂੰ ਪੜ ਕੇ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਖੁਦਕੁਸ਼ੀ ਤੋਂ ਪਹਿਲਾਂ ਤਾਂ ਕੋਈ ਹੋਰ ਗੱਲ ਬਾਹਰ ਨਿਕਲ ਕੇ ਨਹੀਂ ਆਈ ਸੀ। ਇਹ ਘਟਨਾ ਹੁਣ ਪੂਰੀ ਦੁਨੀਆਂ ਵਿੱਚ ਤਮਾਸ਼ਾ ਬਣ ਗਈ ਹੈ। ਅਜਿਹਾ ਕਰਕੇ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਨੂੰ ਅਸੀਂ ਭਲੀ-ਭਾਂਤ ਇਹ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿੱਤਾ ਹੈ ਕਿ ਤੁਹਾਡੇ ਮੁਲਕਾਂ ਵਿੱਚ ਆਉਣ ਲਈ ਅਸੀਂ ਭਾਵੇਂ ਵਿੱਦਿਆ ਪੱਖੋਂ ਪਛੜੇ ਹਾਂ, ਪਰ ਜੁਗਾੜ ਲਾਉਣ ਵਿੱਚ ਸਾਡਾ ਕੋਈ ਸਾਨੀ ਨਹੀਂ ਹੈ, ਜਿਸ ਨਾਲ ਉਹ ਹੁਣ ਸਾਡੇ ਇਨਾਂ ਤੌਰ-ਤਰੀਕਿਆਂ 'ਤੇ ਅੰਕੁਸ਼ ਲਗਾਉਣ ਲਈ ਉਹ ਸੋਚਣਗੇ ਜ਼ਰੂਰ।

ਮੈਨੂੰ ਲਵਪ੍ਰੀਤ ਤੇ ਬੇਅੰਤ ਦੇ ਪਰਿਵਾਰ ਨਾਲ ਹਮਦਰਦੀ ਹੈ। ਪਰ ਕਿਤੇ ਨਾ ਕਿਤੇ ਦੋਹਾਂ ਪਰਿਵਾਰਾਂ ਦੇ ਮੁਖੀਆਂ ਕੋਲੋਂ ਗਲਤੀ ਤਾਂ ਜ਼ਰੂਰ ਹੋਈ ਹੈ, ਜਿਸ ਨਾਲ ਰੱਬ ਦੀ ਦਿੱਤੀ ਅਨਮੁੱਲੀ ਦਾਤ ਸਾਥੋਂ ਸਦਾ ਲਈ ਵਿੱਛੜ ਗਈ ਹੈ। ਇਹ ਉਮਰ ਹੀ ਕੱਚੀ ਹੁੰਦੀ ਹੈ। ਇਸ ਉਮਰੇ ਵਧੀਆ ਫੈਸਲੇ ਲੈਣੇ ਔਖੇ ਹਨ। ਨੌਜਵਾਨ ਭਾਵੁਕ ਜਲਦੀ ਹੁੰਦੇ ਹਨ। ਨਤੀਜੇ ਬੇਹੱਦ ਭਿਆਨਕ ਨਿਕਲਿਆ।

ਪੰਜਾਬੀਓ ਸੰਭਲੋ! ਸਾਡੇ ਪੰਜਾਬੀਆਂ ਦੇ ਸੁਭਾਅ ਵਿੱਚ ਇਹ ਸ਼ਾਮਿਲ ਹੈ ਕਿ ਅਸੀਂ ਹਰ ਕੰਮ ਵਿੱਚ ਪਹਿਲਾ ਨੰਬਰ ਲੈਣ ਤੋਂ ਪਿੱਛੇ ਨਹੀਂ ਹਟਦੇ, ਦੇਖਿਓ ਕਿਤੇ, ਸੰਭਲ ਜਾਓ, ਜਵਾਨੀ ਨੂੰ ਬਚਾ ਲਵੋ।

ਸਾਡੇ ਇਸ ਮੋਬਾਇਲ ਨੇ ਜਿੱਥੇ ਸਾਡੀਆਂ ਦੂਰੀਆਂ ਨੂੰ ਖਤਮ ਕੀਤਾ ਹੈ, ਉੱਥੇ ਨਾਲ-ਨਾਲ ਸਾਡੀਆਂ ਸ਼ਰਮ ਹਯਾ ਦੀਆਂ ਸਾਰੀਆਂ ਕੰਧਾਂ ਨੂੰ ਢਾਹ ਕੇ ਸਾਡੀਆਂ ਬੱਚੀਆਂ ਨੂੰ ਵਿਦੇਸ਼ੀ ਕਲਚਰ ਨਾਲ ਧੁਰ ਅੰਦਰ ਤਕ ਜੋੜ ਕੇ ਮਾਪਿਆਂ ਨੂੰ ਵੀ ਵਿਚਾਰੇ ਤੇ ਮਜਬੂਰੀ ਦੇ ਪਾਤਰ ਬਣਾਇਆ ਹੈ। ਇੱਕ ਸਮਾਂ ਸੀ, ਜਦੋਂ ਸਾਡੀਆਂ ਨੂੰਹਾਂ-ਧੀਆਂ, ਸਹੁਰੇ, ਜੇਠ ਜਾਂ ਓਪਰੇ ਬੰਦਿਆਂ ਤੋਂ ਪਰਦਾ ਕਰਦੀਆਂ ਸਨ। ਉਹ ਸ਼ਰਮ ਹਯਾ ਦਾ ਪੱਲਾ ਜਾਂਦਾ-ਜਾਂਦਾ ਸਾਡੇ ਤਨ ਢਕਣ ਵਾਲੇ ਕੱਪੜੇ ਵੀ ਨਾਲ ਲੈ ਗਿਆ। ਕਿਸੇ ਘਰ ਜਾ ਵੜੋ, ਨੂੰਹ-ਧੀ ਦੀ ਪਛਾਣ ਹੀ ਖ਼ਤਮ ਹੋ ਚੁੱਕੀ ਹੈ। ਇਸੇ ਕਲਚਰ ਵਿੱਚ ਸਾਡੀਆਂ



ਬੱਚੀਆਂ ਗਲ-ਗਲ ਤਕ ਧਸ ਕੇ, ਮਾਪਿਆਂ ਤੋਂ ਬਾਹਰੀਆਂ ਹੋ ਕੇ, ਆਪਣੇ ਬੁਆਏ ਫ੍ਰੈਂਡ ਨਾਲ ਬੇਸ਼ਰਮ ਬਣ ਕੇ ਸਰੇ-ਆਮ ਘੁੰਮ ਰਹੀਆਂ ਹਨ। ਫਰੈਂਡ ਪੈਸੇ ਖਰਚ ਕੇ ਬਾਹਰ ਲਿਜਾਣ ਦੇ ਕਾਬਲ ਨਹੀਂ, ਪੈਸੇ ਖਰਚਣ ਵਾਲੇ ਨਾਲ

**ਵਿਸ਼ੇਸ਼ ਮੁੱਦਾ**

ਤਾਂ ਫਿਰ ਅਜਿਹੀ ਅਣਹੋਣੀ ਹੀ ਵਾਪਰੇਗੀ। ਅਜਿਹੇ ਸੈਂਕੜੇ ਨੌਜਵਾਨਾਂ ਵੱਲੋਂ ਇਕੱਠੇ ਹੋ ਕੇ ਮਹਿਲਾ ਕਮਿਸ਼ਨ ਪੰਜਾਬ ਅੱਗੇ ਵੀ ਗੁਹਾਰ ਲਗਾਈ ਗਈ ਹੈ। ਉਨਾਂ ਨੇ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਨਿਊਜ਼ੀਲੈਂਡ ਜਾਣ ਵਾਸਤੇ ਪੱਚੀ-ਤੀਹ ਲੱਖ ਖਰਚ ਕੇ, ਕੱਚੇ ਜਾਂ ਪੱਕੇ ਵਿਆਹ ਕੀਤੇ ਸਨ। ਹੁਣ ਜਦੋਂ ਉਹ ਕੁੜੀਆਂ ਬੰਦਿਸ਼ਾਂ ਵਾਲਾ ਘਰ ਛੱਡ ਕੇ ਪਰੀ ਲੋਕ ਵਿੱਚ ਗਈਆਂ, ਉੱਥੋਂ ਦੇ ਕਾਬਿਲ ਨਹੀਂ ਸਨ। ਉੱਥੋਂ ਦੇ ਮੌਸਮ ਤੇ ਕਾਨੂੰਨ ਨੇ ਦਿਮਾਗ ਨੂੰ ਚੱਕ ਦਿੱਤਾ। ਹੁਣ ਉਹ ਪੰਜਾਬ ਵਾਲਾ ਲਾੜੀ ਕਿੱਥੇ ਚੰਗਾ ਲਗਦਾ ਹੈ। ਨਾਲ ਦੀਆਂ ਵੀ ਇਹ ਸਮਝਾਉਂਦੀਆਂ ਕਿ ਵੇਖੀਂ ਕਿਤੇ, ਬੁੱਧੂ ਨੂੰ ਬੁਲਾ ਲਏਂ। ਇੱਥੋਂ ਦੀਆਂ ਮੌਜਾਂ ਮੁੱਕ ਜਾਣਗੀਆਂ। ਫਿਰ ਕੁੜੀ ਦਾ ਦਿਮਾਗ਼ ਸੱਤਵੇਂ ਅਸਮਾਨ 'ਤੇ ਚੜਦਾ ਹੈ। ਆਪਣੇ ਆਪ ਨੂੰ ਅੰਗਰੇਜਣ ਸਮਝਣ ਲਗਦੀ ਹੈ।

ਫਿਰ ਸੁਭਾਵਿਕ ਹੀ ਸਾਡੇ ਨੌਜੁਆਨ ਜਿਹੜੇ ਪੰਜ ਬੈਂਡ ਤੋਂ ਨਹੀਂ ਵਧਦੇ, ਹੁਣ ਪੁਲਿਸ ਥਾਣੇ ਜਾਂ ਕਚਹਿਰੀਆਂ ਦੇ ਗੇੜੇ ਕੱਢਦੇ ਹੋਏ ਨਾ ਘਰ ਦੇ ਰਹੇ ਨਾ ਘਾਟ ਦੇ। ਨਾ ਤਾਂ ਉਹ ਹੋਰ ਵਿਆਹ ਕਰਵਾ ਸਕਦੇ ਹਨ ਤੇ ਨਾ ਹੀ ਕਨੇਡਾ ਜਾ ਸਕਦੇ ਹਨ। ਮਾਪੇ ਅੱਡ ਦੁਖੀ, ਲੋਕ ਮੇਹਣੇ ਮਾਰਦੇ ਹਨ- ਆ ਗਿਆ ਕਨੇਡਾ, ਅਮਰੀਕਾ ਆਲਾ, ਫਿਰ ਅਜਿਹੇ ਹਾਦਸੇ ਵਾਪਰਨੇ ਲਾਜ਼ਮੀ ਹਨ।

ਬਾਹਰ ਜਾਣ ਸਾਰ ਕੁੜੀ ਨੂੰ ਉੱਥੋਂ ਦਾ ਮੌਸਮ ਤੇ ਕਾਨੂੰਨ ਬਹੁਤ ਖੁੱਲ ਦਿੰਦਾ ਹੈ, ਪੰਜਾਬ ਦੇ ਮੁਕਾਬਲੇ, ਮਾਂ ਪਿਓ ਦੀਆਂ ਬੰਦਿਸ਼ਾਂ ਦੀਆਂ ਜ਼ੰਜੀਰਾਂ, ਜੋ ਹਰ ਵਕਤ ਉਸ ਦੇ ਪੈਰਾਂ ਵਿੱਚ ਰਹਿੰਦੀਆਂ ਸਨ, ਦਿੱਲੀ ਹਵਾਈ ਅੱਡੇ 'ਤੇ ਹੀ ਰਹਿ ਜਾਂਦੀਆਂ ਹਨ। ਸਾਰੀਆਂ ਸ਼ਰਮਾਂ ਦੇ ਝੱਗੇ ਲਹਿ ਜਾਂਦੇ ਹਨ। ਹੁਣ ਕੁੜੀ ਕੋਲ ਪੜਾਈ ਦਾ ਹੁਨਰ ਵੀ ਹੈ, ਦੂਜਾ ਦੇਸ਼ ਬਹੁਤ ਵਧੀਆ ਮਿਲ ਗਿਆ ਅਤੇ ਤੀਜਾ ਲੱਗੀ ਕਾਣੀ ਕੌਡੀ ਵੀ ਨਹੀਂ। ਉਸ ਕੁੜੀ ਨੂੰ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜਿਊਣ ਦੀ ਇੱਛਾ ਪੈਦਾ ਹੋ ਜਾਂਦੀ ਹੈ। ਜਦੋਂ ਅਜਿਹੀ ਪੁਜੀਸ਼ਨ ਬਣ ਜਾਂਦੀ ਹੈ ਉਦੋਂ ਸੌਦੇ-ਸੂਦੇ ਕਿਹਦੇ ਯਾਦ ਰਹਿੰਦੇ ਹਨ। ਸਭ ਕੌਲ ਕਰਾਰ ਭੁੱਲ ਜਾਂਦੇ ਹਨ, ਫਿਰ ਤਾਂ ਉਸ ਦੀ ਇਹ ਮਾਨਸਿਕਤਾ ਹੁੰਦੀ ਹੈ, ਮਾਂ ਪਿਉ ਵੀ ਖਾਣ ਖਸਮਾ ਨੂੰ। ਉਦੋਂ ਜਿਨਾਂ ਦਾ ਪੈਸਾ ਦਾਅ 'ਤੇ ਲੱਗਾ ਹੁੰਦਾ ਹੈ ਤੇ ਕੁੜੀ ਦੇ ਮਾਂ ਪਿਓ, ਦੋਨੋਂ ਹੀ ਨਿਰਾਸ਼ ਹੁੰਦੇ ਹਨ। ਪੰਜਾਬੀਓ! ਸੋਚੋ ਬਈ, ਇਹ ਕਲਚਰ ਅਸੀਂ ਆਪਣੇ ਹੱਥੀਂ ਆਪ ਹੀ ਪੈਦਾ ਕੀਤਾ ਹੈ। ਅਜਿਹਾ ਨਹੀਂ ਕਿ ਸਾਰੀਆਂ ਕੁੜੀਆਂ ਹੀ ਇਸੇ ਤਰਾਂ ਦੀਆਂ ਹਨ। ਭਾਵ ਇੱਕ ਲਿੱਬੜੀ ਮੱਝ ਸਾਰੀਆਂ ਨੂੰ ਲਿਬੇੜ ਦਿੰਦੀ ਹੈ। ਅੱਜ ਦੋਨੋਂ ਪਰਿਵਾਰਾਂ ਨੂੰ ਸਾਡੀ ਹਮਦਰਦੀ ਦੀ ਲੋੜ ਹੈ ਜੇਕਰ ਇੱਕ ਉਂਗਲ ਅਸੀਂ ਕਿਸੇ ਵੱਲ ਕਰਦੇ ਹਾਂ ਤਾਂ ਬਾਕੀ ਦੀਆਂ ਤਿੰਨ ਸਾਡੇ ਵੱਲ ਹੁੰਦੀਆਂ ਹਨ। ਅੱਜ ਤੋਂ ਪਿਛਲੇ ਪੰਦਰਾਂ ਸਾਲਾਂ ਵਾਲੇ ਸਮੇਂ ਵੱਲ ਜੇਕਰ ਨਜ਼ਰ ਮਾਰੀਏ ਤਾਂ ਉਦੋਂ ਸਾਡੇ ਪੰਜਾਬੀ ਮੁੰਡੇ ਜੋ ਬਾਹਰਲੇ ਮੁਲਕਾਂ ਵਿੱਚ ਪੱਕੇ ਸਨ, ਉਨਾਂ ਨੇ ਇੱਕ ਵਿਆਹ ਉੱਥੇ ਕਰਵਾ ਰੱਖਿਆ ਸੀ ਤੇ ਇੱਕ ਜਾਂ ਦੋ ਵਿਆਹ ਪੰਜਾਬ ਕਰਵਾ ਕੇ, ਫਿਰ ਕਦੇ ਵੀ ਇਨਾਂ ਪੰਜਾਬ ਵਿੱਚਲੀਆਂ ਲੜਕੀਆਂ ਨੂੰ ਨਾਲ ਲੈ ਕੇ ਨਹੀਂ ਗਏ। ਉਹ ਉਡੀਕਦੀਆਂ ਬੁੱਢੀਆਂ ਹੋ ਗਈਆਂ। ਹਰ ਦੂਜੇ ਤੀਜੇ ਸਾਲ ਪੰਜਾਬ ਆ ਕੇ ਉਨਾਂ ਨਾਲ ਰਾਤਾਂ ਨੂੰ ਰੰਗੀਨ ਬਣਾ ਕੇ, ਲਾਰਿਆਂ ਦੇ ਛਣਕਣੇ ਫੜਾ ਜਾਂਦੇ ਸੀ। ਉਨਾਂ ਨੂੰ ਨੱਥ ਪਾਉਣ ਵਾਲਾ ਉਦੋਂ ਕੋਈ ਨਹੀਂ ਸੀ। ਅੱਜ ਬੇਅੰਤ ਕੌਰ ਦੀ ਮਿੱਟੀ ਪੱਟਣ ਲਈ, ਇੱਥੋਂ ਤਕ ਕਿ ਉਸਦੀ ਮਾਂ ਨੂੰ ਵੀ ਲੋਕ ਪਤਾ ਨਹੀਂ ਕੀ ਕੁਝ ਕਹਿ ਕੇ ਆਪਣੀ ਭੜਾਸ ਕੱਢ ਰਹੇ ਹਨ। ਕਦੇ ਅਸੀਂ ਅਜਿਹਾ ਕਰਨ ਤੋਂ ਪਹਿਲਾਂ ਆਪਣੀ ਪੀੜੀ ਥੱਲੇ ਸੋਟਾ ਫੇਰਿਆ ਹੈ।

ਕਿਸੇ ਦੇ ਘਰ ਲੱਗੀ ਅੱਗ ਨੂੰ ਅੱਜ ਅਸੀਂ ਬਸੰਤਰ ਸਮਝ ਰਹੇ ਹਾਂ, ਕੱਲ ਨੂੰ ਕਿਤੇ ਸਾਡੇ ਘਰ ਨਾ ਆ ਜਾਵੇ। ਉਹ ਪੁਰਾਣੇ ਸਮੇਂ ਯਾਦ ਕਰੋ ਜਦ ਪਿੰਡ ਦੀ ਨੂੰਹ-ਧੀ ਨੂੰ ਸਾਰਾ ਪਿੰਡ ਆਪਣੀ ਨੂੰਹ, ਧੀ ਸਮਝਦਾ ਸੀ। ਪਰ ਅੱਜ ਖਿੱਲੀ ਉਡਾਈ ਜਾਂਦੀ ਹੈ।

ਇਹ ਸੌਦੇਬਾਜ਼ੀਆਂ ਅਸੀਂ ਪਹਿਲਾਂ ਸਭ ਕੁਝ ਜਾਣਦੇ ਬੁੱਝਦੇ ਹੋਏ ਕਰਕੇ, ਆਪਣੇ ਆਪ ਨੂੰ ਕਨੇਡਾ ਵਾਸੀ ਸਮਝ ਕੇ ਕਰਦੇ ਹਾਂ। ਸਾਡੇ ਕੋਲ ਪੈਸਾ ਹੈ ਤੇ ਮੁੰਡਾ ਨਿਖੱਟੂ ਹੈ, ਅਗਲਿਆਂ ਕੋਲ ਕੁੜੀ ਪੜੀ-ਲਿਖੀ ਤੇ ਹੁਨਰਮੰਦ ਹੈ। ਸਾਡੇ ਨੌਜੁਆਨਾਂ ਨੂੰ ਨਿਖੱਟੂ ਸਾਡੇ ਕਲਚਰ ਨੇ ਬਣਾਇਆ ਹੈ। ਟੈਲੀਵਿਜ਼ਨ ਅਤੇ ਯੂ-ਟਿਊਬ ਦੇ ਚੈਨਲਾਂ ਅਤੇ ਸਾਡੇ ਮਹਾਨ ਗਾਇਕਾਂ, ਜਿਨਾਂ ਨੂੰ ਸਾਡੀ ਨੌਜੁਆਨੀ ਆਪਣਾ ਮਾਰਗ ਦਰਸ਼ਕ ਸਮਝਦੀ ਹੈ, ਦੇ ਗਾਣਿਆਂ ਵਿੱਚ ਜੱਟ ਹਥਿਆਰਾਂ ਦਾ ਸ਼ੌਕੀ, ਕਤਲ, ਨਸ਼ੇ, ਪੇਸ਼ੀ ਪਤਾ ਨਹੀਂ ਕਿੱਥੇ ਪੈਂਦੀ ਹੈ, ਸੁਣਦੇ ਤੇ ਵੇਖਦੇ ਹਨ। ਫਿਰ ਅਸੀਂ ਆਸਾਂ ਲਾਈ ਬੈਠੇ ਹਾਂ ਕਿ ਸਾਡਾ ਕਾਕਾ ਅੱਠ ਬੈਂਡ ਲੈ ਕੇ ਕਨੇਡਾ ਜਾਊਗਾ। ਇਹ ਹੋ ਹੀ ਨਹੀਂ ਸਕਦਾ। ਸੂਝਵਾਨ ਲੋਕਾਂ ਨੂੰ ਇਹ ਸਿਸਟਮ ਨੂੰ ਸਹੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਹੀਂ ਤਾਂ ਇਹ ਬੇਅੰਤ ਕੌਰ ਜਾਂ ਲਵਪ੍ਰੀਤ ਇਕੱਲੇ ਨਹੀਂ ਹਨ, ਇਸ ਤਰਾਂ ਦੇ ਹਜ਼ਾਰਾਂ ਕੇਸ ਹਨ।

ਅੱਜ ਤੋਂ ਤਕਰੀਬਨ ਸੱਤਰ-ਅੱਸੀ ਸਾਲ ਪਹਿਲਾਂ ਕੁੜੀਆਂ ਦੇ ਰਿਸ਼ਤੇ ਲਈ ਮੁੰਡੇ ਵਾਲਿਆਂ ਤੋਂ ਪੈਸੇ ਲਏ ਜਾਂਦੇ ਸਨ, ਜਿਸ ਨੂੰ ਉੱਖਲੀ ਭਰਾਉਣ ਜਾਂ ਚਾਦਰ ਵਿਛਾ ਲਈ ਦੇ ਨਾਮ ਜਾਣਿਆ ਜਾਂਦਾ ਸੀ। ਸਮਾਂ ਪਾ ਕੇ ਇਹ ਰੀਤ ਬੰਦ ਹੋ ਗਈ ਸੀ ਕਿਉਂਕਿ ਲੋਕਾਂ ਵਿੱਚ ਜਾਗ੍ਰਿਤੀ ਆਉਣ ਕਰਕੇ ਤੇ ਕਮਾਈ ਦੇ ਸਾਧਨ ਵਧਣ ਨਾਲ ਲੋਕ ਤਰੱਕੀ ਕਰ ਕੇ ਉਸ ਨੂੰ ਬੁਰਾ ਸਮਝਣ ਲੱਗੇ ਸਨ। ਫਿਰ ਇੱਕ ਸਮਾਂ ਅਜਿਹਾ ਆਇਆ ਕਿ ਮੁੰਡੇ ਵਾਲਿਆਂ ਨੇ ਦਾਜ ਦੇ ਨਾਲ-ਨਾਲ ਮਹਿੰਗੀਆਂ ਕਾਰਾਂ ਤੇ ਲੱਖਾਂ ਦੇ ਹਿਸਾਬ ਨਾਲ ਨਗਦੀ ਲੈਣੀ ਸ਼ੁਰੂ ਕਰ ਦਿੱਤੀ। ਕੁਦਰਤ ਬਲਵਾਨ ਹੈ ਹਰ ਚੀਜ਼ ਵਿੱਚ ਬਦਲਾਅ ਹੁੰਦਾ ਹੈ। ਅੱਜ ਫਿਰ ਦੁਬਾਰਾ ਕੁੜੀ ਵਾਲਿਆਂ ਵੱਲੋਂ ਆਪਣੀਆਂ ਲਾਡਲੀਆਂ ਧੀਆਂ ਨੂੰ ਬੈਂਡਾਂ ਵਾਲੇ ਸਿਸਟਮ ਨਾਲ ਮੁੰਡੇ ਨੂੰ ਕੈਨੇਡਾ, ਅਮਰੀਕਾ ਪਹੁੰਚਾਉਣ ਲਈ, ਪੱਚੀ-ਤੀਹ ਲੱਖ ਵਿੱਚ ਵੇਚਣ ਵਾਲੇ ਪੰਜਾਬੀਆਂ ਵੱਲੋਂ ਸ਼ੁਰੂ ਕਰਕੇ ਇਸ ਨੂੰ ਧੰਦੇ ਦੇ ਰੂਪ ਵਿੱਚ ਆਪਣਾ ਲਿਆ ਹੈ ਜੋ ਕਿ ਸਾਡੀਆਂ ਜ਼ਮੀਰਾਂ 'ਤੇ ਸਵਾਲੀਆ ਨਿਸ਼ਾਨ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਨੂੰ ਬੰਦ ਕਰਕੇ ਹਰੇਕ ਬੱਚੇ ਦੀ ਪੜਾਈ ਲਈ ਆਪਣੇ ਤੌਰ 'ਤੇ ਪਹਿਲੀ ਕਲਾਸ ਤੋਂ ਹੀ ਵਿਦੇਸ਼ ਵਿੱਚ ਪੜਨ ਲਈ ਕਾਨੂੰਨ ਬਣਾਵੇ ਕਿਉਂਕਿ ਆਖਰ ਬਾਰਵੀਂ ਤੋਂ ਬਾਅਦ ਵਿੱਚ ਵੀ ਤਾਂ ਤੀਹ ਲੱਖ ਲਾ ਕੇ ਜਦ ਬੱਚੇ ਨੇ ਵਿਦੇਸ਼ ਜਾ ਕੇ ਹੀ ਪੱਕੇ ਤੌਰ 'ਤੇ ਰਹਿਣਾ ਹੈ ਤਾਂ ਫਿਰ ਇਹ ਸਾਲਾਨਾ ਆਈਲੈਟਸ ਅਤੇ ਸਟੱਡੀ ਵੀਜ਼ੇ 'ਤੇ ਖਰਚੇ ਜਾਣ ਵਾਲੇ ਅਠਾਈ ਸੌ ਕਰੋੜ ਰੁਪਏ ਤਾਂ ਬਚਣਗੇ। ਜੇਕਰ ਸਰਕਾਰ ਅਜਿਹਾ ਨਹੀਂ ਕਰ ਸਕਦੀ ਤਾਂ ਸਰਕਾਰ ਪੰਜਾਬ ਦੇ ਲੋਕਾਂ ਦੇ ਪ੍ਰਵਾਸ ਨੂੰ ਰੋਕਣ ਲਈ, ਨੌਕਰੀਆਂ, ਸਰਕਾਰੀ ਸਿਹਤ ਸਹੂਲਤਾਂ ਸਭ ਲਈ ਇੱਕੋ ਜਿਹੀਆਂ, ਸਰਕਾਰੀ ਪੜਾਈ ਸਭ ਲਈ ਇੱਕੋ ਜਿਹੀ, ਸ਼ੁੱਧ ਪੀਣ ਵਾਲਾ ਪਾਣੀ ਤੇ ਸ਼ੁੱਧ ਹਵਾ ਦਾ ਯੋਗ ਪ੍ਰਬੰਧ ਕਰੇ। ਨਹੀਂ ਤਾਂ ਲੋਕਾਂ ਨੇ ਇਸ ਦਿਨੋਂ-ਦਿਨ ਵਿਗੜਦੇ ਜਾ ਰਹੇ ਨਿਜ਼ਾਮ ਤੋਂ ਖਹਿੜਾ ਛੁਡਾਉਣ ਲਈ ਵਿਦੇਸ਼ ਜਾਣ ਵਾਲਾ ਰਾਹ ਤਾਂ ਚੁਣ ਹੀ ਲਿਆ ਹੈ, ਜਿਸ ਵਿੱਚ ਸਰਕਾਰ ਨੇ ਅੰਦਰਖਾਤੇ ਸਹਿਮਤੀ ਦਿੱਤੀ ਹੀ ਹੋਈ ਹੈ।

ਖ਼ੈਰ, ਜੇਕਰ ਅਸੀਂ ਵਿਦੇਸ਼ ਜਾਣ ਵਾਲੇ ਸੁਭਾਅ ਨੂੰ ਨਾ ਬਦਲਿਆ ਤਾਂ ਪੰਜਾਬੀਓ ਯਾਦ ਰੱਖਿਓ, ਸਾਡੀਆਂ ਇਹ ਜ਼ਮੀਨਾਂ ਜੋ ਅਸੀਂ ਸੱਠ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ 'ਤੇ ਦਿੰਦੇ ਹਾਂ, ਇਨਾਂ ਨੂੰ ਬੰਜਰ ਹੁੰਦਿਆਂ ਦੇਰ ਨਹੀਂ ਲੱਗਣੀ। ਕਿਉਂਕਿ ਜਦ ਕੋਈ ਵਾਹੁਣ ਵਾਲਾ ਹੀ ਨਾ ਰਿਹਾ ਤਾਂ ਕੌਣ ਠੇਕੇ 'ਤੇ ਲਵੇਗਾ।

ਬਾਕੀ ਸਫ਼ਾ 30 'ਤੇ

# ਅਫ਼ਗਾਨਿਸਤਾਨ ਤਬਾਹੀ ਦੇ ਕੰਢੇ ’ਤੇ



**ਬ੍ਰਹਮ ਚੇਲਾਨੀ**

ਅਫ਼ਗਾਨਿਸਤਾਨ ’ਚੋਂ ਨਿਕਲਣ ਦੀ ਢਿੱਲੀ ਅਮਰੀਕੀ ਯੋਜਨਾ ਤੇ ਜਲਦਬਾਜ਼ੀ ਨੇ ਅਫ਼ਗਾਨਿਸਤਾਨ ਨੂੰ ਤਬਾਹੀ ਦੇ ਕੰਢੇ ’ਤੇ ਲਿਆ ਖੜ੍ਹਾ ਕੀਤਾ ਹੈ। ਜਦੋਂ ਤਾਲਿਬਾਨ ਕਾਬੁਲ ਦੇ ਆਸਪਾਸ ਤੇਜ਼ੀ ਨਾਲ ਆਪਣਾ ਕਬਜ਼ਾ ਕਰ ਰਿਹਾ ਹੈ, ਉਦੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਵਾਪਸੀ ਦੇ ਇਸ ਕਦਮ ਨੂੰ ਤਰਕਸੰਗਤ ਠਹਿਰਾ ਰਹੇ ਹਨ। ਇਸ ’ਚ ਅਫ਼ਗਾਨੀਆਂ ਲਈ ਤਬਾਹੀ ਦੇ ਸੰਕੇਤ ਹੀ ਛਿਪੇ ਹਨ। ਇਸ ਨਾਲ ਅਮਰੀਕਾ ਪ੍ਰਤੀ ਆਲਮੀ ਭਰੋਸਾ ਵੀ ਘਟੇਗਾ। ਬਾਈਡਨ ਨੇ ਆਪਣੇ ਮੁੱਖ ਫ਼ੌਜੀ ਕਮਾਂਡਰ ਦੀ ਸਲਾਹ ਨੂੰ ਵੀ ਦਰਕਿਨਾਰ ਕਰਦਿਆਂ ਅਫ਼ਗਾਨਿਸਤਾਨ ’ਚੋਂ ਅਮਰੀਕੀ ਫ਼ੌਜਾਂ ਦੀ ਵਾਪਸੀ ’ਤੇ ਮੋਹਰ ਲਾਈ। ਇਹ ਇਕ ਅਜਿਹੇ ਫ਼ੈਸਲੇ ਦਾ ਪ੍ਰਤੀਕ ਬਣਿਆ, ਜਿਸ ’ਚ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਫ਼ੌਜ ਇਕ ਅੱਤਵਾਦੀ ਮਿਲਸ਼ੀਆ ਹੱਥੋਂ ਹਾਰ ਗਈ। ਤਾਲਿਬਾਨ ਅਫ਼ਗਾਨਿਸਤਾਨ ’ਚੋਂ ਅਮਰੀਕਾ ਨੂੰ ਬੇਦਖ਼ਲ ਕਰਨ ਦੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਦੀ ਕਗਾਰ ’ਤੇ ਹੈ। ਇਸ ਦਾ ਅਸਰ ਅਫ਼ਗਾਨਿਸਤਾਨ ਤੋਂ ਪਰਾਂ ਵੀ ਦਿਸੇਗਾ। ਅਮਰੀਕੀ ਸ਼ਕਤੀ ਦੇ ਪਤਨ ਵੱਲ ਸੰਕੇਤ ਕਰਨ ਵਾਲਾ ਇਹ ਘਟਨਾਕ੍ਰਮ ਆਲਮੀ ਜਿਹਾਦੀ ਮੁਹਿੰਮ ਦਾ ਹੌਸਲਾ ਵਧਾਉਣ ਦਾ ਕੰਮ ਕਰੇਗਾ।

ਬਾਈਡਨ ਨੇ ਠੀਕ ਹੀ ਕਿਹਾ ਕਿ ਅਮਰੀਕਾ ਅਫ਼ਗਾਨਿਸਤਾਨ ’ਚ ਰਾਸ਼ਟਰ ਨਿਰਮਾਣ ਲਈ ਨਹੀਂ ਗਿਆ ਸੀ। ਉਹ ਤਾਂ ਅਸਲ ’ਚ 11 ਸਤੰਬਰ 2001 ਨੂੰ ਅਮਰੀਕਾ ’ਚ ਹੋਏ ਜਿਹਾਦੀ ਹਮਲੇ ਦਾ ਬਦਲਾ ਲੈਣ ਲਈ ਹੀ ਉੱਥੇ ਵੜਿਆ ਸੀ। ਇਸ ਦੇਸ਼ ’ਚ ਹਾਈਵੇ, ਹਸਪਤਾਲ, ਬੰਨ ਤੇ ਸੰਸਦ ਬਣਾਉਣ ਦਾ ਜ਼ਿੰਮਾ ਭਾਰਤ ਜਿਹੇ ਦੇਸ਼ਾਂ ਦਾ ਰਹਿ ਗਿਆ। ਭਾਵੇਂ ਹੀ ਅਮਰੀਕੀ ਫ਼ੌਜੀ 31 ਅਗਸਤ ਤਕ ਅਫ਼ਗਾਨਿਸਤਾਨ ਤੋਂ ਵਾਪਸੀ ਕਰਨ ਪਰ ਇਹ ਸਿਲਸਿਲਾ ਤਾਂ ਪਹਿਲੀ ਜੁਲਾਈ ਤੋਂ ਉਦੋਂ ਹੀ ਸ਼ੁਰੂ ਹੋ ਗਿਆ, ਜਦੋਂ ਅਮਰੀਕਾ ਨੇ ਉੱਥੇ ਆਪਣੇ ਆਖ਼ਰੀ ਏਅਰਬੇਸ ਬਗਰਾਮ ’ਚ ਬਿਜਲੀ ਸਪਲਾਈ ਬੰਦ ਕਰ ਕੇ ਰਾਤੋ-ਰਾਤ ਆਪਣਾ ਬੋਰੀਆ ਬਿਸਤਰ ਬੰਨ ਲਿਆ। ਇਹ ਏਅਰਬੇਸ ਅਮਰੀਕੀ ਯੁੱਧ ਦਾ ਕੇਂਦਰ ਬਿੰਦੂ ਰਿਹਾ। ਇਸ ਨਾਲ ਸੁਰੱਖਿਆ ਢਾਂਚਾ ਜਰਜਰ ਹਾਲਤ ’ਚ ਹੋ ਗਿਆ। ਅਫ਼ਗਾਨ ਸੁਰੱਖਿਆ ਬਲ ਇੱਥੇ ਪਹੁੰਚ ਕੇ ਸਥਿਤੀ ਆਪਣੇ ਕੰਟਰੋਲ ’ਚ ਲੈਂਦੇ, ਇਸ ਤੋਂ ਪਹਿਲਾਂ ਹੀ ਲੁਟੇਰੇ ਲੁੱਟ-ਖਸੁੱਟ ਕਰ ਕੇ ਚਲੇ ਗਏ। ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਵਾਪਸੀ ਨੇ ਵੀਅਤਨਾਮ ਦੀ ਯਾਦ ਦਿਵਾ ਦਿੱਤੀ ਹੈ। ਅਮਰੀਕਾ ਉਸ ਯੁੱਧ ਨੂੰ ਵੀ ਅੱਧਾ-ਅਧੂਰਾ ਛੱਡ ਕੇ ਭੱਜ ਨਿਕਲਿਆ ਸੀ। ਜਿਵੇਂ ਅਮਰੀਕਾ ਨੇ ਦੱਖਣੀ ਵੀਅਤਨਾਮ ’ਚ ਆਪਣੇ ਸਾਥੀਆਂ ਨੂੰ ਉਨ੍ਹਾਂ ਦੇ ਹਾਲ ’ਤੇ ਛੱਡ ਦਿੱਤਾ ਸੀ, ਉਸੇ ਤਰਾਂ ਇਹ ਵਾਪਸੀ ਅਫ਼ਗਾਨੀਆਂ ਨੂੰ ਭਿਆਨਕ ਇਸਲਾਮਿਕ ਤਾਕਤਾਂ ਦੀ ਗ਼ੁਲਾਮ ਬਣਾ ਕੇ ਛੱਡ ਦੇਵੇਗੀ।

ਬਾਈਡਨ ਨੇ ਅਫ਼ਗਾਨਿਸਤਾਨ ਤੋਂ ਵਾਪਸੀ ਨੂੰ ਵਾਜਬ ਦੱਸਦਿਆਂ ਕਿਹਾ ਕਿ ਆਖ਼ਰ ਅਮਰੀਕਾ ਦੀਆਂ ਕਿੰਨੀਆਂ ਸੰਤਾਨਾਂ ਦੇ ਜੀਵਨ ਨੂੰ ਜੋਖਮ ’ਚ ਪਾਵੋਗੇ? ਉਨ੍ਹਾਂ ਦੀ ਇਹ ਭਰਮਾਊ ਟਿੱਪਣੀ ਤੱਥਾਂ ਨੂੰ ਭਟਕਾ ਰਹੀ ਹੈ। ਪਹਿਲੀ ਜਨਵਰੀ, 2015 ਨੂੰ ਜਦੋਂ ਅਫ਼ਗਾਨਿਸਤਾਨ ’ਚ ਅਮਰੀਕਾ ਦੀ ਫ਼ੌਜੀ ਭੂਮਿਕਾ ਖ਼ਤਮ ਹੋਈ, ਉਦੋਂ ਤੋਂ ਉਸ ਦੀ ਤਪਸ਼ ਅਫ਼ਗਾਨੀ ਸੁਰੱਖਿਆ ਬਲਾਂ ਨੂੰ ਹੀ ਝੱਲਣੀ ਪਈ ਹੈ। ਇਨ੍ਹਾਂ ਸਾਲਾਂ ਦੌਰਾਨ ਅਮਰੀਕਾ ਦੇ 99 ਜਵਾਨ ਮਾਰੇ ਗਏ ਜਦਕਿ ਅਫ਼ਗਾਨ ਸੁਰੱਖਿਆ ਬਲਾਂ ਦੇ 28,000 ਫ਼ੌਜੀਆਂ ਨੂੰ ਆਪਣੀ ਜਾਨ ਗੁਆਉਣੀ ਪਈ।

**ਤਾਲਿਬਾਨ ਦੀ ਤਾਕਤ**

ਅਮਰੀਕਾ ਦੀ ਆਪਣੇ ਸਭ ਤੋਂ ਲੰਬੇ ਯੁੱਧ ਦੀ ਸਮਾਪਤੀ ਤਾਂ ਤਰਕਮਈ ਹੈ ਪਰ ਇਸ ਕੀਮਤ ’ਤੇ ਨਹੀਂ ਕਿ ਅਜਿਹੇ ਜਿਹਾਦੀ ਸਮੂਹ ਨਾਲ ਸੌਦੇਬਾਜ਼ੀ ਕਰਨੀ ਪਵੇ, ਜਿਸ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਨੇ ਪੈਦਾ ਕੀਤਾ ਤੇ ਅੱਜ ਵੀ ਉਸ ਦਾ ਪਾਲਣ-ਪੋਸ਼ਣ ਕਰ ਰਹੀ ਹੈ। 1996 ਤੋਂ 2001 ਦਰਮਿਆਨ ਤਾਲਿਬਾਨ ਦਾ ਸ਼ਾਸਨ ਕਰੂਰਤਾਂ ਦੀਆਂ ਹੱਦਾਂ ਪਾਰ ਕਰਨ ਵਾਲਾ ਰਿਹਾ, ਜਿਸ ਵਿਚ ਇਤਿਹਾਸਕ ਤੇ ਸੱਭਿਆਚਾਰਕ ਪ੍ਰਤੀਕਾਂ ਦੀ ਤਬਾਹੀ ਵੀ ਸ਼ਾਮਲ ਸੀ। ਉਸ ਨੇ 1975-79 ਦੌਰਾਨ ਕੰਬੋਡੀਆ ’ਚ ਚੀਨ ਸਮਰਥਿਤ ਕਮਿਊਨਿਸਟ ਸ਼ਾਸਨ ਦੀ ਭਿਆਨਕਤਾ ਦੀ ਹੀ ਯਾਦ ਦਿਵਾਈ। ਪਿਛਲੇ ਸਾਲ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਤਾਲਿਬਾਨ ਨਾਲ ਕੀਤਾ ਗਿਆ ਸਮਝੌਤਾ ਅਤੇ ਹੁਣ ਬਾਈਡਨ ਵੱਲੋਂ ਇਸ ’ਤੇ ਅਮਲ ਇਕ ਇਤਿਹਾਸਕ ਗ਼ਲਤੀ ਵਜੋਂ ਗਿਣਿਆ ਜਾਵੇਗਾ। ਅਮਰੀਕਾ ਦੁਨੀਆ ਦੇ ਸਭ ਤੋਂ ਖ਼ਤਰਨਾਕ ਜਿਹਾਦੀਆਂ ਨਾਲ ਸਮਝੌਤਾ ਕੀਤੇ ਬਗ਼ੈਰ ਤੇ ਅਫ਼ਗਾਨਿਸਤਾਨ ਦੀ ਖੇਤਰੀ ਸੁਰੱਖਿਆ ਨੂੰ ਖ਼ਤਰੇ ’ਚ ਪਾਏ ਬਿਨਾਂ ਵੀ ਅਫ਼ਗਾਨਿਸਤਾਨ ’ਚੋਂ ਵਿਦਾਈ ਲੈ ਸਕਦਾ ਸੀ। ਬਾਈਡਨ ਨੇ ਟਰੰਪ ਦੇ ਤਮਾਮ ਫ਼ੈਸਲਿਆਂ ਨੂੰ ਪਲਟਣ ’ਚ ਜ਼ਰਾ ਵੀ ਦੇਰੀ ਨਹੀਂ ਕੀਤੀ ਪਰ ਅਫ਼ਗਾਨਿਸਤਾਨ ਦੇ ਮਾਮਲੇ ’ਚ ਉਨ੍ਹਾਂ ਨੇ ਟਰੰਪ ਦਾ ਰੁਖ਼ ਹੀ ਅਖ਼ਤਿਆਰ ਕੀਤਾ। ਇਸ ਤੋਂ ਵੀ ਬਦਤਰ ਗੱਲ ਇਹ ਹੈ ਕਿ ਬਾਈਡਨ ਦੀ ਜਲਦਬਾਜ਼ੀ ਨੇ ਜ਼ਮੀਨੀ ਹਾਲਾਤ ਤੇਜ਼ੀ ਨਾਲ ਬਦਲ ਕੇ ਹਾਰ ਦਾ ਦੁਆਰ ਖੋਲ ਦਿੱਤਾ ਹੈ। ਅਫ਼ਗਾਨਿਸਤਾਨ ’ਚ ਬਦਲਦੀਆਂ ਸਥਿਤੀਆਂ ਦੇ ਡੂੰਘੇ ਅਰਥ ਹਨ। ਇਸ ਨਾਲ ਉੱਥੇ ਭਾਰਤ ਖ਼ਿਲਾਫ਼ ਨਵਾਂ ਅੱਤਵਾਦੀ ਮੋਰਚਾ ਖੜ੍ਹਾ ਹੋ ਸਕਦਾ ਹੈ, ਜਿਸ ਨਾਲ ਭਾਰਤ ਦਾ ਧਿਆਨ ਚੀਨ ਤੋਂ ਭਟਕ ਸਕਦਾ ਹੈ, ਜੋ ਉਸ ਨੂੰ ਸਰਹੱਦ ’ਤੇ ਪਰੇਸ਼ਾਨ ਕਰ ਰਿਹਾ ਹੈ। ਇਹ ਖ਼ਦਸ਼ਾ ਵੀ ਹੈ ਕਿ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਅਫ਼ਗਾਨਿਸਤਾਨ ਦੀ ਧਰਤੀ ਤੋਂ ਭਾਰਤ ਖ਼ਿਲਾਫ਼ ਅੱਤਵਾਦੀ ਗਤੀਵਿਧੀਆਂ ਵਧਾ ਸਕਦੀਆਂ ਹਨ।

ਅਮਰੀਕੀ ਫ਼ੌਜ ਦੀ ਇਕ ਛੋਟੀ ਟੁਕੜੀ ਦਾ ਅਫ਼ਗਾਨਿਸਤਾਨ ’ਚ ਤਾਇਨਾਤ ਰਹਿਣਾ ਉੱਚਿਤ ਹੁੰਦਾ। ਇਸ ਨਾਲ ਨਾ ਸਿਰਫ਼ ਅਫ਼ਗਾਨ ਸੁਰੱਖਿਆ ਬਲਾਂ ਲਈ ਮਦਦ ਦਾ ਢਾਂਚਾ ਮੌਜੂਦ ਰਹਿੰਦਾ ਸਗੋਂ ਸੁਰੱਖਿਆ ਦਾ ਢਾਂਚਾ ਅਚਾਨਕ ਢਹਿਣ ਦਾ ਜੋਖਮ ਵੀ ਘੱਟ ਹੋ ਜਾਂਦਾ। ਨਾਲ ਹੀ ਜਿਹਾਦੀਆਂ ਦੀਆਂ ਐਸ਼ਗਾਹਾਂ ਦੇ ਫਿਰ ਤੋਂ ਉੱਭਰਨ ’ਤੇ ਵੀ ਰੋਕ ਲੱਗਦੀ। ਬਾਈਡਨ ਇਸ ਦੀ ਬਜਾਏ ਉਸ ਸਮਝੌਤੇ ’ਤੇ ਅਮਲ ’ਚ ਅੱਗੇ ਵਧ ਗਏ, ਜਿਸ ਦੀ ਤਾਲਿਬਾਨ ਪਹਿਲਾਂ ਤੋਂ ਹੀ ਉਲੰਘਣਾ ਕਰ ਰਿਹਾ ਹੈ। 25 ਜੂਨ ਨੂੰ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਕਹਿ ਚੁੱਕੇ ਹਨ ਕਿ ਅਫ਼ਗਾਨਿਸਤਾਨ ਦਾ ਭਵਿੱਖ ਹੁਣ ਖ਼ੁਦ ਉਸ ਦੇ ਹੱਥਾਂ ’ਚ ਹੈ। ਅਸਲ ’ਚ ਤਾਲਿਬਾਨ ਦੇ ਅੱਗੇ ਅਮਰੀਕਾ ਦੇ ਸਮਰਪਣ ਨੇ ਅਫ਼ਗਾਨਿਸਤਾਨ ’ਚ ਸ਼ਾਂਤੀ ਸਥਾਪਨਾ ਨੂੰ ਕਮਜ਼ੋਰ ਕਰਨ ਦੇ ਨਾਲ ਹੀ ਦੱਖਣੀ ਏਸ਼ੀਆ ’ਚ ਅਸਥਿਰਤਾ ਦਾ ਖ਼ਤਰਾ ਵਧਾ ਦਿੱਤਾ ਹੈ। ਜਿਵੇਂ ਕਿ ਗਨੀ ਨੇ ਕਿਹਾ, ‘ਹੁਣ ਅਮਰੀਕਾ ਦੀ ਭੂਮਿਕਾ ਘੱਟ ਹੋ ਗਈ ਹੈ ਤੇ ਸ਼ਾਂਤੀ ਜਾਂ ਅਸ਼ਾਂਤੀ ਦਾ ਸਵਾਲ ਪਾਕਿਸਤਾਨ ’ਤੇ ਨਿਰਭਰ ਕਰਦਾ ਹੈ।’

ਬਾਈਡਨ ਦੇ ਕਦਮ ਪਿੱਛੇ ਖਿੱਚਣ ਨਾਲ ਚੀਨ ਨੂੰ ਆਪਣੇ ਪਿੱਠੂ ਪਾਕਿਸਤਾਨ ਜ਼ਰੀਏ ਅਫ਼ਗਾਨਿਸਤਾਨ ’ਚ ਦਬਦਬਾ ਵਧਾਉਣ ਦਾ ਮੌਕਾ ਮਿਲੇਗਾ। ਅਫ਼ਗਾਨਿਸਤਾਨ ਦੇ ਕੁਦਰਤੀ ਵਸੀਲਿਆਂ ਤਕ ਪਹੁੰਚ ਤੇ ਬੈਲਟ ਐਂਡ ਰੋਡ ਪ੍ਰਾਜੈਕਟ ’ਚ ਉਸ ਨੂੰ ਈਰਾਨ ਤੇ ਪਾਕਿਸਤਾਨ ’ਚ ਪੁਲ ਬਣਾਉਣ ਲਈ ਚੀਨ ਤਾਲਿਬਾਨ ਨੂੰ ਉਹ ਦੋ ਪੇਸ਼ਕਸ਼ਾਂ ਕਰੇਗਾ, ਜਿਸ ਦੀ ਇਸ ਸਮੂਹ ਨੂੰ ਸ਼ਿੱਦਤ ਨਾਲ ਜ਼ਰੂਰਤ ਹੈ। ਪਹਿਲੀ ਆਲਮੀ ਮਾਨਤਾ ਤੇ ਦੂਜੀ ਆਰਥਿਕ ਮਦਦ। ਤਾਲਿਬਾਨ ਨੂੰ ਰੂਸ ਤੋਂ ਵੀ ਮਾਨਤਾ ਮਿਲਣ ਦੀ ਉਮੀਦ ਹੈ। ਇਸ ਸੂਰਤ ’ਚ ਤਾਲਿਬਾਨ ਖ਼ੁਦ ’ਚ ਸੁਧਾਰ ਕਰਨ ਦੀ ਬਜਾਏ ਆਪਣੇ ਮੱਧਕਾਲੀਨ ਤੌਰ-ਤਰੀਕਿਆਂ ਨੂੰ ਹੀ ਹੋਰ ਸਖ਼ਤੀ ਨਾਲ ਲਾਗੂ ਕਰੇਗਾ। ਤਾਲਿਬਾਨ ਵਿਆਪਕ ਆਲਮੀ ਜਿਹਾਦੀ ਮੁਹਿੰਮ ਦਾ ਹੀ ਇਕ ਹਿੱਸਾ ਹੈ। ਇਸ ਲਈ ਅਮਰੀਕਾ ਨੂੰ ਅਫ਼ਗਾਨਿਸਤਾਨ ’ਚੋਂ ਬਾਹਰ ਖਦੇੜਨ ਦੇ ਉਸ ਦੇ ਪੂਰੇ ਹੁੰਦੇ ਸੁਪਨੇ ਨਾਲ ਦੁਨੀਆ ਭਰ ’ਚ ਜਿਹਾਦੀ ਹਿੰਸਾ ਨੂੰ ਨਵੀਂ ਤਾਕਤ ਮਿਲੇਗੀ। ਅਮਰੀਕਾ ਦੇ ਸਾਬਕਾ ਰੱਖਿਆ ਮੰਤਰੀ ਰਾਬਰਟ ਗੇਟਸ ਨੇ 2014 ’ਚ ਲਿਖਿਆ ਸੀ ਕਿ ਪਿਛਲੇ ਚਾਰ ਦਹਾਕਿਆਂ ਦੌਰਾਨ ਵਿਦੇਸ਼ ਨੀਤੀ ਤੇ ਕੌਮੀ ਸੁਰੱਖਿਆ ਦੇ ਵੱਡੇ ਮਸਲਿਆਂ ’ਤੇ ਬਾਈਡਨ ਦਾ ਰੁਖ਼ ਗ਼ਲਤ ਰਿਹਾ ਹੈ। ਹੁਣ ਅਫ਼ਗਾਨਿਸਤਾਨ ’ਚ ਆਕਾਰ ਲੈਂਦੀ ਤਰਾਸਦੀ ਦੇ ਰੂਪ ’ਚ ਬਾਈਡਨ ਨੂੰ ਲੈ ਕੇ ਕੀਤੀ ਗਈ ਗੇਟਸ ਦੀ ਇਸ ਤਲਖ਼ ਟਿੱਪਣੀ ਦੀ ਪੁਸ਼ਟੀ ਹੁੰਦੀ ਦਿਸ ਰਹੀ ਹੈ।

**(ਲੇਖਕ ਆਲਮੀ ਮਸਲਿਆਂ ਦਾ ਵਿਸ਼ਲੇਸ਼ਣਕਾਰ ਹੈ।)**



# ਸ਼ਹੀਦ ਏ ਆਜ਼ਮ ਸ. ਊਧਮ ਸਿੰਘ

**31 ਜੁਲਾਈ 1940, ਸ਼ਹੀਦੀ ਦਿਵਸ ਤੇ ਵਿਸ਼ੇਸ਼**



**ਪ੍ਰਮਿੰਦਰ ਸਿੰਘ ਪ੍ਰਵਾਨਾ**
**510-415-9377**

ਸ. ਊਧਮ ਸਿੰਘ ਗ਼ਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗਦਰ ਲਹਿਰ ਹਿੰਦੁਸਤਾਨ ਦੀ ਅਜ਼ਾਦੀ ਲਈ ਅਮਰੀਕਾ ਵਿਚ ਸਰਗਰਮ ਹੋਈ। ਸਭ ਤੋਂ ਵੱਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜਾਵਾਂ ਇਸੇ ਲਹਿਰ ਹੇਠ ਹੋਈਆਂ। ਸ਼ਹਾਦਤਾਂ ਦੇ ਇਸ ਅਮੀਰ ਵਿਰਸੇ ਵਿਚ ਸਿੰਘ ਦਾ ਇਕ ਉੱਘਾ ਨਾਂ ਹੈ, ਉਸ ਨੂੰ ਲੈਫ਼ਟੀਨੈਂਟ ਗਵਰਨਰ ਪੰਜਾਬ ਮਾਇਕਲ ਫਰਾਂਸਿਸ ਓਡਵਾਇਰ ਨੂੰ ਮਾਰਨ ਤੇ ਸੰਸਾਰ ਵਿਚ ਪ੍ਰਸਿੱਧੀ ਮਿਲੀ ਜੋ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ। ਸਿੰਘ ਨੂੰ ਸ਼ਹੀਦ ਏ ਆਜ਼ਮ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਸਿੰਘ ਦਾ ਜਨਮ 25 ਦਸੰਬਰ, 1899 ਨੂੰ ਸੁਨਾਮ (ਸੰਗਰੂਰ) ਪੰਜਾਬ ਵਿਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਨ ਦਾ ਨਾਂ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪਰਿਵਾਰ ਤੋਂ ਸਨ। ਜੋ ਰੇਲਵੇ ਸੈਨਾ ਵਿਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਂ ਮੁਕਤਾ ਸਿੰਘ ਸੀ। ਸੰਨ 1901 ਵਿਚ ਉਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਨਾਂ ਦੇ ਪਿਤਾ ਜੀ ਵੀ 1907 ਵਿਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ, 1907 ਨੂੰ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਦਾਖ਼ਲ ਹੋ ਗਏ। ਉਨਾਂ ਨੂੰ ਸਿੱਖ ਧਰਮ ਦੀ ਸਿੱਖਿਆ ਮਿਲੀ। ਇੱਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਂ ਮਿਲਿਆ। ਪਰ 1917 ਵਿਚ ਵੱਡੇ ਭਰਾ ਦੀ ਮੌਤ ਹੋ ਗਈ। ਸਿੰਘ ਦੀ ਉਮਰ 17 ਕੁ ਸਾਲ ਦੀ ਸੀ ਜਦੋਂ ਉਹ ਇਕੱਲਾ ਰਹਿ ਗਿਆ। 1918 ਵਿਚ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸ ਨੇ ਯਤੀਮਖਾਨਾ ਛੱਡ ਦਿੱਤਾ। ਉਸ ਨੂੰ ਆਪਣੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇਕ ਗੰਭੀਰ ਵਿਚਾਰਾਂ ਵਾਲਾ ਬਣ ਗਿਆ।

ਅਪ੍ਰੈਲ 10, 1919 ਨੂੰ ਰੌਲਟ ਐਕਟ ਦੇ ਵਿਰੋਧ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫ਼ਤਾਰ ਹੋਏ। ਕਰਨਲ ਹੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ 'ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲਿਆਂਵਾਲਾ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫੌਜਾਂ ਨੇ ਬਾਗ ਦਾ ਇਕੋ ਇਕ ਰਸਤਾ ਬੰਦ ਕਰਕੇ ਬਿਨਾਂ ਕਿਸੇ ਚਿਤਾਵਨੀ ਦੇ ਨਿਹੱਥੇ ਲੋਕਾਂ 'ਤੇ ਉਦੋਂ ਤੱਕ ਗੋਲੀ ਚਲਾਈ ਜਦੋਂ ਤੱਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000 ਦੀ ਮੌਤ ਹੋਈ ਅਤੇ 1500 ਜ਼ਖ਼ਮੀ ਹੋਏ।

ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਨਿਭਾਅ ਰਿਹਾ ਸੀ। ਉਸ ਦੇ ਮਨ 'ਤੇ ਇਸ ਖ਼ੂਨੀ ਸਾਕੇ ਦਾ ਡੂੰਘਾ ਸਦਮਾ ਲੱਗਾ। ਉਸ ਨੇ ਪ੍ਰਣ ਕੀਤਾ ਕਿ ਉਹ ਇਸ ਖ਼ੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੋਸਤਾਨ ਦੀ ਅਜ਼ਾਦੀ ਦੀ ਲਹਿਰ ਵਿਚ ਕੁੱਦ ਪਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਫਰੀਕਾ ਵਿਚ ਗਿਆ। ਉਸ ਨੇ ਓਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਿਆਂ ਤਾਂ ਉਸ ਦੀ ਮੁਲਾਕਾਤ ਗਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿਚ ਉਹ ਗਦਰ ਲਹਿਰ ਵਿਚ ਸ਼ਾਮਲ ਹੋ ਗਿਆ। ਗਦਰ ਲਹਿਰ ਦੀਆਂ ਸਰਗਰਮੀਆਂ ਵਿਚ ਉਹ ਅਮਰੀਕਾ ਦੂਰ ਦੂਰ ਤੱਕ ਘੁੰਮਿਆ। ਗੁਪਤ ਵਿਚਰਦਿਆਂ ਉਸ ਦੇ ਨਾਂ ਸਨ, ਉਦੈ ਸਿੰਘ, ਸ਼ੇਰ ਸਿੰਘ ਤੇ ਫਰੈਂਕ ਬਰਾਜ਼ੀਲ ਆਦਿ।

ਸ. ਭਗਤ ਸਿੰਘ ਦੇ ਕਹਿਣ ਤੇ ਉਹ 1927 ਵਿਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ। ਪਰ ਉਸੇ ਸਾਲ ਨਜਾਇਜ਼ ਹਥਿਆਰ ਰੱਖਣ ਦੇ ਜ਼ੁਰਮ ਵਿਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸ ਨੂੰ ਪਤਾ ਲੱਗਾ ਕਿ ਬ੍ਰਿਗੇਡੀਅਰ ਜਨਰਲ ਡਾਇਰ ਦੀ 1927 ਵਿਚ ਬਿਟ੍ਰੇਨ ਵਿਚ ਮੌਤ ਹੋ ਗਈ। ਉਸ ਦੇ ਸਾਥੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਵੀ 23 ਮਾਰਚ, 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਾ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ। ਕਿਉਂਕਿ ਉਸ ਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸੋਸ਼ਲਿਸਟ





ਰੀਪਬਲੀਕਨ ਐਸੋਸੀਏਸ਼ਨ ਨਾਲ ਸਨ। ਉਸ ਨੇ ਮੁਹੰਮਦ ਸਿੰਘ ਅਜ਼ਾਦ ਦੇ ਨਾਂ ਤੇ ਅੰਮ੍ਰਿਤਸਰ ਫੱਟਾ ਲਿੱਪਣ ਦੀ ਦੁਕਾਨ ਕਰ ਲਈ। ਉਸ ਦਾ ਨਾਂ ਉਸ ਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈ ਸਕੇ।

ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਦਾਖ਼ਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜਰਲੈਂਡ, ਆਸਟ੍ਰੀਆ ਰਾਹੀਂ ਸੰਨ 1934 ਵਿਚ ਇੰਗਲੈਂਡ ਪਹੁੰਚਿਆ। ਜਿੱਥੇ ਉਹ **9-AIDER STREET, WHITE CHAPEL, EAST LONDON** ਵਿਖੇ ਰਿਹਾ। ਉਸ ਨੇ ਲੱਕੜੀ ਕਾਰੀਗਰੀ, ਮੋਟਰ ਮਕੈਨਿਕ ਦਾ ਕੰਮ ਕੀਤਾ। ਉਸ ਨੇ ਕਾਰ ਵੀ ਰੱਖ ਲਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਉਸ ਨੇ **Alexander Korda Films** ਵਿਚ ਜਿਵੇਂ **Elephant Bay-1937 Áå¶ Feathers** ਵਿਚ ਪਿਛਾਕੜ ਕਲਾਕਾਰ ਦੀ ਭੂਮਿਕਾ ਨਿਭਾਈ। ਮੂਲ ਰੂਪ ਵਿਚ ਉਸ ਦਾ ਅਸਲ ਨਿਸ਼ਾਨਾ ਓਡਵਾਇਰ ਨੂੰ ਮਾਰਨ ਦਾ ਰਿਹਾ। ਉਸ ਨੇ ਛੇ ਗੋਲੀਆਂ ਵਾਲਾ ਪਿਸਤੌਲ ਵੀ ਖਰੀਦ ਲਿਆ। ਉਹ ਇਕ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਕਿ ਉਸ ਨੂੰ ਭੀੜ ਵਾਲੀ ਜਗਾ ਤੇ ਮਾਰਿਆ ਜਾਵੇ, ਜਿੱਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖ਼ੂਨ ਵਹਾਉਣ ਵਾਲੇ ਨੂੰ ਮੌਤ ਦੀ ਸਜਾ ਮਿਲੀ ਹੈ। ਘਟਨਾ ਦੀ ਖ਼ਬਰ ਸੰਸਾਰ ਭਰ ਦੀਆਂ ਅਖ਼ਬਾਰਾਂ ਵਿਚ ਛਪੇ।

ਸਿੰਘ ਨੂੰ ਪਤਾ ਲੱਗਾ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੋਸਾਇਟੀ ਦੀ ਇਕ ਸਾਂਝੀ ਇਕੱਤਰਤਾ 13 ਮਾਰਚ 1940 ਨੂੰ 10-ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਓਡਵਾਇਰ ਦਾ ਭਾਸ਼ਣ ਹੈ। ਇਕੱਤਰਤਾ ਦੇ ਦਿਨ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ।, ਜਦੋਂ ਕਾਰਵਾਈ ਖਤਮ ਹੋਣ ਤੇ ਆਈ ਸਿੰਘ ਮੰਚ ਵੱਲ ਵਧਿਆ, ਉਸ ਨੇ ਦੋ ਗੋਲੀਆਂ ਓਡਵਾਇਰ ਤੇ ਦਾਗ਼ ਦਿੱਤੀਆਂ। ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸ ਨੇ ਲਾਰਡ ਜੈਟਲੈਂਡ ਸਕੱਤਰ ਸਟੇਟ ਆਫ਼ ਇੰਡੀਆ, ਲਾਰਡ ਲਿਰਿਗਿਟਨ ਅਤੇ ਸਰ ਲੂਈਸ ਡੇਨ ਅਧਿਕਾਰੀਆਂ ਨੂੰ ਜ਼ਖ਼ਮੀ ਕਰ ਦਿੱਤਾ। ਸਿੰਘ ਸ਼ਾਂਤ ਚਿੱਤ ਖੜਾ ਰਿਹਾ। ਉਸ ਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿਚ ਸਿੰਘ ਨੇ ਪੁੱਛਿਆ ਕਿ 'ਕੀ ਜੈਟਲੈਂਡ ਮਰ ਗਿਆ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਾਰਨਾ ਸੀ। ਮੈਂ ਸੁਸਤ ਹੋ ਗਿਆ ਹੋਵਾਂਗਾ। ਉਸ ਦੇ ਦੁਆਲੇ ਕਈ ਔਰਤਾਂ ਵੀ ਸਨ। 1 ਅਪ੍ਰੈਲ 1940 ਨੂੰ ਸਿੰਘ 'ਤੇ ਰਸਮੀ ਤੌਰ 'ਤੇ ਓਡਵਾਇਰ ਦੇ ਕਤਲ ਦਾ ਦੋਸ਼ ਲੱਗਾ। ਸਿੰਘ ਨੂੰ ਬਕਿਸਟਨ ਜੇਲ ਭੇਜ ਦਿੱਤਾ ਗਿਆ। ਜੇਲ ਵਿਚ ਉਹ 42 ਦਿਨ ਭੁੱਖ ਹੜਤਾਲ ਤੇ ਰਿਹਾ। ਜੂਨ 4, 1940 ਨੂੰ ਸੈਂਟਰਲ ਕ੍ਰਿਮੀਨਲ ਕੋਰਟ ਓਲਡ ਬੈਲੀ ਵਿਚ ਮੁਕੱਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ ਕਿ ਤੂੰ ਸ਼ਰੇਆਮ ਇਹ ਕਤਲ ਕਿਉਂ ਕੀਤਾ? ਸਿੰਘ ਨੇ ਬੜੀ ਦ੍ਰਿੜਤਾ ਨਾਲ ਕਿਹਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਸੀ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਅਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ। ਮੈਂ ਇਸ ਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ ਹੈ। ਮੈਂ ਆਪਣੇ ਦੇਸ਼ ਵਾਸੀਆਂ 'ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਦੇਖੇ ਹਨ। ਅੰਗਰੇਜ਼ੀ ਸਾਮਰਾਜ ਵਿਰੁਧ ਵਿਦਰੋਹ ਕਰਨਾ ਮੇਰਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਮਾਣ ਵਾਲੀ ਗੱਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ।

ਸਿੰਘ ਨੂੰ ਜੁਲਾਈ 31, 1940 ਨੂੰ ਪੈਟੋਵਿਲੇ ਜੇਲ ਲੰਡਨ ਵਿਚ ਫਾਂਸੀ ਦਿੱਤੀ ਗਈ। ਉਸ ਨੂੰ ਜੇਲ ਦੇ ਅਹਾਤੇ ਵਿਚ ਹੀ ਦਫ਼ਨਾਇਆ ਗਿਆ।

ਜੁਲਾਈ 1974 ਵਿਚ ਸਿੰਘ ਦੀਆਂ ਅਸਕੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸ ਨੂੰ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਵਾਗਤ ਕੀਤਾ ਗਿਆ। ਅੰਤਿਮ ਰਸਮਾਂ ਜਨਮ ਅਸਥਾਨ ਸੁਨਾਮ ਵਿਚ ਪੂਰੀਆਂ ਹੋਈਆਂ। ਅਸਥੀਆਂ ਨੂੰ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕੀਤਾ ਗਿਆ। ਅਸਥੀਆਂ ਦਾ ਕੁਝ ਹਿੱਸਾ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਅਜਾਇਬਘਰ ਵਿਚ ਰੱਖਿਆ ਗਿਆ।

ਵਿਰਾਸਤ :

1. ਸਿੰਘ ਦੀ ਯਾਦ ਨੂੰ ਸਮਰਪਿਤ ਇਕ ਸਮਾਜ ਸੇਵੀ ਸੰਸਥਾ ਸੋਹੋਰੇਡ ਬਰਮਿੰਗਮ ਵਿਚ ਹੈ।

2 ਇਕ ਅਜਾਇਬਘਰ ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।

3. ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕਾਟਲੈਂਡ ਯਾਰਡ

4 . ਉਸ ਦੀ ਯਾਦ ਵਿਚ ਕਈ ਫਿਲਮਾਂ ਬਣੀਆਂ ਹਨ।

5. ਪੂਰਵੀ ਉਤਰ ਪ੍ਰਦੇਸ਼ ਦੇ ਉਤਰਾਖੰਡ ਵਿਚ ਮੁੱਖ ਮੰਤਰੀ ਮਾਇਆਵਤੀ ਵਾਲੇ ਜ਼ਿਲੇ ਦਾ ਨਾਂ ਊਧਮ ਸਿੰਘ ਦੇ ਨਾਂ ਤੋਂ ਹੈ।

6. ਸ਼ਹੀਦ ਦੀ ਯਾਦ ਵਿਚ ਅਨੂਪਗੜ ਰਾਜਸਥਾਨ ਵਿਚ ਇਕ ਚੌਂਕ ਹੈ।

7 ਸਾਕਾ ਵੈਨਜਰਜ ਵਲੋਂ ਵੀਡੀਓ-1998 ਅਤੇ 20 15-ਫਰੈਕ ਬਰਾਜੀਲ ਨਾਉਂ ਤੇ ਬਣੀ ਹੈ।

8. ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ 13 ਮਾਰਚ, 2018 ਨੂੰ ਸਰਵ ਕੰਬੋਜ ਸਮਾਜ ਵਲੋਂ 10 ਫੁੱਟ ਉੱਚਾ ਬੁੱਤ ਲਗਾਇਆ ਗਿਆ, ਜਿਸ ਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੀਤਾ।

9. ਸਿੰਘ ਦਾ ਜੱਦੀਘਰ ਅਜਾਇਬਘਰ ਬਣਿਆ।

10.ਸੁਨਾਮਨੂੰਸੁਨਾਮਊਧਮਸਿੰਘਵਾਲਾਨਾਂਦਿੱਤਾਗਿਆ।

***ਅੰਤਿਕਾ:*** **ਕਬੀਰ ਜੀ ਕਹਿੰਦੇ ਹਨ ਹੇ ਕਬੀਰ !ਮਰਦਾ ਮਰਦਾ ਉਂਝ ਤਾਂ ਸਾਰਾ ਸੰਸਾਰ ਮਰ ਰਿਹਾ ਹੈ, ਪਰ ਕਿਸੇ ਨੇ ਵੀ ਸੱਚੇ ਮਰਨ ਦੀ ਜਾਚ ਨਹੀਂ ਸਿੱਖੀ, ਜੇ ਮਨੁੱਖ ਇਸ ਤਰਾਂ ਦੀ ਸੱਚੀ ਮੌਤ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ। ਅੰਗ-555, ਹਵਾਲਾ ਸਲੋਕ ਭਗਤ ਕਬੀਰ ਜੀ-ਸਲੋਕ ਨੰ. 29**

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਸ੍ਰੀ ਹਰਿਕ੍ਰਿਸ਼ਨ ਧਿਆਈਐ। ਜਿਸ ਡਿਠੈ ਸਭਿ ਦੁਖ ਜਾਇ ॥

ਡਾ. ਗੁਰਵਿੰਦਰ ਕੌਰ

ਪ੍ਰਕਾਸ਼ ਉਤਸਵ 2 ਅਗਸਤ 'ਤੇ ਵਿਸ਼ੇਸ਼

ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ 7 ਜੁਲਾਈ ਸੰਨ 1656 (8 ਸਾਵਣ ਬਿਕ੍ਰਮੀ 1713) ਨੂੰ ਕੀਰਤਪੁਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਹੋਇਆ। ਆਪ ਜੀ ਦੇ ਦਾਦਾ ਬਾਬਾ ਗੁਰਦਿੱਤਾ ਜੀ ਤੇ ਪੜਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ। ਸ੍ਰੀ ਰਾਮ ਰਾਇ ਵੱਡਾ ਭਰਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਧੁਰ-ਦਰਗਾਹੋਂ ਦੈਵੀ ਗੁਣਾਂ ਵਾਲੀ ਆਤਮਿਕ ਉੱਚਤਾ ਪ੍ਰਾਪਤ ਹੋਈ ਸੀ ਅਤੇ ਜਨਮ ਤੋਂ ਹੀ ਗੁਰਮਤਿ ਦੀ ਸਿੱਖਿਆ-ਦੀਖਿਆ ਮਿਲਣ ਲੱਗ ਪਈ ਸੀ। ਆਪ ਨੇ ਛੋਟੀ ਉਮਰ ਵਿੱਚ ਹੀ ਪਿਤਾ ਜੀ ਦੀ ਸੰਗਤ ਵਿੱਚ ਰਹਿ ਕੇ ਸਭ ਤਰਾਂ ਦੀ ਉਚੇਰੀ ਵਿੱਦਿਆ, ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੀ ਸੂਝ ਅਤੇ ਦੂਜੇ ਧਰਮਾਂ ਦਾ ਗਿਆਨ ਗ੍ਰਹਿਣ ਕਰ ਲਿਆ ਸੀ। ਆਪ ਅੰਤਰ-ਬੋਧ ਦੇ ਧਾਰਨੀ ਅਤੇ ਬ੍ਰਹਮ-ਗਿਆਨ ਨਾਲ ਓਤ-ਪੋਤ ਸਨ। ਸ੍ਰੀ ਗੁਰੂ ਹਰਿ ਰਾਇ ਜੀ ਨੂੰ ਆਪਣੇ ਛੋਟੇ ਪੁੱਤਰ ਵਿੱਚ ਗੁਰੂ-ਜੋਤਿ ਦੇ ਅੰਸ਼ ਜੋ ਉਨਾਂ ਨੇ ਪਿਤਾ, ਦਾਦਾ ਤੇ ਪੜਦਾਦਾ ਜੀ ਕੋਲੋਂ ਵਿਰਸੇ ਵਿੱਚ ਪ੍ਰਾਪਤ ਕੀਤੇ ਸਨ, ਦਿਖਾਈ ਦੇ ਰਹੇ ਸਨ।

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਸਮਝ ਕੇ ਆਪਣੇ ਛੋਟੇ ਪੁੱਤਰ ਨੂੰ ਹਰ ਤਰਾਂ ਨਾਲ ਯੋਗ ਸਮਝਿਆ ਅਤੇ ਗੁਰਬਾਣੀ ਦੇ ਮਹਾਂਵਾਕ- 'ਤਖਤਿ ਬਹੈ, ਤਖਤੈ ਕੀ ਲਾਇਕ॥' ਅਨੁਸਾਰ 6 ਅਕਤੂਬਰ 1661 ਈ. (6 ਕੱਤਕ 1718 ਬਿਕ੍ਰਮੀ) ਨੂੰ ਸਾਰੀ ਸੰਗਤ ਦੇ ਸਨਮੁਖ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਦਿੱਤੀ। ਇਸ ਤਰਾਂ ਸਵਾ ਪੰਜ ਸਾਲ ਦੀ ਉਮਰ ਵਿੱਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਮਰੱਥ ਤੇ ਯੋਗ 'ਗੁਰੂ' ਦੇ ਰੂਪ ਵਿੱਚ ਪ੍ਰਗਟ ਹੋਏ ਅਤੇ ਸਿੱਖਾਂ ਦੇ ਅਠਵੇਂ ਗੁਰੂ-ਜੋਤੀ ਦੇ ਵਾਰਸ ਹੋਏ ਹਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਛੋਟੀ ਉਮਰ ਵਿੱਚ ਸੁਯੋਗ ਢੰਗ ਨਾਲ ਸਿੱਖਾਂ ਦੀ ਅਧਿਆਤਮਿਕ ਰਹਿਨੁਮਾਈ ਕਰਨੀ, ਆਪ ਜੀ ਦੀ ਰੂਹਾਨੀ ਕਲਾ ਦਾ ਇਕ ਮਹਾਨ ਕ੍ਰਿਸ਼ਮਾ ਹੈ। ਦੂਰ ਪ੍ਰਦੇਸਾਂ ਵਿੱਚ ਧਰਮ ਪ੍ਰਚਾਰਕ ਨਿਯੁਕਤ ਕੀਤੇ ਅਤੇ ਉਪਦੇਸ਼ ਦਿੱਤੇ। ਬਹੁਤ ਥੋੜੇ ਸਮੇਂ ਵਿੱਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ। ਗੁਰੂ ਹਰਿਕ੍ਰਿਸ਼ਨ ਜੀ ਦੀ ਵਧ ਰਹੀ ਵਡਿਆਈ ਨੂੰ ਵੇਖ ਕੇ ਰਾਮ ਰਾਇ ਈਰਖਾ ਦੀ ਅੱਗ ਵਿੱਚ ਸੜਨ ਲੱਗਾ ਤੇ ਉਸ ਨੇ ਛੋਟੇ ਭਰਾ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਦਿੱਲੀ ਦਰਬਾਰ ਵਿੱਚ ਜਾ ਕੇ ਔਰੰਗਜ਼ੇਬ ਅੱਗੇ ਫ਼ਰਿਆਦ ਕੀਤੀ ਕਿ 'ਵੱਡਾ ਹੋਣ ਕਾਰਨ ਗੁਰਤਾ ਗੱਦੀ 'ਤੇ ਮੇਰਾ ਹੱਕ ਹੈ। ਮੇਰੇ ਨਾਲ ਪਿਤਾ ਨੇ ਧੱਕਾ ਕੀਤਾ ਹੈ। ਬਾਦਸ਼ਾਹ ਆਲਮਗੀਰ, ਮੈਂ ਆਪ ਜੀ ਦਾ ਵਫ਼ਾਦਾਰ ਹਾਂ ਤੇ ਅੱਗੇ ਤੋਂ ਵੀ ਤੁਸਾਂ ਦਾ ਰਿਣੀ ਰਹਾਂਗਾ। ਗੁਰਤਾ ਦਾ ਹੱਕ ਮੇਰਾ ਹੈ।'

ਔਰੰਗਜ਼ੇਬ ਨੇ ਸ਼ਾਹੀ ਹੁਕਮ ਭੇਜ ਦਿੱਤਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਆਉਣ ਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ। ਜਦੋਂ ਸ੍ਰੀ ਰਾਮ ਰਾਇ ਦੀ ਸ਼ਿਕਾਇਤ ਸੁਣ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿੱਚ ਹਾਜ਼ਰ ਹੋਣ ਲਈ ਸ਼ਾਹੀ ਕਾਸਦ ਨੂੰ ਚਿੱਠੀ ਦੇ ਕੇ ਕੀਰਤਪੁਰ ਸਾਹਿਬ ਭੇਜਿਆ ਤਾਂ ਆਪ ਜੀ ਨੇ ਗੁਰੂ ਪਿਤਾ ਦੇ ਅੰਤਿਮ ਸੰਦੇਸ਼ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ' ਨੂੰ ਸਮਰਪਿਤ ਹੋ ਕੇ ਔਰੰਗਜ਼ੇਬ ਨੂੰ ਦਿੱਲੀ ਜਾ ਕੇ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਇਸ ਘਟਨਾ ਨੂੰ ਇਉਂ ਬਿਆਨ ਕੀਤਾ ਹੈ :

**ਸੁਨ ਕੇ ਸ੍ਰੀ ਹਰਿ ਕ੍ਰਿਸਨ ਸੁਜਾਨਾ।**
**ਸਭਨ ਸੁਨਾਵਤ ਬਾਕ ਬਖਾਨਾ।**
**ਨਹਿ ਮਲੇਛ ਕੋ ਦਰਸ਼ਨ ਦੇ ਹੈ।**
**ਹੋਇ ਸਮੀਪ ਤਿਸ ਕੋ ਨਹਿ ਲੈ ਹੈ।।**
**ਇਹੀ ਨੇਮ ਪਿਤ ਕੀਨ ਹਮਾਰੇ।**
**ਤਿਸ ਪ੍ਰਕਾਰ ਹਮ ਭੀ ਉਰ ਧਾਰੇ।**

ਪਰ ਜਦੋਂ ਰਾਜਾ ਜੈ ਸਿੰਘ ਨੇ ਦਿੱਲੀ ਦੀਆਂ ਸੰਗਤਾਂ ਵੱਲੋਂ ਦਿੱਲੀ ਚਰਨ ਪਾਉਣ ਲਈ ਬੇਨਤੀ ਕੀਤੀ ਤਾਂ ਆਪ ਨੇ ਸੰਗਤਾਂ ਦੀ ਅਰਜ਼ੋਈ ਨੂੰ ਪ੍ਰਵਾਨ ਕਰਦਿਆਂ ਦਿੱਲੀ ਆ ਪਏ। ਦਿੱਲੀ ਵੱਲ ਜਾਂਦੇ ਰਾਹ ਵਿੱਚ ਪੰਜੋਖਰੇ ਦੇ ਸਥਾਨ 'ਤੇ ਪੜਾਅ ਦੌਰਾਨ ਹੰਕਾਰੀ ਪੰਡਿਤ ਲਾਲ ਚੰਦ ਗੁਰੂ-ਪਾਤਸ਼ਾਹ ਕੋਲ ਆਇਆ ਤੇ ਕਹਿਣ ਲੱਗਾ ਕਿ ਨਾਮ ਤਾਂ ਹਰਿਕ੍ਰਿਸ਼ਨ ਰੱਖਿਆ ਹੈ ਪਰ 'ਗੀਤਾ-ਗਿਆਨ' ਦਾ ਤਾਂ ਤੁਹਾਨੂੰ ਕੋਈ ਅਨੁਭਵ ਨਹੀਂ। ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਰਚੀ ਸੀ, ਤੁਸੀਂ ਗੀਤਾ ਦੇ ਅਰਥ ਹੀ ਕਰ ਕੇ ਦੱਸੋ।' ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਇੱਕ ਛੱਜੂ ਨਾਮੀ ਸਾਧਾਰਨ ਸਿੱਖ ਤੋਂ ਪੰਡਤ ਜੀ ਨੂੰ ਗੀਤਾ ਦੇ ਅਰਥ ਕਰ ਕੇ ਸਮਝਾਉਣ ਲਈ ਕਿਹਾ। ਉਸ ਨੇ ਸਹਿਜੇ ਹੀ ਬਿਬੇਕ ਬੁੱਧੀ ਸਹਿਤ ਗੀਤਾ ਦੇ ਅਰਥ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪੰਡਿਤ ਲਾਲ ਚੰਦ ਚਰਨੀਂ ਢਹਿ ਪਿਆ ਤੇ ਮਾਫ਼ੀ ਮੰਗੀ। ਇਉਂ ਅਠਵੇਂ ਗੁਰਦੇਵ ਨੇ ਲਾਲ ਚੰਦ ਪੰਡਿਤ ਦਾ ਹੰਕਾਰ ਤੋੜਿਆ। ਪੰਜੋਖਰੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਦਿੱਲੀ ਵੱਲ ਚੱਲ ਪਏ।

ਦਿੱਲੀ ਵਿੱਚ ਸਿੱਖ ਧਰਮ ਦਾ ਪ੍ਰਚਾਰ ਤੇ ਵਿਸਥਾਰ : ਦਿੱਲੀ ਪਹੁੰਚਣ 'ਤੇ ਰਾਜਾ ਜੈ ਚੰਦ ਤੇ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਭਾਰੀ ਸਵਾਗਤ ਕੀਤਾ। ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਨੇ ਆਪ ਦਾ ਉਤਾਰਾ ਆਪਣੇ ਬੰਗਲੇ ਵਿੱਚ ਕਰਵਾਇਆ। ਉਹ ਨਿੱਜੀ ਤੌਰ 'ਤੇ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਰਿਹਾ। ਇੱਕ ਦਿਨ ਰਾਜਾ ਜੈ ਚੰਦ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤਾਂ ਰਾਜੇ ਨੇ ਗੁਰੂ ਜੀ ਨੂੰ ਮਹਿਲ ਵਿੱਚ ਬੁਲਾ ਲਿਆ। ਰਾਣੀ ਨੇ ਗੁਰੂ ਜੀ ਦੀ ਦਿੱਬਦ੍ਰਿਸ਼ਟੀ ਨੂੰ ਪਰਖਣ ਲਈ ਆਪ ਗੋਲੀਆਂ ਵਾਲੇ ਕੱਪੜੇ ਪਾ ਲਏ ਤੇ ਉਨਾਂ ਵਿੱਚ ਹੀ ਬੈਠ ਗਈ। ਗੁਰੂ ਜੀ ਨੇ ਆਪਣੀ ਛੜੀ, ਰਾਣੀ ਦੇ ਸਿਰ 'ਤੇ ਰੱਖ ਕੇ ਚਿਹਰੇ ਵੱਲ ਗਹੁ ਨਾਲ ਵੇਖਿਆ ਤੇ ਕਿਹਾ, 'ਇਹ ਹੈ ਪਟਰਾਣੀ'। ਗੁਰੂ ਜੀ ਨੇ ਰਾਣੀ ਤੇ ਰਾਜੇ ਦੇ ਮਨੋਰਥ ਪੂਰੇ ਕੀਤੇ। ਰਾਜਾ ਜੈ ਚੰਦ ਬਾਲ-ਗੁਰੂ ਦੀ ਆਤਮਿਕ ਉੱਚਤਾ ਤੋਂ ਬਹੁਤ ਪ੍ਰਭਾਵਤ ਹੋਇਆ। ਉਸ ਨੇ ਇਹੋ ਪ੍ਰਭਾਵ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਜਾ ਕੇ ਦੱਸਿਆ ਤਾਂ ਬਾਦਸ਼ਾਹ ਨੇ ਵੱਡੇ ਭਰਾ ਦੀ ਗੁਰਗੱਦੀ ਦੇ ਹੱਕ ਲਈ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵਿਰੁਧ ਦਿੱਤੀ ਦਰਖ਼ਾਸਤ ਖਾਰਜ ਕਰ ਦਿੱਤੀ। ਸਿੱਟਾ ਇਹ ਹੋਇਆ ਕਿ ਰਾਮ ਰਾਇ ਜੀ ਦੀ ਸੋਚੀ ਹੋਈ ਸਾਜ਼ਿਸ਼ ਸਿਰੇ ਨਾ ਚੜ ਸਕੀ।

ਰਾਜਾ ਜੈ ਸਿੰਘ ਦੇ ਬੰਗਲੇ 'ਤੇ ਰੋਜ਼ਾਨਾ ਹਰਿ-ਜਸ ਤੇ ਕੀਰਤਨ ਹੋਣ ਲੱਗਾ। ਦਿੱਲੀ ਦੀਆਂ ਸੰਗਤਾਂ ਹੁੰਮ-ਹੁਮਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆਣ ਜੁੜਦੀਆਂ ਤੇ ਸਤਿਸੰਗ ਦਾ ਲਾਭ ਉੱਠਾ ਕੇ ਨਿਹਾਲ ਹੁੰਦੀਆਂ। ਗੁਰੂ ਜੀ ਨਾਮ ਬਾਣੀ ਦੇ ਉਪਦੇਸ਼ ਦੁਆਰਾ ਸੰਸਾਰੀ ਜੀਵਾਂ ਦੇ ਤਨ-ਮਨ ਦੇ ਅਸਾਧ ਰੋਗ ਦੂਰ ਕਰਦੇ ਸਨ।

ਗੁਰੂ ਜੀ ਨੇ ਵਰਣ ਵੰਡ ਦੇ ਸਿਧਾਂਤ ਦਾ ਸਖ਼ਤੀ ਨਾਲ ਵਿਰੋਧ ਕੀਤਾ, ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ, ਇਸਤਰੀ ਨੂੰ ਸਮਾਜ ਵਿੱਚ ਸਤਿਕਾਰ ਦਿੱਤਾ, ਕੁੜੀ ਮਾਰਨ ਵਾਲਿਆਂ ਦਾ ਗੁਰੂ-ਦਰਬਾਰ ਵਿੱਚ ਆਉਣਾ ਮਨਾ ਕਰ ਦਿੱਤਾ, ਨਸ਼ਿਆਂ ਦੀ ਵਰਤੋਂ ਨਾ ਕਰਨ 'ਤੇ ਜ਼ੋਰ ਦਿੱਤਾ, ਆਦਿ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਮਕਾਲੀ ਸਮਾਜਕ ਸਥਿਤੀ ਨੂੰ ਸੋਧਣ ਵਾਸਤੇ ਜਿਹੜੇ ਉਪਦੇਸ਼ ਦਿੱਤੇ, ਉਹ ਇੰਨੇ ਸੁਧਾਰ ਵਾਲੇ, ਸਾਰਥਕ ਤੇ ਸਿਰਜਣਾਤਮਕ ਸਨ ਕਿ ਸਮਕਾਲੀ ਸਮਾਜ ਨੂੰ ਪਵਿੱਤਰ ਤੇ ਆਦਰਸ਼ਕ ਜੀਵਨ ਵਾਲਾ ਸਿਰਜਣ ਵਿੱਚ ਵੀ ਉਹ ਬੜੇ ਸਹਾਇਕ ਹੋਏ।

ਇਨੀਂ ਦਿਨੀਂ ਦਿੱਲੀ ਵਿੱਚ ਚੇਚਕ ਤੇ ਹੈਜ਼ੇ ਦੀ ਭਿਆਨਕ ਬਿਮਾਰੀ ਫੈਲੀ ਹੋਈ ਸੀ। ਆਪ ਪਾਸ ਰੋਗੀ ਆਉਂਦੇ ਸਨ। ਗੁਰੂ ਜੀ ਆਪ ਵੀ ਲੋਕਾਂ ਦੀਆਂ ਪੀੜਾਂ ਹਰਨ ਲਈ ਘਰਾਂ ਵਿੱਚ ਜਾਂਦੇ ਤੇ ਆਪਣੇ ਹੱਥੀਂ ਸੇਵਾ ਕਰ ਕੇ ਦੁਖੀਆਂ ਦੇ ਦੁੱਖ ਦੂਰ ਕਰਦੇ ਰਹੇ ਸਨ। ਦਿਨ-ਰਾਤ ਚੇਚਕ ਨਾਲ ਪੀੜਤ ਰੋਗੀਆਂ ਵਿੱਚ ਵਿਚਰਨ ਕਾਰਨ ਅਤੇ ਅਕਾਲ ਪੁਰਖ ਦੇ ਭਾਣੇ ਅਨੁਸਾਰ ਗੁਰੂ ਜੀ 'ਤੇ ਇਸ ਬਿਮਾਰੀ ਦਾ ਹਮਲਾ ਹੋ ਗਿਆ। ਰੋਗ ਵੱਧ ਜਾਣ ਕਾਰਨ ਸਿੱਖ ਸੰਗਤਾਂ ਵਿੱਚ ਘਬਰਾਹਟ ਪੈਦਾ ਹੋ ਗਈ। ਆਪ ਜੀ ਨੇ ਸ਼ਹਿਰ ਤੋਂ ਬਾਹਰਵਾਰ ਖੁਲੀ ਥਾਂ 'ਤੇ ਜਾਣ ਦੀ ਇੱਛਾ ਪ੍ਰਗਟ ਕੀਤੀ। ਆਪ ਜਮਨਾ ਦਰਿਆ ਦੇ ਕੰਢੇ 'ਤੇ ਰਮਣੀਕ ਸਥਾਨ ਉੱਪਰ ਚਲੇ ਗਏ ਤੇ ਕਾਦਰ ਦੀ ਕੁਦਰਤ ਵਿੱਚ ਅੰਤਲਾ ਸਮਾਂ ਬਿਤਾਇਆ।

ਬਾਕੀ ਸਫ਼ਾ 31 'ਤੇ

# 14 ਸਾਲਾਂ ਸਿੱਖ ਬੱਚੀ ਦੀ ਭਾਰਤੀ ਫ਼ੌਜ ਨੇ ਗੋਲੀਆਂ ਮਾਰ ਕੇ ਉਡਾਈ ਸੀ ਖੋਪੜੀ

ਬਲਜਿੰਦਰ ਸਿੰਘ ਕੋਟਭਾਰਾ
(97795-22211)

ਰੱਤ ਰੱਤਿਆ ਇਤਿਹਾਸ

ਸੰਸਾਰ ਦੀਆਂ ਜੁਝਾਰੂ ਕੌਮਾਂ ਨੂੰ ਦੁਸ਼ਮਣਾਂ ਦੇ ਅਥਾਹ ਜੁਲਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਪੈ ਰਿਹਾ ਹੈ। ਮਨੁੱਖ ਦੀ ਜਿੰਦਗੀ ਦੇ ਲੱਖਾਂ ਸਾਲਾਂ ਦੇ ਸਫ਼ਰ ਦੇ ਬਾਵਜੂਦ ਵੀ ਇੱਕ ਕੌਮਾਂ ਵੱਲੋਂ ਦੂਜੀਆਂ ਕੌਮਾਂ ਨੂੰ ਗੁਲਾਮ ਬਣਾ ਕੇ ਤੇ ਉਨਾਂ ਦੀ ਹੋਂਦ ਨੂੰ ਖ਼ਤਮ ਕਰਨ ਦੀ ਘਾਤਕ ਫ਼ਿਤਰਤ ਜਾਰੀ ਹੈ। ਅਜਿਹਾ ਹੀ ਭਾਰਤ ਦੇ ਕਬਜੇ ਹੇਠ ਪੰਜਾਬ ਦੇ ਸਿੱਖਾਂ ਨਾਲ ਪਿਛਲੇ ਕਰੀਬ 6 ਦਹਾਕਿਆਂ ਤੋਂ ਇਕ ਵਿਉਂਤਬੱਧ ਢੰਗ ਨਾਲ ਕੀਤਾ ਜਾ ਰਿਹਾ ਹੈ। ਸਿੱਖਾਂ ਦੇ ਰੱਤ ਰੱਤੇ ਇਤਿਹਾਸ ਦਾ ਇਕ ਹੋਰ ਖ਼ੂਨ ਨਾਲ ਸੰਜਿਆ ਪੰਨਾ ਵੀ ਇਸੇ ਇਤਿਹਾਸ ਦੀ ਕੜੀ ਹੈ। ਪਰ ਇਹ ਘਟਨਾ 37 ਸਾਲਾਂ ਦੌਰਾਨ ਕਿਸੇ ਵੀ ਪੰਨੇ ਤੋਂ ਹਾਸ਼ੀਏ 'ਤੇ ਧੱਕੀ ਹੋਈ ਅੱਖੋਂ ਪਰੋਖੇ ਰਹੀ ਹੈ।

**ਜਾਣ ਪਹਿਚਾਣ ਸ਼ੁਰੂ**

ਧਰਮ-ਸਿੱਖ, ਬੱਚੀ ਦੀ ਉਮਰ-ਕੇਵਲ 14 ਸਾਲ, ਭਾਰਤੀ ਫ਼ੌਜਾਂ ਦੀ ਗੋਲੀ ਦਾ ਸ਼ਿਕਾਰ, ਮਾਰਨ ਦਾ ਢੰਗ-ਸਿੱਧੀ ਮੱਥੇ 'ਚ ਗੋਲੀ ਮਾਰ ਕੇ ਖੋਪੜੀ ਉਡਾ ਦੇਣੀ। ਘਟਨਾ ਦੀ ਮਿਤੀ-4 ਅਪ੍ਰੈਲ 1983

ਹਿੰਦੂਤਵੀ ਹਕੂਮਤ ਨੇ ਸਿੱਖਾਂ ਨੂੰ ਖ਼ਤਮ, ਜ਼ਲੀਲ ਕਰਨ, ਜਹਾਲਤ ਨਾਲ ਸਿਰ ਸੁੱਟ ਰੀਂਗ, ਰੀਂਗ ਕੇ ਮਾਰਨ ਦੀਆਂ ਸਾਜਿਸ਼ਮਈ ਢੰਗ ਨਾਲ (ਕੁ) ਨੀਤੀਆਂ ਲਾਗੂ ਕਰਨੀਆਂ ਸ਼ੁਰੂ ਕੀਤੀਆਂ ਤਾਂ ਸਿੱਖਾਂ ਵੱਲੋਂ 1982-83 ਵਿੱਚ ਸ਼ਾਂਤਮਈ ਢੰਗ ਨਾਲ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ, ਪਰ ਇਸ ਹਕੂਮਤ ਨੂੰ ਇਹ ਵੀ ਰਾਸ ਨਹੀਂ ਸੀ ਆ ਰਿਹਾ ਕਿ ਸਿੱਖ ਸ਼ਾਂਤਮਈ ਢੰਗ ਨਾਲ ਆਪਣੇ ਨਾਲ ਹੋ ਰਹੇ ਧੱਕਿਆਂ ਦੀ ਗੱਲ ਕਰਕੇ ਇਨਸਾਫ਼ ਦੀ ਮੰਗ ਕਰਨ। ਇਸ ਧਰਮ ਯੁੱਧ ਮੋਰਚਾ ਵੱਲੋਂ ਰਸਤਾ ਰੋਕੂ ਅੰਦੋਲਨ ਸ਼ੁਰੂ ਕੀਤੇ ਗਏ, ਜਿਨਾਂ ਵਿੱਚ 4 ਅਪ੍ਰੈਲ 1983 ਨੂੰ ਪੰਜਾਬ ਦੀਆਂ ਸੜਕਾਂ 'ਤੇ ਸ਼ਾਂਤਮਈ ਧਰਨੇ ਲਾ ਕੇ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ। ਮਿੱਥੇ ਸਮੇਂ 'ਤੇ ਪੰਜਾਬ ਭਰ ਵਿੱਚ ਤੇਜ਼ ਤਪਦੀ ਗਰਮੀ ਵਿੱਚ ਸਿੱਖਾਂ ਨੇ ਜਰਨੈਲੀ ਸੜਕਾਂ 'ਤੇ ਧਰਨੇ ਦੇ ਕੇ 'ਵਾਹਿਗੁਰੂ' ਦਾ ਨਾਮ ਜਪਣਾ ਸ਼ੁਰੂ ਕੀਤਾ।

ਬਠਿੰਡਾ ਤੋਂ ਚੰਡੀਗੜ ਵਾਇਆ ਬਰਨਾਲਾ ਸੜਕ 'ਤੇ ਭੁੱਚੋ ਮੰਡੀ ਵਾਲੇ ਚੌਂਕ 'ਤੇ ਵੀ ਆਸੇ ਪਾਸੇ ਦੇ ਪਿੰਡਾਂ ਦੀਆਂ ਸੰਗਤਾਂ ਸ਼ਾਂਤਮਈ ਤਰੀਕੇ ਨਾਲ ਬੈਠ ਗਈਆਂ। ਇਸ ਖ਼ੂਨੀ ਘਟਨਾ ਦੇ ਚਸਮਦੀਦ ਗਵਾਹ ਬਜ਼ੁਰਗ ਕੁਲਵਿੰਦਰ ਸਿੰਘ ਨਥਾਣਾ ਦੱਸਦੇ ਹਨ ਕਿ ਨੇੜਲੇ ਪਿੰਡਾਂ ਜਿਵੇਂ ਲਹਿਰਾ ਬੇਗਾ, ਲਹਿਰਾ ਖਾਨਾ, ਲਹਿਰਾ ਦਸੌਂਧਾ, ਨੇੜਲੇ ਤਿੰਨੇ ਚੱਕਾਂ, ਭੁੱਚੋਂ, ਪੂਹਲਾ, ਨਥਾਣਾ ਆਦਿ ਪਿੰਡਾਂ ਦੀ ਸੰਗਤ ਸ਼ਾਮਲ ਸੀ, ਜਿਨਾਂ ਦੀ ਗਿਣਤੀ ਹਜ਼ਾਰਾਂ ਦੀ ਤਦਾਦ ਵਿੱਚ ਸੀ ਤੇ ਇਸ ਧਰਨੇ ਦੀ ਅਗਵਾਈ ਜਥੇਦਾਰ ਬਾਬਾ ਲੱਖਾ ਸਿੰਘ (ਪਿਤਾ ਸ਼ਹੀਦ ਖਾੜਕੂ ਭਾਈ ਗੁਰਮੀਤ ਸਿੰਘ ਲਹਿਰਾ ਖਾਨਾ), ਜਥੇਦਾਰ ਜੰਗੀਰ ਸਿੰਘ ਪੂਹਲਾ, ਜਥੇਦਾਰ ਮੁਖਤਿਆਰ ਸਿੰਘ ਨਥਾਣਾ (ਹੁਣ ਤਿੰਨੇ ਮਰਹੂਮ) ਕਰ ਰਹੇ ਸਨ। ਦੁਪਹਿਰ ਕਰੀਬ 11 ਤੋਂ 12 ਵਜੇ ਤੱਕ ਸੜਕ ਬੰਦ ਕੀਤੀ ਜਾ ਚੁੱਕੀ ਸੀ। ਸਾਰੀ ਸਿੱਖ ਸੰਗਤ ਸ਼ਾਂਤਮਈ ਢੰਗ ਨਾਲ 'ਵਾਹਿਗੁਰੂ' ਦਾ ਨਾਂ ਜਾਪ ਕਰ ਰਹੀ ਸੀ। ਚਸ਼ਮਦੀਦ ਗਵਾਹ ਦੱਸਦੇ ਹਨ ਕਿ ਅਚਾਨਕ ਇੱਕ ਪੁਲਿਸ ਅਫ਼ਸਰ ਨੇ ਸਿੱਖ ਸੰਗਤਾਂ ਤੇ ਸਿੱਖ ਆਗੂਆਂ ਨੂੰ ਸ਼ਲੀਲ ਕਰਨ ਲਈ ਅਸ਼ਲੀਲ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਸਿੱਖ ਜਥੇਦਾਰਾਂ ਨੇ ਇਸ ਦਾ ਵਿਰੋਧ ਕਰਦਿਆਂ ਉਸ ਨੂੰ ਸ਼ਾਂਤ ਹੋਣ ਲਈ ਕਿਹਾ ਪਰ ਆਪਣੀ ਹੈਂਕੜਬਾਜੀ ਤੇ ਉਪਰੋਂ ਮਿਲੀਆਂ ਹਦਾਇਤਾਂ ਅਨੁਸਾਰ ਉਸ ਨੇ ਟਕਰਾਅ ਲੈਂਦਿਆਂ ਸਿੱਖ ਸੰਗਤ 'ਤੇ ਅੰਨੇਵਾਹ ਲਾਠੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦਾ ਸਿੱਖਾਂ ਨੇ ਸੰਜਮਮਈ ਢੰਗ ਨਾਲ ਜਵਾਬ ਦਿੱਤਾ। ਸਿੱਖਾਂ ਨੂੰ ਸਬਕ ਸਿਖਾਉਣ ਲਈ ਸੀ. ਆਰ. ਪੀ. ਦੇ ਸਿਪਾਹੀ ਬੁਲਾਏ ਗਏ। ਸਿੱਖ 'ਤੇ ਹੋਰ ਤਸ਼ੱਦਦ ਵਧਿਆ ਤਾਂ ਉਹ ਜ਼ੁਲਮ ਦਾ ਟਾਕਰਾ ਕਰਦੇ ਹੋਏ ਨਥਾਣੇ ਵਾਲੇ ਪਾਸੇ ਪਿੰਡ ਭੁੱਚੋਂ ਕਲਾਂ ਵੱਲ ਨੂੰ ਭੱਜ ਤੁਰੇ। ਭਾਰਤੀ ਫ਼ੌਜ ਦਾ ਉਦੇਸ਼ ਇਕੱਲਾ ਧਰਨਾ ਹਟਾਉਣਾ ਹੀ ਨਹੀਂ ਸੀ, ਸਗੋਂ ਉਨਾਂ ਨੂੰ ਭਾਰਤੀ ਹਕੂਮਤ ਵਿਰੁੱਧ ਸ਼ਾਂਤਮਈ ਢੰਗ ਨਾਲ ਬੋਲਣ 'ਤੇ ਸਬਕ ਵੀ ਸਿਖਾਉਣਾ ਸੀ। ਇਸ ਵੇਲੇ ਤੱਕ ਬਾਅਦ ਦੁਪਹਿਰ ਕਰੀਬ ਤਿੰਨ ਕੁ ਵਜੇ ਦਾ ਸਮਾਂ ਹੋ ਚੁੱਕਿਆ ਸੀ।

ਸੀ. ਆਰ. ਪੀ. ਦੇ ਜਵਾਨਾਂ ਨੇ ਤਾੜ ਤਾੜ ਕਰਕੇ ਗੋਲੀਆਂ ਚਲਾਈਆਂ ਤਾਂ ਇੱਕ ਗੋਲੀ 14 ਸਾਲ ਦੀ ਮਾਸੂਮ ਬੱਚੀ ਦੇ ਸਿੱਧੀ ਮੱਥੇ ਵਿੱਚ ਮਾਰੀ, ਮਾਸੂਮ ਸਿੱਖ ਬੱਚੀ ਦੀ ਖੋਪੜੀ ਉਡ ਗਈ, ਜਦੋਂ ਹੀ ਸਿਪਾਹੀ ਬੱਚੀ ਦੀ ਲਾਸ਼ ਨੂੰ ਘੜੀਸ ਕੇ ਲਿਜਾਣ ਲੱਗੇ ਤਾਂ ਇੱਕ 40 ਸਾਲਾਂ ਸਿੱਖ ਨੇ ਇਸ ਦਾ ਵਿਰੋਧ ਕਰਦਿਆਂ ਬੱਚੀ ਦੀ ਲਾਸ਼ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕੀਤਾ ਤਾਂ ਸਿਪਾਹੀਆਂ ਨੇ ਉਸ 'ਤੇ ਵੀ ਗੋਲੀਆਂ ਦਾ ਮੀਂਹ ਵਰਾ ਕੇ ਉਸ ਨੂੰ ਵੀ ਥਾਂਏ ਸ਼ਹੀਦ ਕਰ ਦਿੱਤਾ। ਮਾਸੂਮ ਬੱਚੀ ਦੀ ਪਹਿਚਾਣ ਮਜ਼ਦੂਰ ਪਰਿਵਾਰ ਵਿੱਚੋਂ ਰਾਜਪਾਲ ਕੌਰ ਉਰਫ਼ ਰਾਣੀ, ਉਮਰ 14 ਸਾਲ ਤੇ ਵਿਅਕਤੀ ਦੀ ਪਹਿਚਾਣ ਜੋਰਾ ਸਿੰਘ ਨਥਾਣਾ, ਕਿੱਤਾ ਕਿਸਾਨੀ, ਵਜੋਂ ਹੋਈ।

'ਮੇਰੀ ਇਕੋ ਹੀ ਛੋਟੀ ਜਿਹੀ ਬੱਚੀ, ਮੇਰੇ ਦਿਲ ਦਾ ਟੁਕੜਾ ਸੀ ਪਰ ਉਸ ਦੀ ਖੋਪੜੀ ਵਿੱਚ ਗੋਲੀਆਂ ਮਾਰ ਕੇ ਥਾਏ ਮਾਰ ਦਿੱਤਾ, ਉਸ ਦੀ ਲਹੂ ਭਿੱਜਿਆ ਮੂੰਹ ਮੈਂ ਮਰਦੇ ਦਮ ਤੱਕ



ਨਹੀਂ ਭੁੱਲ ਸਕਦੀ।' ਇਹ ਸ਼ਬਦ ਉਸ ਮਾਸੂਮ ਸਿੱਖ ਬੱਚੀ ਦੀ ਮਜ਼ਦੂਰ ਬਿਰਧ ਮਾਂ ਸੁਖਦੇਵ ਕੌਰ ਦੇ ਹਨ, ਜੋ 37 ਸਾਲਾਂ ਤੋਂ ਆਪਣੇ ਦਿਲ ਦੇ ਖੋ ਚੁੱਕੇ ਟੁਕੜੇ ਨੂੰ ਦਿਲ ਵਿੱਚ ਵਸਾਈ ਬੈਠੀ ਹੈ। ਸੁਖਦੇਵ ਕੌਰ ਦੇ ਚਿਹਰੇ ਵੱਲ ਦੇਖੋ ਤਾਂ ਇਸ ਬਜ਼ੁਰਗ ਔਰਤ ਵੱਲੋਂ ਗੱਲ ਕਰਦਿਆਂ ਉਸ ਦੀਆਂ ਅੱਖਾਂ ਦੀ ਨਜ਼ਰ ਕਿਤੇ ਬਹੁਤ ਦੂਰ ਚਲੀ ਗਈ ਮਹਿਸੂਸ ਹੁੰਦੀ ਹੈ, ਇੰਝ ਜਾਪਦਾ ਹੈ ਜਿਵੇ ਉਹ ਦੂਰ ਕਿਤੇ ਪਹਾੜਾਂ ਜਾਂ ਅਸਮਾਨੀ ਬੱਦਲਾਂ ਵਿੱਚ ਆਪਣੀ ਬੇਟੀ ਰਾਣੀ ਨੂੰ ਭਾਲ ਰਹੀ ਹੋਵੇ।

ਗੋਲੀਆਂ ਚੱਲ ਰਹੀਆਂ ਸਨ, ਚਾਰੇ ਪਾਸੇ ਹਫੜਾ ਦਫ਼ੜੀ ਮੱਚੀ ਹੋਈ ਸੀ, ਸੜਕ 'ਤੇ ਖ਼ੂਨ ਦੇ ਛੱਪੜ ਨਜ਼ਰ ਆ ਰਹੇ ਸਨ, ਰੇਤ ਨੂੰ ਖ਼ੂਨ ਨਾਲ ਰੰਗਿਆ ਜਾ ਚੁੱਕਿਆ ਸੀ, ਪਰ ਸਿੱਖਾਂ ਦੇ ਖ਼ੂਨ ਦੇ ਪਿਆਸੇ ਸਿਪਾਹੀ ਘਰਾਂ ਵਿੱਚ ਵੜ ਵੜ ਕੇ ਅੰਨੇਵਾਹ ਸਿੱਖਾਂ ਦਾ ਕੁਟਾਪਾ ਕਰ ਰਹੇ ਸਨ।

'ਜਦੋਂ ਰੌਲਾ ਗੌਲਾ ਸੁਣਿਆ ਤਾਂ ਰਾਣੀ ਆਪਣੇ ਚਾਚੇ ਦੇ ਛੋਟੇ ਜਿਹੇ ਬੱਚੇ ਨੂੰ ਭਾਲਣ ਤੁਰ ਪਈ, ਉਸ ਬੱਚੀ ਨੂੰ ਕੀ ਪਤਾ ਸੀ ਕਿ ਭਰਾ ਨੂੰ ਭਾਲਣ ਲਈ ਗਈ ਉਹ ਸਦਾ ਲਈ ਗੁਆਚ ਜਾਵੇਗੀ। ਸਾਡੇ ਕੋਲ ਤਾਂ ਉਸ ਭੁੱਬੜੀ ਦੀ ਕੋਈ ਫ਼ੋਟੋ ਵੀ ਨਹੀਂ' ਇਹ ਸ਼ਬਦ ਸਾਰੀ ਉਮਰ ਬਗਾਨੇ ਖ਼ੇਤਾਂ ਵਿੱਚ ਮਿੱਟੀ ਘੱਟੇ ਨਾਲ ਜੂਝਦੇ ਰਾਣੀ ਦੇ ਬਿਰਧ ਬਾਪ ਅਮਰੀਕ ਸਿੰਘ ਦੇ ਹਨ। ਬਜ਼ੁਰਗ ਦੀਆਂ ਅੱਖਾਂ ਦੇ ਅੱਥਰੂ ਉਸ ਦੀ ਬੱਗੀ ਦਾੜੀ ਵਿੱਚ ਦੀ ਹੁੰਦੇ ਹੋਏ ਉਸ ਦੇ ਮੈਲੇ ਜਿਹੇ ਕੁੜਤੇ 'ਤੇ ਆ ਕੇ ਨਿਸ਼ਾਨ ਜਿਹੇ ਛੱਡ ਜਾਂਦੇ ਹਨ। ਤੇ ਫਿਰ ਕੁਝ ਕੁ ਪਲ ਰੁਕ ਕੇ ਉਹ ਆਖਦਾ ਹੈ, 'ਪੁਲਿਸ ਨੇ ਗੋਲੀਆਂ ਦੀ ਵਾਛੜ ਕਰਕੇ ਸ਼ਰੇਆਮ ਧੱਕਾ ਕੀਤਾ, ਐਨਾ ਧੱਕਾ ਨਹੀਂ ਸੀ ਕਰਨਾ ਚਾਹੀਦਾ, ਲੋਕ ਤਾਂ ਪਹਿਲਾਂ ਹੀ ਡਰਦੇ ਮਾਰੇ ਲੁਕ ਗਏ ਸਨ ਤੇ ਇਧਰ ਉਧਰ ਭੱਜ ਕੇ ਆਪਣੀ ਜਾਨ ਬਚਾ ਰਹੇ ਸਨ। ਪੁਲਿਸ ਦੇ ਦਿਮਾਗ ਨੂੰ ਤਾਂ ਪਤਾ ਨਹੀਂ ਕੀ ਚੜਿਆ ਸੀ?'

ਇਕ ਡੂੰਘਾ ਜਿਹਾ ਹਾਉਂਕਾ ਲੈ ਕੇ ਮਾਸੂਮ ਬੱਚੀ ਦੀ ਮਾਂ ਸੁਖਦੇਵ ਕੌਰ ਦਾ ਕਹਿਣਾ ਸੀ, 'ਹੁਣ ਤਾਂ ਕਦੋਂ ਦੀ ਜਵਾਨ ਹੋਈ ਹੁੰਦੀ, ਸੁੱਖ ਨਾਲ ਧੀਆਂ ਪੁੱਤਾਂ ਵਾਲੀ ਵੀ ਹੁੰਦੀ, ਓਹਦੇ ਹਾਣਦੀਆਂ ਵਿਆਹੀਆਂ-ਵਰੀਆਂ ਗਈਆਂ, ਬਾਲ ਬੱਚਿਆਂ ਵਾਲੀਆਂ ਵੀ ਹੋ ਗਈ, ਪਰ ਉਸ ਨੇ ਤਾਂ ਪੂਰਾ ਬਚਪਨ ਵੀ ਨੀਂ ਸੀ ਖੇਡਿਆ। ਹੁਣ ਵੀ ਓਹਦੇ ਹਾਣਦੀਆਂ ਜਦੋਂ ਦੇਖਦੀ ਹਾਂ ਤਾਂ ਦਰਦ ਨਾਲ ਦਿਲ ਪਾਟਦਾ ਆਂ।' ਉਹ ਧਰਤੀ 'ਤੇ ਨਿਗਾਹ ਗੱਡ ਕੇ ਹੇਠਾਂ ਤੱਕ ਵੇਖਣ ਦਾ ਯਤਨ ਕਰਦੀ ਹੈ, ਜਿਵੇਂ ਧਰਤੀ ਦੇ ਪਤਾਲ 'ਚੋਂ ਆਪਣੀ ਮਾਸੂਮ ਬੱਚੀ ਨੂੰ ਲੱਭ ਰਹੀ ਹੋਵੇ।

ਰਾਜਪਾਲ ਕੌਰ ਰਾਣੀ ਦਾ ਘਰ ਦੱਸਣ ਗਿਆ ਬਜ਼ੁਰਗ ਜਾਣਕਾਰੀ ਦਿੰਦਾ ਹੈ ਕਿ ਇਸ ਪਤੀ-ਪਤਨੀ ਨੇ ਸਾਰੀ ਉਮਰ ਲੋਕਾਂ ਦਾ ਘੱਟਾ ਢੋਂਹਦਿਆਂ ਕੱਢੀ ਪਰ ਕਦੇ ਵੀ ਕਿਸੇ ਪਾਸੋਂ ਕੋਈ ਮਾਲੀ ਮਦਦ ਨਹੀਂ ਮਿਲੀ।

'ਦੇਸ਼ ਦੀ ਏਕਤਾ, ਅਖੰਡਤਾ' ਲਈ ਬਹਾਦਰੀ ਦੇ ਗੁਣਾਂ ਦਾ ਢੋਲ ਵਜਾਏ ਜਾਣ ਵਾਲੀ ਭਾਰਤੀ ਫ਼ੌਜ ਦੇ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਵਿਰੁੱਧ ਵਹਿਸ਼ਤ ਦੇ ਅਨੇਕਾਂ ਢੰਗਾਂ ਵਿੱਚੋਂ ਮਾਸੂਮ ਬੱਚੇ, ਬੱਚੀਆਂ ਨੂੰ ਵੀ ਗੋਲੀਆਂ ਨਾਲ ਨਿਸ਼ਾਨਾ ਬਣਾ ਕੇ ਉਨਾਂ ਨੂੰ ਖ਼ਤਮ ਕਰਨਾ ਤੇ ਦਹਿਸ਼ਤ ਪਾ ਕੇ ਰੱਖਣ ਦੀ ਕੁਚਾਲ ਹੈ, ਜੋ ਅੱਜ ਵੀ ਕਿਸੇ ਨਾਲ ਕਿਸੇ ਰੂਪ ਵਿੱਚ ਜਾਰੀ ਹੈ। ਜਰੂਰਤ ਹੈ ਸਿੱਖ ਨੌਜਵਾਨ ਪੀੜੀ ਨੂੰ ਉਨਾਂ ਨਾਲ ਹੋਏ ਅੰਨੇ ਤਸ਼ੱਦਦ ਤੋਂ ਜਾਣੂ ਕਰਵਾਉਣ ਦੀ ਤਾਂ ਕਿ ਸੜਕਾਂ, ਰੇਤਿਆਂ ਵਿੱਚ ਡੁੱਲਿਆ ਸਿੱਖਾਂ ਦਾ ਲਹੂ ਉਨਾਂ ਦੀ ਕੌਮਾਂ ਦੀਆਂ ਰਗਾਂ ਵਿੱਚ ਧੜਕਦਾ ਰਹੇ।

(**ਵਿਸ਼ੇਸ਼ ਨੋਟ**-ਇਸ ਅਣਗੌਲੀ ਖ਼ੂਨੀ ਘਟਨਾ ਨੂੰ ਸਾਹਮਣੇ ਲੈ ਕੇ ਆਉਣ ਵਿੱਚ ਦਲ ਖ਼ਾਲਸਾ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਸ਼ਹੀਦ ਖਾੜਕੂ ਸਿੰਘਾਂ ਦੇ ਭਰਾ ਭਾਈ ਸੁਰਿੰਦਰ ਸਿੰਘ ਨਥਾਣਾ ਦਾ ਅਥਾਹ ਯੋਗਦਾਨ ਹੈ।)

*(ਤਸਵੀਰਾਂ ਬਾਰੇ)*

***ਭਾਰਤੀ ਹਕੂਮਤ ਦੀਆਂ ਗੋਲੀਆਂ ਦਾ ਸ਼ਿਕਾਰ 14 ਸਾਲਾਂ ਮਾਸੂਮ ਬੱਚੀ ਰਾਣੀ ਦੇ ਮਾਤਾ ਪਿਤਾ ਜਾਣਕਾਰੀ ਦਿੰਦੇ ਹੋਏ।***

# ਕੁੱਠਾ ਖਾਣ ਦੀ ਮਨਾਹੀ ਅਤੇ ਝਟਕੇ ਵੱਲ ਰੁਝਾਨ

**ਡਾ. ਪਰਮਵੀਰ ਸਿੰਘ**

ਮੁਗ਼ਲ ਰਾਜ ਵਿਚ ਹਲਾਲ ਆਮ ਪ੍ਰਚਲਿਤ ਹੋਣ ਕਰਕੇ ਜਾਂ ਫਿਰ ਬਾਦਸ਼ਾਹਾਂ ਨੂੰ ਖੁਸ਼ ਕਰਨ ਲਈ ਗੈਰ-ਮੁਸਲਿਮ ਦਰਬਾਰੀ ਵੀ ਹਲਾਲ ਦਾ ਸੇਵਨ ਕਰਨ ਨੂੰ ਤਰਜੀਹ ਦਿੰਦੇ ਸਨ ਪਰ ਕਈ ਜਗਾ 'ਤੇ ਗੈਰ-ਮੁਸਲਮਾਨਾਂ ਨੂੰ ਜਬਰੀ ਹਲਾਲ ਖਾਣ 'ਤੇ ਮਜਬੂਰ ਵੀ ਕੀਤਾ ਜਾ ਰਿਹਾ ਸੀ। ਪ੍ਰਿੰ. ਤੇਜਾ ਸਿੰਘ ਦੱਸਦੇ ਹਨ, 'ਮੁਸਲਮਾਨ ਲੋਕ ਨਾ ਕੇਵਲ ਆਪ ਕੁੱਠਾ ਖਾਂਦੇ ਸਨ (ਜੋ ਉਨਾਂ ਦਾ ਹੱਕ ਸੀ), ਸਗੋਂ ਗੈਰ-ਮੁਸਲਮਾਨਾਂ ਨੂੰ ਮਜਬੂਰ ਕਰਦੇ ਸਨ ਕਿ ਓਹ ਵੀ ਕੁੱਠਾ ਖਾਣ। ਰਾਜਪੂਤ ਅਤੇ ਹੋਰ ਸਮਰੱਥਾ ਰੱਖਣ ਵਾਲੇ ਅਣਖੀ ਲੋਕ ਝਟਕਾ ਕਰ ਕੇ ਖਾਂਦੇ ਸਨ, ਪਰ ਮੁਸਲਮਾਨ ਇਸ 'ਤੇ ਜ਼ੋਰ ਦਿੰਦੇ ਸਨ ਕਿ ਜੇ ਕੋਈ ਹਿੰਦੂ ਮੁਰਗੇ, ਬੱਕਰੇ ਜਾਂ ਕਿਸੇ ਹੋਰ ਜਾਨਵਰ ਦਾ ਮਾਸ ਖਾਣਾ ਚਾਹੇ ਤਾਂ ਉਹ ਬੱਕਰੇ ਆਦਿ ਨੂੰ ਕਿਸੇ ਮੁਸਲਮਾਨ ਪਾਸ ਲਿਆਵੇ ਅਤੇ ਉਹ ਮੁਸਲਮਾਨ ਜਾਨਵਰ ਦੇ ਗਲੇ ਹੇਠਾਂ ਛੁਰੀ ਰਖ ਕੇ ਅਰਬੀ ਬੋਲੀ ਦਾ ਮੰਤਰ ਪੜਦਾ ਹੋਇਆ ਹੌਲੀ ਹੌਲੀ ਕੋਹੇ ਤਾਂ ਜਾ ਕੇ ਉਹ ਹਿੰਦੂ ਮਾਸ ਚੜਾਨ ਜੋਗਾ ਹੋਏ।'

ਧਾਰਮਿਕ ਤੌਰ 'ਤੇ ਵਖਰੇਵੇਂ ਹੋਣ ਦੇ ਬਾਵਜੂਦ ਵੀ ਕੇਵਲ ਹਕੂਮਤ ਨੂੰ ਖੁਸ਼ ਕਰਨ ਵਾਲੀ ਜੀਵਨ ਜਾਚ ਧਾਰਨ ਕਰਨ ਦਾ ਗੁਰੂ ਸਾਹਿਬਾਨ ਨੇ ਵਿਰੋਧ ਕੀਤਾ ਸੀ। ਗੁਰੂ ਨਾਨਕ ਦੇਵ ਨੇ ਇਸ ਸਬੰਧੀ ਆਵਾਜ਼ ਬੁਲੰਦ ਕਰਦੇ ਹੋਏ ਆਦੇਸ਼ ਕੀਤਾ :-

**ਅਭਾਖਿਆ ਕਾ ਕੁਠਾ ਬਕਰਾ ਖਾਣਾ।।**
**ਚਉਕੇ ਉਪਰਿ ਕਿਸੈ ਨ ਜਾਣਾ।।**

ਸਿੱਖਾਂ ਵਿਚ ਮਾਸ ਖਾਣ ਜਾਂ ਨਾ ਖਾਣ ਸਬੰਧੀ ਚਰਚਾ ਆਮ ਚਲਦੀ ਰਹਿੰਦੀ ਹੈ। ਗੁਰੂ ਨਾਨਕ ਦੇਵ ਮਾਸ ਖਾਣ ਜਾਂ ਨਾ ਖਾਣ ਦਾ ਝਗੜਾ ਪੈਦਾ ਕਰਨ ਵਾਲਿਆਂ ਨੂੰ ਮੂਰਖ ਕਹਿੰਦੇ ਹਨ। ਉਨਾਂ ਦੁਆਰਾ ਇਸ ਵਿਸ਼ੇ 'ਤੇ ਕੀਤੀ ਵਿਸਤਾਰਪੂਰਵਕ ਚਰਚਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਸਿੱਖ ਰਹਿਤ ਦੇ ਨਿਯਮਾਂ ਦੀ ਭਰਪੂਰ ਵਿਆਖਿਆ ਰਹਿਤਨਾਮਿਆਂ ਦੇ ਲਿਖਾਰੀਆਂ ਨੇ ਕੀਤੀ ਹੈ।

ਪ੍ਰੇਮ ਸੁਮਾਰਗ ਗ੍ਰੰਥ ਦਾ ਕਰਤਾ ਕਹਿੰਦਾ ਹੈ, 'ਅਰੁ ਜੋ ਕਿਛੁ ਗੁਰੂ ਬਾਬੇ ਨੇ ਦਿੱਤਾ ਹੋਵੈ। ਤਾਂ ਘ੍ਰਿਤ ਭਲਾ ਖਾਇ। ਘ੍ਰਿਤ ਖਾਨੇ ਮੈ ਸਿਆਣਪ (ਕੰਜੂਸੀ) ਨ ਕਰੈ। ਹੋਰ ਬਸਤ ਮੈਂ ਸਿਆਣਪ ਕਰੈ, ਘ੍ਰਿਤ ਅਰੁ ਦੂਧ ਖਾਏ। ਦੇਹੀ ਬਹੁਤ ਸੁਖੀ ਰਹੈ। ਮਾਸ ਖਾਨੇ ਮੈ ਭੀ ਤਕਸੀਰ ਨ ਕਰੈ। ਇਹ ਭੀ ਦੇਹੀ ਨੂੰ ਰਤਨ ਹੋਇ ਲਗੈ।'

ਸਿੱਖ ਰਹਿਤ ਮਰਯਾਦਾ ਵਿਚ ਕਿਹਾ ਗਿਆ ਹੈ ਕਿ ਸਿੱਖ ਨੇ ਕੁਠਾ ਨਹੀਂ ਖਾਣਾ। ਜੋ ਸਿੱਖ ਕੁਠਾ ਖਾਂਦਾ ਹੈ ਉਸਨੂੰ ਤਨਖਾਹੀਆ ਕਿਹਾ ਗਿਆ ਹੈ - ਜੋ ਕੁੱਠਾ ਖਾਏ ਸੋ ਨੀਚ ਤਨਖਾਹੀਆ। ਅਜਿਹੇ ਦਿਸ਼ਾ ਨਿਰਦੇਸ਼ਾਂ ਨਾਲ ਸਿੱਖਾਂ ਵਿਚ ਕੁੱਠਾ ਖਾਣ ਦੀ ਪ੍ਰੰਪਰਾ ਤਾਂ ਪ੍ਰਚਲਿਤ ਨਹੀਂ ਹੋਈ ਪਰ ਮਾਸ ਖਾਣ ਦੀ ਮਜਬੂਰੀ ਜਾਂ ਸੁਆਦ ਨੇ ਉਨਾਂ ਨੂੰ ਝਟਕਾ ਖਾਣ ਵੱਲ ਰੁਚਿਤ ਕਰ ਦਿਤਾ।

ਕੁਠੇ ਅਤੇ ਝਟਕੇ ਦਾ ਵਿਸ਼ਲੇਸ਼ਣ ਕਰਦੇ ਹੋਏ ਭਾਈ ਕਾਨ ਸਿੰਘ ਨਾਭਾ ਕਹਿੰਦੇ ਹਨ, 'ਮੁਸਲਮਾਨੀ ਤਰੀਕੇ ਨਾਲ ਕੁਠਾ ਜੀਵ ਦਾ ਮਾਸ ਸਿੱਖ ਮੱਤ ਵਿਚ ਨਿਸ਼ੇਧ ਕੀਤਾ ਗਿਆ ਹੈ, ਕਿਉਂਕਿ ਜੀਵ ਮਾਰਨ ਵਿਚ ਹੱਦੋਂ ਵੱਧ ਕੇ ਬੇਰਹਿਮੀ ਹੁੰਦੀ ਹੈ, ਅਰਥਾਤ ਅੱਧਾ ਜ਼ਿਬਹ ਕੀਤਾ ਹੋਇਆ ਜੀਵ ਤੜਫ ਤੜਫ ਕੇ ਚਿਰ ਵਿਚ ਪ੍ਰਾਣ ਦਿੰਦਾ ਹੈ। ਭਯ ਅਤੇ ਦੁੱਖ ਦਾ ਪ੍ਰਭਾਵ ਜੋ ਜੀਵ 'ਤੇ ਉਸ ਦਸ਼ਾ ਵਿਚ ਹੋਇਆ ਕਰਦਾ ਹੈ, ਉਸ ਦਾ ਸੂਖਮ ਅਸਰ ਮਾਸ ਖਾਣ ਵਾਲੇ 'ਤੇ ਅਵੱਸ਼ ਹੁੰਦਾ ਹੈ। 'ਸਤਿ ਸ੍ਰੀ ਅਕਾਲ' ਕਹਿ ਕੇ ਸ਼ਸਤ੍ਰ ਦੇ ਇਕ ਪ੍ਰਹਾਰ ਨਾਲ ਸਿਰ ਅਲੱਗ ਕਰਨ ਦਾ ਨਾਮ ਝਟਕਾ ਹੈ। ਸਿੱਖਾਂ ਵਿਚ ਝਟਕੇ ਦਾ ਮਾਸ ਇਸ ਲਈ ਵਿਧਾਨ ਹੈ ਕਿ ਇਕ ਤਾਂ ਸ਼ਸਤ੍ਰ ਪ੍ਰਹਾਰ ਦਾ ਅਭਿਆਸ ਹੁੰਦਾ ਹੈ, ਦੂਜੇ ਜੀਵ ਮਾਰਨ ਵਿਚ ਨਿਰਦਯਤਾ ਘੱਟ ਹੁੰਦੀ ਹੈ। ਜੇ ਇਕ ਵਾਰ ਨਾਲ ਸਿਰ ਧੜ ਤੋਂ ਜੁਦਾ ਨਾ ਹੋਵੇ, ਤਾਂ ਪਟਕਾ ਆਖੀਦਾ ਹੈ, ਜੋ ਖਾਣਾ ਨਿੰਦਿਤ ਹੈ। ਝਟਕਾ ਬੰਦੂਕ ਨਾਲ ਭੀ ਕੀਤਾ ਜਾਂਦਾ ਹੈ। ਇਸ ਵੇਲੇ ਸੂਰਬੀਰ ਸਿੱਖ ਕੌਮ ਵਿਚ ਜੈਨ ਮਤ ਦਾ ਅਸਰ ਪ੍ਰਤੀਤ ਹੋ ਰਿਹਾ ਹੈ। ਝਟਕੇ ਤੋਂ ਨਫਰਤ ਫੈਲ ਰਹੀ ਹੈ। ਕਈ ਧਰਮ ਆਗੂ ਉਪਦੇਸ਼ ਦਿੰਦੇ ਹਨ ਕਿ ਮਾਸ ਦਾ ਮੂਲੋਂ ਤਿਆਗ ਕਰੋ। ਅਸੀਂ ਇਹ ਮੰਨਦੇ ਹਾਂ ਕਿ ਮਾਸ ਖਾਣਾ ਸਿੱਖੀ ਦਾ ਨਿਯਮ ਨਹੀਂ, ਪਰ ਮਾਸ ਦਾ ਤਿਆਗ ਵੀ ਸਿੱਖੀ ਦਾ ਅੰਗ ਨਹੀਂ। ਮਾਸ ਦਾ ਵਰਤਣਾ ਅਥਵਾ ਨਾ ਖਾਣਾ ਅਧਿਕਾਰ (ਗ੍ਰੰਥੀ, ਪੁਜਾਰੀ, ਰਾਜ ਕਰਮਚਾਰੀ, ਯੋਧਾ ਸਿਪਾਹੀ ਆਦਿਕ) ਅਤੇ ਦੇਸ਼ ਦੀ ਆਬੋ ਹਵਾ ਅਨੁਸਾਰ ਹੈ। ਜੋ ਲੋਕ ਸੂਖਮ ਬੁਧੀ ਨਾਲ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਵਿਚਾਰਦੇ ਹਨ, ਉਹ ਇਸ ਸਿਧਾਂਤ ਨੂੰ ਚੰਗੀ ਤਰਾਂ ਸਮਝਦੇ ਹਨ।'

ਸਿੱਖ ਨੇ ਕੀ ਖਾਣਾ ਹੈ ਜਾਂ ਕੀ ਨਹੀਂ। ਇਸ ਸਬੰਧੀ ਗੁਰੂ ਨਾਨਕ ਦੇਵ ਦਾ ਸਪੱਸ਼ਟ ਦਿਸ਼ਾ ਨਿਰਦੇਸ਼ ਹੈ ਕਿ ਜਿਸ ਵਸਤੂ ਦੇ ਖਾਣ ਨਾਲ ਮਨ ਵਿਚ ਵਿਕਾਰ ਪੈਦਾ ਹੋਣ, ਪੇਟ ਖਰਾਬ ਹੋ ਜਾਵੇ ਜਾਂ ਕਿਸੇ ਹੋਰ ਰੂਪ ਵਿਚ ਸਰੀਰਕ ਜਾਂ ਮਾਨਸਿਕ ਰੋਗ ਪੈਦਾ ਹੋਣ, ਉਹ ਵਸਤੂ ਖਾਣੀ ਵਰਜਿਤ ਹੈ। ਅਜਿਹੀ ਹੀ ਇਕ ਟਿਪਣੀ ਪ੍ਰੇਮ ਸੁਮਾਰਗ ਗ੍ਰੰਥ ਵਿਚ ਕਰਦੇ ਹੋਏ ਕਿਹਾ ਗਿਆ ਹੈ ਕਿ 'ਜੋ ਇਸ ਪ੍ਰਾਣੀ ਨੂੰ ਖਾਣਾ ਪੀਣਾ ਅੰਗੀਕਾਰ ਕਰਨਾ ਕਹਿਆ ਹੈ। ਜਹਾਂ ਤਕ ਅੰਨ ਹੈ। ਸੋ ਸਭ ਉਚਿਤ ਹੈ ਖਾਣੇ। ਅਰੁ ਜੋ ਖਟ ਕਰਮੀ ਕਹਤੇ ਹੈਂ : 'ਅਮਕਾ ਅੰਨ ਨ ਖਾਈਏ' ਸੋ ਸਭ ਭਰਮ ਹੈ। ਅੰਨ ਸਭ ਪਵਿਤ੍ਰ ਹੈ। ਏਕ ਯਹ ਖਾਣੇ ਵਾਲਾ ਅਪਵਿਤ੍ਰ ਹੈ। ਜਿਸ ਦੇ ਕਿ ਸੰਗ ਸਿਉਂ ਬਿਗੜਿ ਗਇਆ। ਕੁਚੀਲ ਹੋਇ ਗਇਆ। ਥੁੱਕਾਂ ਲੱਗੀਆਂ ਪਵਨਿ। ਕੰਦ ਮੂਲ ਸਭ ਉੱਚਿਤ ਹੈ, ਜੋ ਸਭ ਜ਼ਮੀਨ ਦੇ ਤੇਜ਼ 'ਤੇ ਪੈਦਾ ਹੋਇਆ, ਇਹ ਤ੍ਰਕਾਰੀ ਹੈ। ਸਾਗ ਜਹਾਂ ਤਕ ਹੈ, ਸੋ ਸਭ ਪਵਿਤ੍ਰ ਹੈ। ਜੋ ਇਨਾਂ ਵਸਤਾਂ ਮੈ ਸੇ ਅਪਨੀ ਦੇਹੀ ਨੂੰ ਮਾਫਿਕ ਹੋਵੇ। ਸੋ ਸਭ ਖਾਏ। ਮਾਸ ਖਾਣੇ ਮੈ ਬੀਚਾਰ ਹੈ। ਮੱਛੀ ਖਾਣੇ ਮੈ ਭੀ ਬੀਚਾਰ ਹੈ। ਕਿਉਂ ਕਰਿ ਕਿ - ਪ੍ਰਿਥਮ ਤਉ ਅਖੇਟ ਬ੍ਰਿਤ (ਸ਼ਿਕਾਰ) ਕਰਿ ਖਾਏ। ਜਿਸ ਹਥਿਆਰ ਨਾਲ ਮਾਰੇ, ਉਸੀ ਕੋ ਪਵਿਤ੍ਰ ਕਰਿ ਜਾਨੈ। ਅਰੁ ਜੋ ਸ਼ਿਕਾਰ ਕਰਿ ਨਾ ਸਕੈ, ਝਟਕੇ ਕਾ ਖਾਇ। ਅਰੁ ਜੋ ਕਦਾਂਚ ਜਾਨਵਰ ਕੋ ਅਚਾਨਕ ਚੋਟ ਲਗੇ ਜੀਵਤੇ। ਤਾਂ ਉਸ ਦਾ ਮਾਸ ਭੀ ਖਾਣਾ ਕਹਿਆ ਹੈ।'

ਮਾਸ ਖਾਣ ਦੀ ਪ੍ਰਥਾ ਸਿੱਖਾਂ ਵਿਚ ਵਧੇਰੇ ਕਰਕੇ ਪ੍ਰਚਿਲਤ ਰਹੀ ਹੈ। ਕਿਹਾ ਜਾਂਦਾ ਹੈ ਕਿ, 'ਪੰਥ ਵਿਚ ਨਵਾਬ ਕਪੂਰ ਸਿੰਘ ਤੋਂ ਦੂਜੇ ਦਰਜੇ ਤੇ ਸ. ਜੱਸਾ ਸਿੰਘ ਸਮਝਿਆ ਜਾਂਦਾ ਸੀ, ਬੜਾ ਤਾਕਤ ਵਾਲਾ ਤੇ ਉਚੀ ਡੀਲ ਡੌਲ ਦਾ ਸੀ, ਅੱਧਾ ਬਕਰਾ ਇਕੱਲਾ ਖਾ ਜਾਂਦਾ ਸੀ। ਨਿਤਾਪ੍ਰਤੀ ਇਕ ਸੇਰ ਮੱਖਣ ਮਿਸਰੀ ਨਾਲ ਛਕਿਆ ਕਰਦਾ ਸੀ।' ਸਿੱਖ ਰਹਿਤ ਨਾਲ ਸਬੰਧਤ ਰਚਨਾਵਾਂ ਵਿਚ ਇਹ ਜ਼ਿਕਰ ਵੀ ਵੇਖਣ ਨੂੰ ਮਿਲਦਾ ਹੈ ਕਿ ਸਿੱਖ ਨੇ ਮਾਸ ਦੀ ਵਰਤੋਂ ਕਦੋਂ ਨਹੀਂ ਕਰਨੀ, 'ਜਿਸ ਸਿੰਘਣੀ ਦਾ ਸਿੰਘ ਭਰਤਾ ਅਥਵਾ ਪੁੱਤਰ ਚਲਿਆ ਹੋਇ। ਉਸ ਨੂੰ ਚਾਹੀਏ ਜੋ ਘ੍ਰਿਤ ਕਮ ਖਾਏ, ਲੋਣ ਥੋੜਾ ਬਹੁਤ ਖਾਏ। ਜੋ ਅਲੂਣਾ ਖਾਏ ਤਾਂ ਬਹੁਤ ਭਲਾ ਹੈ। ਮਾਸ ਨਾ ਖਾਏ।'

ਮੁਗ਼ਲ ਹਕੂਮਤ ਤੋਂ ਬਾਅਦ ਅੰਗਰੇਜ਼ ਸਰਕਾਰ ਦੇ ਸਮੇਂ ਸਥਾਪਤ ਹੋਣ ਵਾਲੀਆਂ ਪ੍ਰਾਂਤਕ ਸਰਕਾਰਾਂ ਵਿਚ ਵੀ ਹਲਾਲ ਖਾਣ ਨੂੰ ਪ੍ਰਵਾਨਗੀ ਮਿਲਦੀ ਰਹੀ ਅਤੇ ਝਟਕੇ ਪ੍ਰਤੀ ਬੇਰੁਖੀ ਕਾਇਮ ਰਹੀ। ਪੰਜਾਬ ਵਿਚ 1937 ਈਸਵੀ ਵਿਚ ਮੁਸਲਿਮ ਬਹੁਗਿਣਤੀ ਵਾਲੀ ਸਰਕਾਰ ਕਾਇਮ ਹੋਈ ਤਾਂ ਝਟਕੇ ਨੂੰ ਕਾਨੂੰਨੀ ਪ੍ਰਵਾਨਗੀ ਦਿਵਾਉਣ ਲਈ ਕਰਤਾਰ ਸਿੰਘ ਐਮ. ਐਲ. ਏ. ਨੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਵਿਚ 'ਝਟਕਾ ਬਿਲ' ਪੇਸ਼ ਕੀਤਾ ਜਿਸ ਦੀ ਪ੍ਰੋੜਤਾ ਅਤੇ ਸਮਰਥਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 9, 1938 ਨੂੰ ਹੋਏ ਆਪਣੇ ਸਾਲਾਨਾ ਸਮਾਗਮ ਵਿਚ ਕਰਦੇ ਹੋਏ ਕਿਹਾ :-

1. ਇਹ ਸਮਾਗਮ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਸਿੱਖ ਤੇ ਗੈਰ-ਸਿੱਖ ਸਮੂਹ ਮੈਂਬਰਾਂ ਪਾਸ ਜ਼ੋਰਦਾਰ ਅਪੀਲ ਕਰਦਾ ਹੈ ਕਿ ਉਹ ਝਟਕਾ ਬਿਲ ਦੀ ਪੁਰਜ਼ੋਰ ਤਾਈਦ ਕਰਨ ਤਾਂ ਕਿ ਪੰਜਾਬ ਵਿਚ ਝਟਕੇ ਦੀ ਆਜ਼ਾਦੀ ਦੇ ਰਾਹ ਵਿਚ ਜੋ ਰੋਕਾਂ ਪਾਈਆਂ ਹੋਈਆਂ ਹਨ, ਉਹ ਦੂਰ ਹੋ ਜਾਣ।

2. ਇਹ ਸਮਾਗਮ ਸਮੂਹ ਸਿੱਖ ਸੰਗਤਾਂ ਤੇ ਪੰਥਕ ਜਲਸਿਆਂ ਦਾ ਧਿਆਨ ਝਟਕੇ 'ਤੇ ਲੱਗੀਆਂ ਹੋਈਆਂ ਅਯੋਗ ਰੋਕਾਂ ਨੂੰ ਦੂਰ ਕਰਨ ਵੱਲ ਦਿਵਾਉਂਦਾ ਹੋਇਆ ਸਮੂਹ ਸਿੱਖ ਸੰਗਤਾਂ ਨੂੰ ਤਾਈਦ ਕਰਦਾ ਹੈ ਕਿ ਉਹ ਇਸ ਝਟਕੇ ਬਿਲ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਉਣ ਤਾਂ ਕਿ ਇਹ ਬਿਲ ਕਾਨੂੰਨ ਬਣ ਜਾਵੇ।

ਪੰਜਾਬ ਅਸੈਂਬਲੀ ਵਿਚ ਇਹ ਬਿਲ ਪਾਸ ਹੋ ਗਿਆ ਸੀ ਪਰ ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਵੀ ਸਿੱਖਾਂ ਅਤੇ ਹੋਰਨਾਂ ਗੈਰ-ਮੁਸਲਿਮ ਲੋਕਾਂ ਵਿਚ ਝਟਕੇ ਦਾ ਸੇਵਨ ਜ਼ੋਰ ਨਾ ਫੜ ਸਕਿਆ ਕਿਉਂਕਿ ਹਲਾਲ ਸਸਤਾ ਸੀ ਅਤੇ ਝਟਕਾ ਮਹਿੰਗਾ। 10 ਮਾਰਚ 1945 ਨੂੰ ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕਰਕੇ ਝਟਕੇ ਨੂੰ ਸਸਤਾ ਕਰਨ 'ਤੇ ਜ਼ੋਰ ਦਿਤਾ ਤਾਂ ਕਿ ਹਲਾਲ ਖਾਣ ਵੱਲ ਸਿੱਖਾਂ ਦੀ ਰੁਚੀ ਘਟ ਸਕੇ। ਮਤੇ ਵਿਚ ਫੈਸਲਾ ਕੀਤਾ ਗਿਆ ਕਿ, 'ਸਿੱਖਾਂ ਵਿਚ ਝਟਕੇ ਮਾਸ ਨੂੰ ਸਸਤਾ ਕਰਨ ਦੇ ਯਤਨ ਕਰ ਕੇ ਕੁੱਠੇ ਦੀ ਵਰਤੋਂ ਹਟਾਉਣੀ।'

ਸਿੱਖ ਲੰਮਾ ਸਮਾਂ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਵਿਚ ਰੁਝੇ ਰਹੇ ਅਤੇ ਜੰਗਲਾਂ ਜਾਂ ਪਹਾੜਾਂ ਵਿਚ ਸਰੀਰਕ ਲੋੜਾਂ ਦੀ ਪੂਰਤੀ ਹਿਤ ਝਟਕਾ ਉਨਾਂ ਦੇ ਜੀਵਨ ਦਾ ਅੰਗ ਬਣ ਗਿਆ ਸੀ। ਪਰ ਸਮੇਂ ਦੇ ਬਦਲਦੇ ਹਾਲਾਤਾਂ ਅਨੁਸਾਰ ਉਨਾਂ ਦੇ ਜੀਵਨ ਵਿਚ ਵੈਸ਼ਣਵ ਮੱਤ ਦਾ ਪ੍ਰਭਾਵ ਵਧਣ ਲੱਗਾ ਹੈ ਅਤੇ ਉਹ ਮਾਸ ਖਾਣ ਨੂੰ ਧਰਮ-ਵਿਰੋਧੀ ਕਾਰਜ ਸਮਝਣ ਲੱਗੇ ਹਨ। ਇਹ ਸਪੱਸ਼ਟ ਹੈ ਕਿ ਸੰਗਤ ਵਿਚ ਵਰਤਾਏ ਜਾ ਰਹੇ ਲੰਗਰ ਵਿਚ ਮਾਸ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਉਹ ਸਭਨਾਂ ਧਰਮਾਂ ਦੇ ਲੋਕਾਂ ਲਈ ਸਾਂਝਾ ਹੈ ਪਰ ਸਿੱਖ ਅਕਸਰ ਆਪਣੇ ਘਰਾਂ ਵਿਚ ਮਾਸ ਦਾ ਸੇਵਨ ਕਰਦੇ ਸਨ। ਇਸ ਦੇ ਨਾਲ ਹੀ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਮਾਸ ਜ਼ਰੂਰੀ ਖਾਣ ਦਾ ਆਦੇਸ਼ ਵੀ ਨਹੀਂ ਹੈ। ਪਰ ਜਦੋਂ ਸਿੱਖਾਂ ਵਿਚ ਕੁੱਠਾ ਖਾਣ ਦਾ ਜ਼ੋਰ ਵਧਣ ਲੱਗਿਆ ਤਾਂ ਆਗੂਆਂ ਨੇ ਝਟਕੇ ਦੇ ਸੇਵਨ ਨੂੰ ਪੂਰਨ ਮਜ਼ਬੂਤੀ ਅਤੇ ਦ੍ਰਿੜਤਾ ਪੂਰਬਕ ਪ੍ਰਚਾਰਿਆ।

ਇਸ ਤਰਾਂ ਕੁੱਠੇ ਦੀ ਵਰਤੋਂ ਸਬੰਧੀ ਸਿੱਖ ਰਹਿਤ ਮਰਯਾਦਾ ਵਿਚ ਜਾਰੀ ਕੀਤੀ ਬੱਜਰ ਕੁਰਹਿਤ ਤੋਂ ਰੋਕਣ ਲਈ ਯਤਨ ਕੀਤੇ ਜਾਂਦੇ ਰਹੇ ਅਤੇ ਝਟਕੇ ਦਾ ਰਿਵਾਜ ਸਿੱਖਾਂ ਵਿਚ ਜ਼ੋਰ ਫੜ ਗਿਆ।

# ਗੁਰਦੁਆਰਾ ਨਾਨਕਮਤਾ ਉਤਰਾਖੰਡ: ਰਾਜਨੀਤੀ ਦੀ ਭੇਟ ਚੜੀ ਮਰਿਆਦਾ

**ਅਮਰਜੀਤ ਅਰਪਨ**

ਬੀਤੀ 24 ਜੁਲਾਈ ਦੀ ਘਟਨਾ ਰੁਦਰਪੁਰ ਨੇੜੇ ਇਤਿਹਾਸਕ ਗੁਰਦੁਆਰਾ ਨਾਨਕਮਤਾ ਵਿਖੇ ਸੰਗਤਾਂ ਜੁੜੀਆਂ ਹਨ, ਦੀਵਾਨ ਚੱਲ ਰਿਹਾ ਹੈ। ਇਸੇ ਦੌਰਾਨ ਹੀ ਫ਼ੌਜੀ ਬੈਂਡ ਦੀ ਧੁਨ ਸੁਣਾਈ ਦਿੰਦੀ ਹੈ। ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਕਿਸੇ ਵੱਡੀ ਸ਼ਖ਼ਸੀਅਤ ਦੀ ਆਉ ਭਗਤ ਲਈ ਕੁੜੀਆਂ ਦੇ ਡਾਂਸ ਦਾ ਪ੍ਰਬੰਧ ਕੀਤਾ ਹੋਇਆ ਹੈ। ਮੁੱਖ ਦਰਵਾਜ਼ੇ ਤੇ ਗੁਬਾਰੇ ਲਟਕਾਏ ਹੋਏ ਹਨ। ਇਹ ਕੀਹਦੀ ਮਿਜਾਜ਼ ਪੁਰਸ਼ੀ ਹੋ ਰਹੀ ਹੈ? ਇਹ ਹਨ ਉਤਰਾਖੰਡ ਦੇ ਬੀਜੇਪੀ ਦੇ ਨਵੇਂ ਬਣੇ 'ਮੁੱਖ ਮੰਤਰੀ ਸਾਹਿਬਾਨ'। ਕੋਈ ਵੀ ਰਾਜਾ, ਮੰਤਰੀ, ਪ੍ਰਧਾਨ ਮੰਤਰੀ ਅਗਰ ਕੋਈ ਗੁਰੂ ਦੇ ਸਥਾਨ 'ਤੇ ਆਉਂਦਾ ਨਿਮਾਣਾ ਜੀਵ ਬਣ ਕੇ ਆਉਂਦਾ ਹੈ। ਇਥੇ ਤਾਂ ਗੰਗਾ ਹੀ ਉਲਟੀ ਵੱਗ ਰਹੀ ਹੈ। ਮੁੱਖ ਮੰਤਰੀ ਦੇ ਨਾਲ ਚਾਟੜਿਆਂ ਦੀ ਧਾੜ, ਸਿੱਖ ਸਮੁਦਾਇ ਵਿਚ ਕੁਝ ਸੱਜਣ ਜੋ ਲਾਜ਼ਮੀ ਉਥੋਂ ਦੀ ਬੀਜੇਪੀ ਨਾਲ ਜੁੜੇ ਹੋਣਗੇ। ਇਹ ਕੋਈ ਮਸਲਾ ਨਹੀਂ ਕਿ ਉਹ ਕਿਹੜੀ ਪਾਰਟੀ ਨਾਲ ਜੁੜਦੇ ਹਨ, ਇਹ ਉਨਾਂ ਦਾ ਲੋਕਤੰਤਰੀ ਅਧਿਕਾਰ ਹੈ। ਪਰ ਸਿੱਖੀ ਭੇਸ ਦੇ ਵਿਚ ਸਿੱਖ ਸਿਧਾਂਤ ਅਤੇ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਜਾਣ, ਇਹ ਕੋਈ ਸੱਚਾ ਸਿੱਖ ਕਿਵੇਂ ਬਰਦਾਸ਼ਤ ਕਰ ਲਵੇਗਾ?

ਸਿੱਖ ਇਤਿਹਾਸ ਵਿਚ ਮੱਸਾ ਰੰਘੜ ਬਾਰੇ ਤਾਂ ਪੜਿਆ ਹੈ ਕਿ ਉਸ ਪਾਪੀ ਨੇ ਸਿੱਖਾਂ ਦੇ ਪਵਿੱਤਰ ਸਥਾਨ ਹਰਮੰਦਿਰ ਸਾਹਿਬ ਦੀ ਮਾਣ ਮਰਿਆਦਾ ਮਿੱਟੀ ਵਿੱਚ ਰੋਲੀ ਸੀ ਅਤੇ ਫਿਰ ਗੁਰੂ ਦੇ ਇਨਕਲਾਬੀ ਸਿੱਖਾਂ ਨੇ ਮੱਸੇ ਰੰਗੜ ਨਾਲ ਕੀ ਕੀਤੀ, ਇਹ ਵੀ ਸਿੱਖ ਇਤਿਹਾਸ ਦਾ ਬੜਾ ਅਣਖੀਲਾ ਤੇ ਬੇਹੱਦ ਸ਼ਾਨਦਾਰ ਚੈਪਟਰ ਹੈ। ਉਹ ਇਹ ਕਿ ਮੱਸੇ ਰੰਘੜ ਦਾ ਸਿਰ ਵੱਢ ਕੇ ਗੁਰੂ ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ, ਇਹ ਹੁੰਦੀ ਹੈ ਸੱਚੀ ਸੁੱਚੀ ਸਪਿਰਟ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਗੁਰੂ ਦੇ ਸਿੱਖ ਹਨ? ਕੀ ਕੋਈ ਬਾਣਾ ਪਾਉਣ ਨਾਲ ਸਿੱਖ ਬਣ ਜਾਂਦਾ ਹੈ? ਇਸ ਮੁੱਦੇ ਨੂੰ ਫਰੋਲਦਿਆਂ ਅਨੇਕਾਂ ਹੋਰ ਸੁਆਲ ਉਠ ਖੜੇ ਹੋਣਗੇ। ਇਥੇ ਇਹ ਕਹਿਣਾ ਪੈ ਰਿਹਾ ਹੈ ਕਿ ਇਹ ਐਡੇ ਨਿਗੁਰੇ ਹੋ ਗਏ ਹਨ ਕਿ ਇਹ ਆਪਣਾ ਇਤਿਹਾਸ ਹੀ ਭੁੱਲ ਬੈਠੇ। ਜਾਂ ਫਿਰ ਇਹ ਕਿ ਇਹ ਗੰਦੀ ਰਾਜਨੀਤੀ ਵਿੱਚ ਐਨੇ ਡੁੱਬ ਚੁੱਕੇ ਹਨ ਕਿ ਟਕੇ ਦੀ ਰਾਜਨੀਤੀ ਪਿੱਛੇ ਸਿੱਖ ਇਤਿਹਾਸ ਨੂੰ ਹੀ ਪਿੱਠ ਦੇ ਖਲੋਤੇ। ਗੁਰੂ ਸਾਹਿਬਾਨ ਨੇ ਮਸੰਦ ਬਣਾਏ ਤੇ ਉਹੀ ਮਸੰਦ ਸੰਸਥਾ ਕੁਰਾਹੇ ਪੈਣ ਤੇ ਗੁਰੂ ਸਾਹਿਬਾਨਾਂ ਨੇ ਹੀ ਚੁੱਕ ਕੇ ਪਰਾਂ ਵਗਾ ਮਾਰੀ।

ਹੁਣ ਤਾਂ ਸਾਡੇ ਕੋਲ 'ਸ਼ਬਦ ਗੁਰੂ' ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਹੁਣ ਤਾਂ ਸਾਡੇ ਰਹਿਨੁਮਾਵਾਂ ਨੇ ਸੋਚਣਾ ਹੈ ਕਿ ਸਿੱਖ ਸਿਧਾਂਤ ਤੇ ਗੁਰ ਇਤਿਹਾਸ ਦੀ ਰੌਸ਼ਨੀ ਵਿਚ ਕੀ ਕਦਮ ਚੁੱਕਣੇ ਹਨ? ਮੌਕੇ ਦੀ ਮੈਨੇਜਿੰਗ ਕਮੇਟੀ ਦੇ ਚੁਣੇ ਮੈਂਬਰਾਂ ਨੂੰ ਮੁਅੱਤਲ ਕਰ ਦੇਣਾ, ਇਹ ਕੋਈ ਪੱਕਾ ਹੱਲ ਤਾਂ ਨਹੀਂ।

ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਦੇ ਰੌਸ਼ਨ ਚਿਰਾਗ ਥੱਲੇ ਮੌਜੂਦਾ ਸਮਿਆਂ ਵਿੱਚ ਆਪਣੀ ਪੀੜੀ ਥੱਲੇ ਸੋਟਾ ਮਾਰਨ ਦੀ ਜ਼ਰੂਰਤ ਹੈ। ਇਹ ਲਾਜ਼ਮੀ ਹੈ ਕਿ ਦੀਵੇ ਥੱਲੇ ਹਨੇਰਾ ਪਸਰਿਆ ਹੋਇਆ ਹੈ। ਰਾਜਨੀਤੀ ਕੋਈ ਮਾੜੀ ਨਹੀਂ, ਇਸ ਨੂੰ ਚਲਾਉਣ ਵਾਲੇ ਮਾੜੇ ਹਨ।ਸਾਡੀ ਰਾਜਨੀਤੀ ਤੇ ਬੌਣੇ ਆਦਮੀ ਚੜ ਖਲੋਤੇ ਹਨ।ਬੌਣੇ ਆਦਮੀ ਦਾ ਕਿਰਦਾਰ ਹਮੇਸ਼ਾ ਬੌਣਾ ਹੀ ਹੁੰਦਾ ਹੈ। ਜੇਕਰ ਬੌਣੇ ਆਦਮੀ ਸਿੰਘਾਸਨ ਤੇ ਬੈਠਣਗੇ ਤਾਂ ਫਿਰ ਸਮਾਜ ਨਿਘਾਰ ਵੱਲ ਜਾਵੇਗਾ। ਸਮਾਜ ਨਿਘਰੇਗਾ ਤਾਂ ਸਾਡੇ ਚੌਂਹ ਪਾਸੀਂ ਬੌਣੇ ਕਿਰਦਾਰਾਂ ਵਾਲੇ ਉੱਧਲ ਪੱਟੀ ਮਚਾਉਣਗੇ। ਰੂੜੀਆਂ ਤੇ ਚੜ ਕੇ ਕੁੱਕੜ ਆਪਣੇ ਹੀ ਝਾਟੇ ਵਿਚ ਖੇਹ ਪਾਉਂਦੇ ਦਿੱਸਣਗੇ। ਇਹ ਵੀ ਤਾਂ ਖੇਹ ਹੀ ਉਡਾਈ ਜਾ ਰਹੀ ਹੈ। ਕੀ ਕੋਈ ਕਸਰ ਬਚੀ ਏ? ਮੁੱਖ ਮੰਤਰੀ ਨਾਲ ਧਾੜ ਦੀ ਧਾੜ ਮੱਥਾ ਟੇਕਣ ਏਦਾਂ ਪਹੁੰਚੀ ਜਿਵੇਂ ਕੋਈ ਜੰਗ ਜਿੱਤਣੀ ਹੋਵੇ। ਵਾਇਰਲ ਹੋ ਰਹੀ ਵੀਡਿਓ ਨੂੰ ਜ਼ਰਾ ਗਹੁ ਨਾਲ ਵੇਖੋ ਤਾਂ ਮੁੱਖ ਮੰਤਰੀ ਨਾਲ ਇਕ ਸ਼ਖਸ ਮੱਥਾ ਟੇਕਦਿਆਂ ਦੂਜੇ ਨੂੰ ਫੋਟੋ ਖਿੱਚਣ ਲਈ ਮੋਬਾਇਲ ਦੇ ਰਿਹਾ ਹੈ, ਬਈ ਮੱਥਾ ਟੇਕਦਿਆਂ ਮੇਰੀ ਫੋਟੋ ਆਉਣੀ ਚਾਹੀਦੀ ਹੈ। ਫੋਟੋ ਇਸ ਕਰਕੇ ਨਹੀਂ ਖਿੱਚੀ ਜਾ ਰਹੀ ਕਿ ਗੁਰੂ ਅੱਗੇ ਨਤਮਸਤਕ ਹੋ ਰਿਹਾਂ, ਉਹ ਇਸ ਕਰਕੇ ਕਿ ਮੁੱਖ ਮੰਤਰੀ ਨਾਲ ਮੱਥਾ ਟੇਕ ਰਿਹਾ ਹਾਂ। ਇਸ ਰੌਲੇ ਰੱਪੇ ਦੌਰਾਨ ਚੱਲਦਾ ਦੀਵਾਨ ਬੰਦ ਕੀਤਾ ਗਿਆ। ਵੇਖੋ, ਭੈੜੀ ਰਾਜਨੀਤੀ ਵਿੱਚ ਡੁੱਬਿਆ ਜੀਵ ਮਰਿਆਦਾ ਨੂੰ ਖਿੱਚ ਕੇ ਆਪਣੇ ਕਿਰਦਾਰ ਦੇ ਹਾਣ ਦੀ ਬਣਾਉਣਾ ਲੋਚਦਾ ਹੈ।

ਗੁਰੂ ਨੂੰ ਪਿਆਰ ਕਰਨ ਵਾਲੇ ਸਿੱਖੋ, 'ਇਹੋ ਜਿਹੇ ਸਿੱਖਾਂ' 'ਚੋਂ ਕੀ ਕੱਢੋਗੇ? ਇਹ ਉਸ ਵੇਲੇ ਜਦੋਂ ਹਿੰਦੂ ਰਾਸ਼ਟਰ ਦੇ ਦਮਗਜੇ ਵੱਜ ਰਹੇ ਹੋਣ। ਹਿੰਦੂਤਵੀ ਸ਼ਕਤੀਆਂ ਪੁਰਜ਼ੋਰ ਤਾਕਤ ਲਾ ਰਹੀਆਂ ਹਨ ਕਿ ਇਸ ਮੁਲਕ ਨੂੰ ਸ਼ੁੱਧ ਹਿੰਦੂ ਰਾਸ਼ਟਰ ਬਣਾਉਣਾ ਹੈ ਅਤੇ ਇਸ ਮੰਤਵ ਤਹਿਤ ਦੂਜੇ ਸੱਭਿਆਚਾਰਾਂ ਵਿੱਚ ਘੁਸਪੈਠ ਕਰਕੇ ਹਿੰਦੂ ਸਭਿਆਚਾਰ ਵਿੱਚ ਕਿਵੇਂ ਇਨਾਂ ਨੂੰ ਰੰਗਣਾ ਹੈ। ਉਹ ਤਿੱਖੇ ਪੈਰੀਂ ਇਸ ਵੇਲੇ ਇਸ ਪਾਸੇ ਚੱਲ ਰਹੇ ਹਨ। ਸੋ ਮਿੱਤਰੋ, ਇਸ ਵੇਲੇ ਪਹਿਲਾਂ ਨਾਲੋਂ ਕਿਤੇ ਵੱਧ ਸੋਚਣ ਸਮਝਣ ਤੇ ਬਾਜ ਅੱਖ ਰੱਖਣ ਦੀ ਜ਼ਰੂਰਤ ਹੈ ਤਾਂ ਜੋ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਸੁਰ, ਸਿੱਖੀ ਸਿਧਾਂਤ ਤੇ ਇਸ ਦੀ ਪ੍ਰਕਰਮਾ ਕਰਦੀ ਪਵਿੱਤਰ ਮਰਿਆਦਾ ਬਰਕਰਾਰ ਰਹੇ ਤਾਂ ਜੋ ਨਵੀਆਂ ਨਸਲਾਂ ਇਸ ਤੋਂ ਸੱਚੇ ਸੁੱਚੇ ਢੰਗ ਨਾਲ ਪ੍ਰੇਰਨਾ ਲੈਂਦੀਆਂ ਰਹਿਣ।ਇਸ ਕਰਕੇ ਇਹ ਸਾਡਾ ਸਾਰਿਆਂ ਲਈ ਜ਼ਰੂਰੀ ਹੈ ਕਿ ਇਹੋ ਜਿਹੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲਿਆ ਜਾਵੇ ਤਾਂ ਜੋ ਇਹੋ ਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ।

# ਬੀਬੀਆਂ ਦਾ ਤਿਉਹਾਰ ਤੀਆਂ

**ਡਾ. ਅਮਰਜੀਤ ਕੌਰ**

ਤੀਆਂ ਦਾ ਤਿਉਹਾਰ ਵੀ ਪੰਜਾਬੀਆਂ ਦੇ ਜੀਵਨ ਵਿਚ ਖਾਸ ਥਾਂ ਰੱਖਦਾ ਹੈ। ਇਹ ਤਿਉਹਾਰ ਤ੍ਰੀਮਤਾਂ ਤੇ ਮੁਟਿਆਰਾਂ ਦੁਆਰਾ ਰਲ ਮਿਲ ਕੇ ਪੂਰੇ ਹੁਲਾਸ ਨਾਲ ਮਨਾਇਆ ਜਾਂਦਾ ਹੈ। ਤੀਆਂ ਤੋਂ ਭਾਵ ਹੈ, ਇਸਤਰੀਆਂ। ਸੋ, ਇਹ ਨਿਰੋਲ ਇਸਤਰੀਆਂ ਦਾ ਤਿਉਹਾਰ ਹੈ। ਤੀਆਂ ਲਈ 'ਤੀਹਾਂ' ਸ਼ਬਦ ਵੀ ਵਰਤਿਆ ਜਾਂਦਾ ਹੈ। ਇਹ ਤਿਉਹਾਰ ਸਾਵਣ ਮਹੀਨੇ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਇਆ ਜਾਂਦਾ ਹੈ। ਕਈ ਥਾਈਂ ਇਹ ਤਿਉਹਾਰ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਚੱਲਦਾ ਹੈ।





ਇਹ ਨਿਰੋਲ ਪ੍ਰਾਕ੍ਰਿਤਕ ਤਿਉਹਾਰ ਹੈ। ਇਸ ਮਹੀਨੇ ਬਰਸਾਤਾਂ ਦੇ ਸ਼ੁਰੂ ਹੋਣ ਨਾਲ ਕਈ ਥਾਈਂ ਹਲਕੀ ਬੂੰਦਾ-ਬਾਂਦੀ ਤੇ ਕਦੇ-ਕਦੇ ਮੋਹਲੇਧਾਰ ਵਰਖਾ ਹੋਣ ਨਾਲ ਜੇਠ-ਹਾੜ ਦੀਆਂ ਧੁੱਪਾਂ ਨਾਲ ਸੁੱਕੀ-ਸੜੀ ਧਰਤੀ ਦੀ ਤਪਸ਼ ਨੂੰ ਠੰਢ ਪੈਣ ਲੱਗਦੀ ਹੈ। ਕੁੜੀਆਂ-ਚਿੜੀਆਂ ਤੇ ਮੁਟਿਆਰਾਂ ਇਕੱਠੀਆਂ ਹੋ ਪਿੱਪਲਾਂ, ਧਰੇਕਾਂ ਆਦਿ ਬਿਰਖਾਂ 'ਤੇ ਪੀਂਘਾਂ ਪਾ ਸੰਗੀਤ ਦੀਆਂ ਮਧੁਰ ਧੁਨਾਂ 'ਤੇ ਝੂਮਦੀਆਂ ਹਨ। ਕਾਲੀਆਂ ਘਟਾਵਾਂ ਤੇ ਮੀਂਹ ਦੀਆਂ ਫੁਹਾਰਾਂ ਨੂੰ ਮਾਣਦੀਆਂ ਖੁਸ਼ੀ ਵਿਚ ਖੀਵੀਆਂ ਹੋ ਪਿੱਪਲਾਂ ਹੇਠ ਗੀਤ ਗਾਉਂਦੀਆਂ ਤੇ ਗਿੱਧੇ ਪਾਉਂਦੀਆਂ ਹਨ। ਇਸ ਨੂੰ ਖਾਸ ਸੁਮੇਲ 'ਤੀਹਾਂ ਦੇ ਗਿੱਧੇ' ਕਹਿ ਕੇ ਵੀ ਪੁਕਾਰਿਆ ਜਾਂਦਾ ਹੈ। ਮੌਲ ਰਹੀ ਪ੍ਰਾਕਿਰਤੀ ਸੰਗ ਇਹ ਹੁਸਨਮਈ ਨਜ਼ਾਰੇ ਸਾਉਣ ਮਹੀਨੇ ਨੂੰ ਚਾਰ ਚੰਨ ਲਗਾ ਦਿੰਦੇ ਹਨ। ਇਹ ਤਿਉਹਾਰ ਔਰਤ ਦੇ ਚਾਅ, ਸ਼ਿੱਦਤ ਤੇ ਵਿਲੱਖਣਤਾ ਦਾ ਪ੍ਰਤੀਕ ਹੈ। ਇਸ ਤਿਉਹਾਰ ਨੂੰ ਨਵੀਆਂ-ਵਿਆਹੀਆਂ ਮੁਟਿਆਰਾਂ ਪਹਿਲੀ ਤੀਜ 'ਤੇ ਪੇਕੇ ਆ ਕੇ ਮਨਾਉਂਦੀਆਂ ਹਨ।

ਸੋ, ਤੀਆਂ ਦਾ ਤਿਉਹਾਰ ਪਿਆਰ ਤੇ ਹੁਲਾਸ ਦੇ ਨਾਲ-ਨਾਲ ਔਰਤ ਦੀ ਤ੍ਰਾਸਦੀ ਨੂੰ ਵੀ ਵਿਅਕਤ ਕਰਨ ਦਾ ਸਾਧਨ ਬਣਦਾ ਹੈ। ਜੋ ਸਿੱਧੇ ਤੌਰ 'ਤੇ ਔਰਤ ਨਹੀਂ ਕਹਿ ਪਾਉਂਦੀ, ਉਹ ਗੱਲ ਤੀਆਂ ਦੇ ਤਿਉਹਾਰ ਵਿਚ ਉਹ ਬੜੀ ਆਸਾਨੀ ਨਾਲ ਲੋਕ ਗੀਤਾਂ ਤੇ ਲੋਕ ਬੋਲੀਆਂ ਦੇ ਜ਼ਰੀਏ ਕਹਿ ਦਿੰਦੀ ਹੈ। ਇਸ ਤਰਾਂ ਇਹ ਵਿਦਰੋਹ ਦੀ ਸੁਰ ਔਰਤ ਨੂੰ ਗ਼ੁਲਾਮੀ ਅਤੇ ਨਾ-ਬਰਾਬਰੀ ਦੇ ਚਕਰਵਿਊ 'ਚੋਂ ਕੱਢ ਕੇ ਅਜ਼ਾਦੀ ਦੇ ਅੰਬਰਾਂ ਵਿਚ ਲੈ ਜਾਂਦੀ ਹੈ। ਅਜੋਕੇ ਸਮੇਂ ਵਿਚ ਕੁਝ ਅਜਿਹੀਆਂ ਚੁਣੌਤੀਆਂ ਵੀ ਹਨ, ਜੋ ਔਰਤ ਦੀ ਸਥਿਤੀ ਨੂੰ ਨਿਘਾਰ ਵੱਲ ਲੈ ਕੇ ਜਾ ਰਹੀਆਂ ਹਨ। ਫੈਸ਼ਨ ਇਕ ਅਜਿਹੀ ਹੀ ਚੁਣੌਤੀ ਜਾਂ ਸਮੱਸਿਆ ਹੈ। ਜਿੱਥੇ ਔਰਤ ਵੱਡੇ-ਵੱਡੇ ਮਾਅਰਕੇ ਮਾਰ ਰਹੀ ਹੈ, ਉੱਥੇ ਉਹ ਫੈਸ਼ਨ ਦੀ ਦੁਨੀਆਂ ਵਿਚ ਵੀ ਗ੍ਰਸਦੀ ਜਾ ਰਹੀ ਹੈ। ਸੱਭਿਆਚਾਰ ਦਾ ਲਗਾਤਾਰ ਪੱਛਮੀਕਰਨ ਹੋ ਰਿਹਾ ਹੈ, ਜੋ ਸਾਡੀ ਨੌਜਵਾਨ ਪੀੜੀ ਨੂੰ ਖੋਖਲੇ ਅਤੇ ਨਿਰੇ ਵਿਖਾਵੇਯੋਗ ਹੀ ਬਣਾਈ ਜਾ ਰਿਹਾ ਹੈ। ਪੰਜਾਬੀ ਮੁਟਿਆਰ ਨੂੰ ਹੋਸ਼ ਅਤੇ ਜੋਸ਼ ਦੇ ਸੰਤੁਲਨ/ਸੁਮੇਲ ਨਾਲ ਖ਼ੁਦ ਨੂੰ ਇਸ ਪੱਛਮੀਕਰਨ ਦੀ ਮਾਰ ਤੋਂ ਬਚਾਅ ਕੇ ਤਰੱਕੀ ਵੱਲ ਕਦਮ ਵਧਾਉਣਾ ਚਾਹੀਦਾ ਹੈ, ਤਾਂ ਹੀ ਉਹ ਆਪਣੇ ਤੀਆਂ ਵਿਚ ਦੇਖੇ ਸੁਪਨਿਆਂ ਨੂੰ ਸਾਕਾਰ ਕਰ ਸਕਦੀ ਹੈ।

# ਜਰੂਰੀ ਹੈ ਮਾਵਾਂ ਦਾ ਬੱਚਿਆਂ ਨਾਲ ਦੋਸਤਾਨਾ ਵਿਹਾਰ

**ਹਰਕੀਰਤ ਕੌਰ**
੯੭੭੯੧੧੮੦੬੬

ਹਰ ਬੱਚਾ ਆਪਣੀ ਮਾਂ ਦੇ ਸਭ ਤੋਂ ਵੱਧ ਕਰੀਬ ਹੁੰਦਾ ਹੈ। ਮਾਂ ਦੀ ਅਥਾਹ ਮਮਤਾ, ਸਨੇਹ ਮਾਂ ਦੇ ਰਿਸ਼ਤੇ ਨੂੰ ਦੁਨੀਆਂ ਦਾ ਸਭ ਤੋਂ ਪਿਆਰਾ ਰਿਸ਼ਤਾ ਹੋਣ ਦਾ ਦਰਜਾ ਦਿੰਦਾ ਹੈ। ਜੇਕਰ ਮਾਂ ਅਤੇ ਧੀ ਦੇ ਰਿਸ਼ਤੇ ਦੀ ਗੱਲ ਕਰੀਏ ਤਾਂ ਮਾਂ ਧੀ ਦਾ ਰਿਸ਼ਤਾ ਇਸ ਜੱਗ ਦਾ ਬਹੁਤ ਹੀ ਪਿਆਰਾ ਅਤੇ ਸਨੇਹ ਭਰਿਆ ਰਿਸ਼ਤਾ ਹੈ। 'ਮਾਵਾਂ ਤੇ ਧੀਆਂ ਦੋਵੇਂ ਰਲ ਬੈਠੀਆਂ ਨੀ ਮਾਏ' ਵਰਗੇ ਗੀਤ ਮਾਂ ਧੀ ਦੇ ਰਿਸ਼ਤੇ ਦੇ ਨਿੱਘ ਦਾ ਅਹਿਸਾਸ ਕਰਵਾਉਂਦੇ ਹਨ। ਪੇਕੇ ਹੋਣ ਜਾਂ ਸਹੁਰੇ ਧੀਆਂ ਹਮੇਸ਼ਾ ਆਪਣੀਆਂ ਮਾਵਾਂ ਕੋਲ ਢਿੱਡ ਫਰੋਲਦੀਆਂ ਹਨ ਅਤੇ ਮਾਵਾਂ ਧੀਆਂ ਕੋਲ। ਪਰ ਕਈ ਵਾਰ ਐਦਾਂ ਵੀ ਹੁੰਦਾ ਹੈ ਕਿ ਮਾਂ ਧੀ ਦੋਹਾਂ ਵਿੱਚ ਇੱਕ ਝਕ ਹੁੰਦੀ ਹੈ, ਜਿਸ ਕਰਕੇ ਧੀ ਕਈ ਵਾਰ ਆਪਣੀ ਮਾਤਾ ਨਾਲ ਕਈ ਗੱਲਾਂ ਸਾਂਝੀਆਂ ਕਰਨ ਤੋਂ ਝਕਦੀ ਰਹਿੰਦੀ ਹੈ ਅਤੇ ਇਸੇ ਕਾਰਨ ਕਈ ਵਾਰ ਕਈ ਮੁਸ਼ਕਿਲਾਂ ਵਿੱਚ ਫਸ ਜਾਂਦੀ ਹੈ।

ਇੱਥੇ ਮਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਬੇਟੀਆਂ ਦੀਆਂ ਸਹੇਲੀਆਂ ਬਣ ਜਾਵਣ। ਇਸ ਨਾਲ ਬੇਟੀ ਤੁਹਾਡੇ ਕੋਲੋਂ ਕੋਈ ਵੀ ਗੱਲ ਨਹੀਂ ਛੁਪਾਏਗੀ ਅਤੇ ਹਰ ਗੱਲ ਬੇਝਿਜਕ ਹੋ ਕੇ ਤੁਹਾਡੇ ਨਾਲ ਸਾਂਝੀ ਕਰੇਗੀ। ਇਹੋ ਅੱਜ ਦੇ ਬੱਚਿਆਂ ਦੀ ਸਭ ਤੋਂ ਵੱਡੀ ਮੰਗ ਹੈ। ਜੇਕਰ ਤੁਹਾਨੂੰ ਲੱਗ ਰਿਹਾ ਹੈ ਕਿ ਤੁਹਾਡੇ ਬੱਚੇ ਜਾਂ ਬੱਚੀ ਦਾ ਅਫੇਅਰ ਹੈ ਤਾਂ ਉਸ ਦੀ ਜਾਸੂਸੀ ਨਾ ਕਰਨੀ ਸ਼ੁਰੂ ਕਰ ਦਿਓ, ਉਨਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਉਨਾਂ ਨਾਲ ਗੱਲ ਕਰੋ। ਪੂਰੀ ਗੱਲ ਜਾਣ ਕੇ ਉਨਾਂ ਨੂੰ ਚੰਗੇ ਬੁਰੇ ਦਾ ਅੰਤਰ ਸਮਝਾਉ ਅਤੇ ਸਹੀ ਰਾਹ ਦਸੇਰਾ ਬਣੋ। ਦੋਸਤਾਨਾ ਹੋਣ ਦਾ ਮਤਲਬ ਇਹ ਨਹੀਂ ਕਿ ਜ਼ਰਾ ਵੀ ਸਖਤ ਨਾ ਹੋਵੋ, ਹਾਂ ਪਰ ਇਹ ਜਰੂਰੀ ਹੈ ਕਿ ਤੁਹਾਡਾ ਹਰ ਵਿਵਹਾਰ ਆਪਣੀ ਸੀਮਾ ਵਿੱਚ ਹੋਵੇ। ਆਪਣੇ ਬੱਚਿਆਂ ਦੀ ਤਾਰੀਫ਼ ਕਰਨੀ ਕਦੇ ਨਾ ਭੁੱਲੋ, ਖਾਸ ਕਰ ਛੋਟੇ ਬੱਚਿਆਂ ਦੀ। ਇਸ ਨਾਲ ਉਨਾਂ ਦਾ ਹੌਸਲਾ ਵੱਧਦਾ ਹੈ ਅਤੇ ਆਤਮ ਵਿਸ਼ਵਾਸ ਵੀ। ਮਹਿਮਾਨਾਂ ਸਾਹਮਣੇ ਜਾਂ ਕਿਸੇ ਅਣਜਾਣ ਸਾਹਮਣੇ ਬੱਚਿਆਂ ਨੂੰ ਝਿੜਕਣ ਤੋਂ ਗੁਰੇਜ ਕੀਤਾ ਜਾਵੇ। ਬੱਚਿਆਂ ਨਾਲ ਜੇਕਰ ਕੋਈ ਮਨ ਮੁਟਾਓ ਹੈ ਤਾਂ ਉਸ ਨੂੰ ਤਰੁੰਤ ਦੂਰ ਕੀਤਾ ਜਾਵੇ ਤਾਂ ਜੋ ਬੱਚਾ ਮਾਨਸਿਕ ਤੌਰ ਉੱਪਰ ਪ੍ਰੇਸ਼ਾਨ ਨਾ ਹੋਵੇ। ਜੇਕਰ ਬੱਚਾ ਕੁਝ ਉਤਸੁਕਤਾ



ਨਾਲ ਦੱਸਣਾ ਚਾਹੁੰਦਾ ਹੈ ਤਾਂ ਉਸ ਨੂੰ ਅਣਸੁਣਿਆ ਬਿਲਕੁਲ ਨਾ ਕੀਤਾ ਜਾਵੇ। ਖਾਸ ਕਰ ਜਦੋਂ ਬੱਚਾ ਕਿਸ਼ੋਰ ਅਵਸਥਾ ਵਿੱਚ ਹੋਵੇ। ਬੱਚਿਆਂ ਨਾਲ ਉਨਾਂ ਦੀ ਉਮਰ ਦੇ ਹਿਸਾਬ ਨਾਲ ਵਿਵਹਾਰ ਕਰੋ। ਇੱਥੇ ਇੱਕ ਗੱਲ ਹੋਰ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਬੱਚਿਆਂ ਉਪਰ ਕਦੇ ਵੀ ਆਪਣੀਆਂ ਇੱਛਾਵਾਂ ਨਾ ਥੋਪੋ। ਉਨਾਂ ਨੂੰ ਜੋ ਪਸੰਦ ਹੈ ਉਹ ਕਰਨ ਦਿੱਤਾ ਜਾਵੇ ਖਾਸ ਕਰ ਪੜਾਈ ਦੇ ਵਿਸ਼ੇ ਚੁਣਨ ਵਿੱਚ। ਅਕਸਰ ਬਹੁਤਾਂਤ ਮਾਤਾ ਪਿਤਾ ਆਪਣੇ ਬੱਚਿਆਂ ਪ੍ਰਤੀ ਉਹੀ ਵਿਵਹਾਰ ਰੱਖਦੇ ਹਨ ਜੋ ਉਨਾਂ ਦੇ ਮਾਤਾ ਪਿਤਾ ਦਾ ਸੀ। ਪ੍ਰੰਤੂ ਸਮੇਂ ਨਾਲ ਬਦਲਣਾ ਸਮੇਂ ਦੀ ਮੰਗ ਹੁੰਦੀ ਹੈ। ਬੱਚਿਆਂ ਅਤੇ ਮਾਤਾ ਪਿਤਾ ਦੀ ਸੋਚ ਵਿੱਚ ਫਰਕ ਹੁੰਦਾ ਹੈ। ਜਿਸ ਕਰਕੇ ਕਈ ਵਾਰ ਇੱਕ ਦੂਸਰੇ ਦੀਆਂ ਗੱਲਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਵਿੱਚ ਮੁਸ਼ਕਿਲ ਹੁੰਦੀ ਹੈ।

ਬੱਚਿਆਂ ਨੂੰ ਸਖਤਾਈ ਦੀ ਨਹੀਂ ਬਲਕਿ ਸਨੇਹ ਅਤੇ ਅਪਣੱਤ ਦੀ ਜਰੂਰਤ ਹੁੰਦੀ ਹੈ। ਬੱਚਿਆਂ ਨਾਲ ਦੋਸਤਾਨਾ ਵਿਹਾਰ ਬੱਚਿਆਂ ਨੂੰ ਤੁਹਾਡੇ ਹੋਰ ਨਜ਼ਦੀਕ ਲੈ ਕੇ ਆਵੇਗਾ, ਤੁਸੀਂ ਬੱਚਿਆਂ ਨੂੰ ਚੰਗੀ ਤਰਾਂ ਸਮਝਣ ਲੱਗ ਜਾਵੋਗੇ ਅਤੇ ਤੁਹਾਡੇ ਨਾਲ ਨਾਲ ਬੱਚੇ ਵੀ ਤਣਾਅ ਮੁਕਤ ਰਹਿਣਗੇ। ਪਰਿਵਾਰ ਵਿੱਚ ਹਮੇਸ਼ਾ ਖੁਸ਼ੀ ਦਾ ਮਾਹੌਲ ਬਣਿਆ ਰਹੇਗਾ ਅਤੇ ਹਰ ਕੋਈ ਆਪਣੀ ਜਗਾ ਉੱਪਰ ਅਰਾਮਦਾਇਕ ਅਤੇ ਸਹਿਜ ਭਰੀ ਜਿੰਦਗੀ ਜੀਵੇਗਾ।




## ਨੰਨੀਂ ਪਰੀ

ਸਾਰੇ ਚਿਹਰਿਆਂ ਨੂੰ ਓਪਰਾ ਹੈ ਝਾਕਦੀ,
ਕੌਣ ਕੌਣ ਮੇਰਾ ਏ ਪਛਾਣੇ ਜਾਪਦੀ,
ਲੱਗੇ ਹਾਲੇ ਥੋੜੀ ਘਬਰਾਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਮਾਸੀਆਂ ਖੁਸ਼ੀ ਦੇ ਵਿੱਚ ਹੋਈਆਂ ਖੀਵੀਆਂ,
ਧੀ ਆਈ ਵਿਹੜੇ ਰੌਸ਼ਨੀਆਂ ਦੀਵਿਆਂ।
ਖ਼ੂਬ ਨਾਲ ਰੌਣਕਾਂ ਲਿਆਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਨਾਮ ਅਸੀਂ ਰੱਖਿਆ ਇਬਾਦਤ ਕੌਰ ਹੈ,
ਉਹਦੇ ਆਉਣ ਨਾਲ ਬਣੀ ਪਈ ਟੌਹਰ ਹੈ,
ਮਾਸੀ ਮਾਸੀ ਕਹਿਣ ਸਾਰੇ ਨੰਨੀਂ ਪਰੀ ਦੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਬੱਚਿਆਂ ਦੇ ਨਾਲ ਦੁਨੀਆਂ ਇਹ ਫੱਬਦੀ,
ਧੀਆਂ ਪੁੱਤ ਇੱਕੋ ਜਿਹੇ ਦੇਣ ਰੱਬ ਦੀ,
ਰਾਜਨ ਨੇ ਕੀਤੀ ਪੂਰੀ ਗੱਲ ਖਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।

ਰਾਜਨਦੀਪ ਕੌਰ ਮਾਨ
੬੨੩੯੩੨੬੧੬੬

# ਬੌਧਿਕ ਪੱਧਰ ਦੀ ਨਿਵਾਣ ਨੂੰ ਦਰਸਾਉਂਦੀ ਏ ਕਿਸਾਨ ਆਗੂ ਦੀ ਸਿੱਖ ਨਾਇਕਾਂ ਪ੍ਰਤੀ ਵਰਤੀ ਗਲਤ ਸ਼ਬਦਾਵਲੀ

## ਵਿਚਾਰ ਆਪੋ ਆਪਣਾ



**ਬਘੇਲ ਸਿੰਘ ਧਾਲੀਵਾਲ**
99142-58142

ਇਹ ਮਨੁੱਖੀ ਫਿਤਰਤ ਦਾ ਹੀ ਕਮਾਲ ਹੈ ਕਿ ਜਿਹੜਾ ਵਿਅਕਤੀ ਕਿਸੇ ਵਿਚਾਰਧਾਰਾ ਨਾਲ ਖੜ ਜਾਂਦਾ ਹੈ, ਉਹਦੇ ਵਾਸਤੇ ਉਹ ਹੀ ਵਿਚਾਰਧਾਰਾ ਮਨੁੱਖੀ ਕਲਿਆਣ ਲਈ ਅੰਤਿਮ ਹੋ ਜਾਂਦੀ ਹੈ। ਸਮਾਜ ਵਿਚ ਵਖਰੇਵਿਆਂ ਤੋਂ ਅੱਗੇ ਵਧ ਕੇ ਇਹ ਸਮੱਸਿਆ ਕਈ ਵਾਰ ਲੜਾਈ ਝਗੜਿਆਂ ਅਤੇ ਜਾਨਲੇਵਾ ਧੜੇਬੰਦੀਆਂ ਵਿੱਚ ਬਦਲ ਜਾਂਦੀ ਹੈ, ਜਿਸ ਦੇ ਮਾਰੂ ਨਤੀਜੇ ਹਮੇਸ਼ਾ ਸਮਾਜ ਵਿਚ ਸਾਹਮਣੇ ਆਉਂਦੇ ਰਹਿੰਦੇ ਹਨ। ਜ਼ਿਆਦਾਤਰ ਇਹ ਸਮਾਜਿਕ ਸਮੱਸਿਆਵਾਂ ਰਾਜਨੀਤਕ ਲੋਕਾਂ ਦੀਆਂ ਪੈਦਾ ਕੀਤੀਆਂ ਹੋਈਆਂ ਹਨ। ਸਮਾਜ ਅੰਦਰ ਧੜੇਬੰਦੀਆਂ ਤੋਂ ਬਗੈਰ ਰਾਜਨੀਤੀ ਦੀ ਖੇਡ ਸਫਲਤਾ ਨਾਲ ਨਹੀਂ ਖੇਡੀ ਜਾ ਸਕਦੀ, ਕਿਉਂਕਿ ਜਿੱਥੇ ਸਮਾਜ ਅੰਦਰ ਸਿਆਸੀ ਗੁੱਟਾਂ ਦੀਆਂ ਪੈਦਾ ਕੀਤੀਆਂ ਧੜੇਬੰਦੀਆਂ ਨਹੀਂ ਹੋਣਗੀਆਂ, ਉੱਥੋਂ ਦੇ ਲੋਕ ਸਿਆਸੀ ਆਗੂਆਂ ਨੂੰ ਅਪਣੀਆਂ ਹੋਰ ਸਮਾਜਿਕ ਸਮੱਸਿਆਵਾਂ ਸਬੰਧੀ ਸੁਆਲ ਕਰਨਗੇ। ਉਨਾਂ ਤੋਂ ਇਹ ਪੁੱਛਣਗੇ ਕਿ ਜੋ ਉਨਾਂ ਨੇ ਵਾਅਦੇ ਕੀਤੇ ਸਨ, ਉਨਾਂ ਨੂੰ ਪੂਰਾ ਕਿਉਂ ਨਹੀਂ ਕੀਤਾ ਗਿਆ ਜਾਂ ਇਹ ਸੁਆਲ ਉੱਠਣਗੇ ਕਿ ਉਹ ਲੋਕਾਂ ਲਈ ਕੀ ਪ੍ਰੋਗਰਾਮ ਲੈ ਕੇ ਆਏ ਹਨ, ਜਿਸ ਕਰਕੇ ਦੂਜੀਆਂ ਧਿਰਾਂ ਦੇ ਮੁਕਾਬਲੇ, ਉਨਾਂ ਦੀ ਸਥਾਪਤੀ ਨੂੰ ਯਕੀਨੀ ਬਣਾਇਆ ਜਾਵੇ। ਬਹੁਤ ਸਾਰੇ ਸਵਾਲ ਜਿਹੜੇ ਲੋਕਾਂ ਦੇ ਜੇਹਨ ਵਿੱਚ ਹੁੰਦੇ ਹਨ, ਉਹ ਬਾਹਰ ਆਉਣਗੇ ਤੇ ਸਿਆਸੀ ਆਗੂਆਂ ਲਈ ਮੁਸ਼ਕਲਾਂ ਪੈਦਾ ਕਰਨਗੇ, ਉਨਾਂ ਨੂੰ ਲੋਕਾਂ ਦੇ ਜਵਾਬਦੇਹ ਬਨਣਾ ਪਵੇਗਾ। ਸੋ ਇਸ ਸਾਰੇ ਵਰਤਾਰੇ ਤੋਂ ਬਚਣ ਲਈ ਸਿਆਸੀ ਪਾਰਟੀਆਂ ਪਿੰਡਾਂ ਸ਼ਹਿਰਾਂ, ਕਸਬਿਆਂ ਅੰਦਰ ਆਪੋ ਆਪਣੇ ਗੁੱਟ ਖੜੇ ਕਰਦੀਆਂ ਹਨ ਆਪਣੇ ਧੜੇ ਬਣਾਉਂਦੀਆਂ ਹਨ, ਲੜਾਈਆਂ ਕਰਵਾਉਂਦੀਆਂ ਹਨ ਤਾਂ ਕਿ ਜਿਹੜੇ ਸਵਾਲ ਲੋਕਾਂ ਵੱਲੋਂ ਸਿਆਸੀ ਨੇਤਾਵਾਂ ਨੂੰ ਪੁੱਛੇ ਜਾਣੇ ਸਨ, ਉਨਾਂ ਦੇ ਜਵਾਬ ਲੋਕ ਖੁਦ ਹੀ ਇੱਕ ਦੂਸਰੇ ਨੂੰ ਦਿੰਦੇ ਰਹਿਣ ਤਾਂ ਕਿ ਉਨਾਂ ਦੀ ਆਮਦ ਮੌਕੇ ਕੋਈ ਅਜਿਹੀ ਸਮੱਸਿਆ ਪੈਦਾ ਹੀ ਨਾ ਹੋਵੇ। ਇਹ ਸਾਡੇ ਸਮਾਜ ਦਾ ਦੁਖਾਂਤ ਬਣ ਚੁੱਕਾ ਹੈ, ਕਿ ਜਿਹੜਾ ਵਿਅਕਤੀ ਕਿਸੇ ਇੱਕ ਸਿਆਸੀ ਪਾਰਟੀ ਨਾਲ ਖੜ ਗਿਆ ਜਾਂ ਜਿਹੜਾ ਵਿਅਕਤੀ ਕਿਸੇ ਇੱਕ ਵਿਚਾਰਧਾਰਾ ਨਾਲ ਜੁੜ ਗਿਆ, ਉਹਦੇ ਲਈ ਉਹ ਹੀ ਸਿਆਸੀ ਪਾਰਟੀ ਅਤੇ ਉਹਦੀ ਵਿਚਾਰਧਾਰਾ ਹੀ ਸਭ ਤੋ ਉੱਤਮ ਤੇ ਕਲਿਆਣਕਾਰੀ ਬਣ ਜਾਂਦੀ ਹੈ। ਇਹ ਵਰਤਾਰਾ ਸਿਰਫ ਸਿਆਸੀ ਪਾਰਟੀਆਂ ਤੱਕ ਹੀ ਸੀਮਤ ਨਹੀ ਰਿਹਾ,ਬਲਕਿ ਹੁਣ ਇਹ ਹਰ ਖੇਤਰ ਵਿਚ ਅਸਰਅੰਦਾਜ ਹੋ ਰਿਹਾ ਹੈ। ਭਾਵੇਂ ਕੋਈ ਧਾਰਮਿਕ ਸੰਸਥਾ ਹੋਵੇ, ਸਮਾਜਿਕ ਹੋਵੇ ਜਾਂ ਸਮਾਜ ਭਲਾਈ ਦੇ ਕੰਮਾਂ ਲਈ ਬਣੀਆਂ ਸੰਸਥਾਵਾਂ ਹੋਣ, ਹਰ ਇੱਕ ਸੰਸਥਾ, ਵਿਅਕਤੀ ਦੇ ਵਿਰੋਧੀ ਪੈਦਾ ਹੋ ਗਏ ਹਨ। ਭਾਵੇਂ ਵਿਰੋਧੀ ਹੋਣੇ ਵੀ ਜਰੂਰੀ ਹਨ, ਕਿਉਂਕਿ ਵਿਰੋਧ ਤੋਂ ਬਗੈਰ ਵਿਕਾਸ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ, ਪਰ ਨਾਲ ਹੀ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕੀ ਬੇਲੋੜੇ ਵਿਰੋਧ ਵਿਚੋਂ ਪੈਦਾ ਹੋਈ ਧੜੇਬੰਧੀ ਨੂੰ ਵਿਕਾਸ ਦੇ ਰਾਹ ਵਿੱਚ ਰੋੜਾ ਬਨਣ ਤੋ ਰੋਕਿਆ ਕਿਵੇਂ ਜਾਵੇ। ਇਹ ਓਨੀ ਦੇਰ ਸੰਭਵ ਨਹੀਂ ਜਿੰਨੀ ਦੇਰ ਸਮਾਜ ਵਿਚੋਂ ਈਰਖਾਬਾਜੀ ਦੀ ਜੜ ਨੂੰ ਪੁੱਟਿਆ ਨਹੀਂ ਜਾਂਦਾ। ਜੇਕਰ ਕਿਸਾਨ ਅੰਦੋਲਨ ਦੀ ਗੱਲ ਕੀਤੀ ਜਾਵੇ ਤਾਂ ਇਸ ਇੱਕੀਵੀਂ ਸਦੀ ਦੇ ਇਤਿਹਾਸਕ ਅੰਦੋਲਨ ਦੀ ਜਿੱਤ ਦਾ ਦੂਰ ਹੋਣਾ ਵੀ ਇਸ ਅੰਦੋਲਨ ਵਿਚ ਵੱਖੋ ਵੱਖਰੀਆਂ ਵਿਚਾਰਧਾਰਾਵਾਂ ਨੂੰ ਨੀਵਾਂ ਦਿਖਾਉਣ ਕਾਰਨ ਹੋਇਆ ਹੈ। ਅੰਦੋਲਨ ਦੇ ਸੁਰੂਆਤੀ ਦਿਨਾਂ ਵਿੱਚ ਅੰਦੋਲਨ ਅੰਦਰ ਬਿਨਾਂ ਸ਼ੱਕ ਅਜਿਹਾ ਕੁੱਝ ਵੀ ਨਹੀਂ ਸੀ, ਜਿਸ ਕਰਕੇ ਇਹ ਕਿਸਾਨੀ ਮਸਲਿਆਂ ਲਈ ਸ਼ੁਰੂ ਕੀਤਾ ਗਿਆ ਅੰਦੋਲਨ ਜਨ ਅੰਦੋਲਨ ਬਣ ਗਿਆ ਸੀ। ਇਸ ਅੰਦੋਲਨ ਦੀ ਖ਼ੂਬਸੂਰਤੀ ਹੀ ਇਹ ਸੀ ਕਿ ਦਿੱਲੀ ਦੇ ਬਾਰਡਰਾਂ ’ਤੇ ਲੜੇ ਜਾ ਰਹੇ ਅੰਦੋਲਨ ਵਿੱਚ ਕਿਧਰੇ ਵੀ ਫਿਰਕਾਪ੍ਰਸਤੀ ਨੂੰ ਤਿਲ-ਮਾਤਰ ਵੀ ਥਾਂ ਨਹੀਂ ਸੀ। ਲੋਕਾਂ ਦਾ ਆਪਸੀ ਭਾਈਚਾਰਾ ਮਜਬੂਤ ਹੋਣ ਵੱਲ ਵਧ ਰਿਹਾ ਸੀ। ਭਾਰਤੀ ਲੋਕ ਇਸ ਅੰਦੋਲਨ ਵਿਚ ਹਾਜਰੀ ਲਗਵਾਉਣ ਨੂੰ ਕਿਸੇ ਤੀਰਥ ਅਸਥਾਨ ਤੋਂ ਘੱਟ ਨਹੀ ਸਨ ਸਮਝਦੇ, ਪਰ ਅਫਸੋਸ, ਕਿ ਇਹ ਉਨਾਂ ਤਾਕਤਾਂ ਨੂੰ ਵਾਰਾ ਨਹੀਂ ਖਾਇਆ ਜਿਹੜੀਆਂ ਮਨੁੱਖੀ ਭਾਈਚਾਰੇ ਦੀ ਆਪਸੀ ਸਾਂਝ ਨੂੰ ਮੁੱਢੋਂ ਹੀ ਸਿਸਟਮ ਲਈ ਖਤਰੇ ਦੀ ਘੰਟੀ ਸਮਝਦੀਆਂ ਹਨ। ਇਸ ਲਈ ਉਨਾਂ ਨੇ ਇਸ ਅੰਦੋਲਨ ਨੂੰ ਫੇਲ ਕਰਨ ਲਈ ਵੀ ਉਹ ਹਰਬਾ ਵਰਤਣ ਤੋਂ ਗੁਰੇਜ ਨਹੀਂ ਕੀਤਾ, ਜਿਹੜਾ ਹਮੇਸ਼ਾ ਹੀ ਸਿਸਟਮ ਖਿਲਾਫ ਵਿੱਢੇ ਲੋਕ ਮੋਰਚਿਆਂ, ਸੰਘਰਸ਼ਾਂ ਨੂੰ ਚਿੱਤ ਕਰਨ ਲਈ ਵਰਤਿਆ ਜਾਂਦਾ ਹੈ। ਇਸ ਨੁਕਤੇ ਤੋਂ ਇਲਾਵਾ ਇੱਥੇ ਇੱਕ ਹੋਰ ਵੀ ਨੁਕਤਾ ਵਿਚਾਰਿਆ ਜਾਣਾ ਜਰੂਰੀ ਹੈ ਕਿ ਅਜਿਹੇ ਅੰਦੋਲਨ ਵਿੱਚ ਬਹੁਤ ਸਾਰੇ ਅਜਿਹੇ ਲੋਕ ਵੀ ਅੱਗੇ ਆ ਜਾਂਦੇ ਹਨ ਜਿਹੜੇ ਇਸ ਕਾਬਲ ਨਹੀਂ ਹੁੰਦੇ। ਜਿਸ ਤਰਾਂ ਕਿਸਾਨੀ ਅੰਦੋਲਨ ਵਿੱਚ ਵੀ ਅਜਿਹੇ ਚਿਹਰੇ ਉੱਭਰ ਕੇ ਸਾਹਮਣੇ ਆਏ ਜਿਨਾਂ ਦਾ ਦਾਇਰਾ ਸਿਰਫ ਆੜਤੀਆਂ ਨਾਲ ਆਢਾ ਲਾ ਕੇ ਨਿੱਜੀ ਲਾਭ ਲੈਣ ਤੱਕ ਜਾਂ ਕਿਸੇ ਮੈਡੀਕਲ ਸਟੋਰ ਵਾਲੇ ਨੂੰ ਡਰਾਉਣ ਧਮਕਾਉਣ ਤੱਕ ਸੀਮਤ ਰਿਹਾ ਹੈ ਜਾਂ ਵੱਧ ਤੋਂ ਵੱਧ ਡੀ ਸੀ ਦਫਤਰ ਸਾਹਮਣੇ ਧਰਨੇ ਲਾਉਣ ਤੱਕ ਦਾ ਰਿਹਾ ਹੈ ਪਰ ਕਿਸਾਨ ਅੰਦੋਲਨ ਨੇ ਉਨਾਂ ਲੋਕਾਂ ਨੂੰ ਤਜਰਬੇਕਾਰ ਕਿਸਾਨ ਆਗੂ ਬਣਾ ਦਿੱਤਾ। ਸੋ ਇਸ ਤਰਾਂ ਦੇ ਬਹੁਤ ਸਾਰੇ ਕਿਰਦਾਰਾਂ ਦੀ ਗੱਲ ਕੀਤੀ ਜਾ ਸਕਦੀ ਹੈ। ਹੁਣ ਗੱਲ ਕਰਦੇ ਹਾਂ ਉੱਪਰ ਉੱਠਾਏ ਗਏ ਇਸ ਮੁੱਦੇ ਦੀ ਕਿ ਹਰ ਕੋਈ ਆਪਣੀ ਆਪਣੀ ਵਿਚਾਰਧਾਰਾ ਨੂੰ ਅੰਤਿਮ ਮੰਨਦਾ



ਹੈ, ਉਹਦੇ ਬਾਰੇ ਵੀ ਕਿਸਾਨੀ ਅੰਦੋਲਨ ਵਿੱਚ ਬਹੁਤ ਕੁੱਝ ਦੇਖਿਆ ਜਾ ਚੁੱਕਾ ਹੈ। ਕਿਸਾਨੀ ਅੰਦੋਲਨ ਦੇ ਸ਼ੁਰੂਆਤੀ ਦੌਰ ਦੌਰਾਨ ਹੀ ਇਹ ਸਟੈਂਡ ਵਾਰ ਵਾਰ ਦੁਹਰਾਇਆ ਜਾਂਦਾ ਰਿਹਾ ਕਿ ਅੰਦੋਲਨ ਦੇ ਮੰਚ ਤੋਂ ਕਿਸੇ ਵੀ ਸਿਆਸੀ ਧਿਰ ਨੂੰ ਬੋਲਣ ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਕੋਈ ਸਿਆਸੀ ਧਿਰ ਇਸ ਅੰਦੋਲਨ ਦਾ ਹਿੱਸਾ ਬਣ ਸਕੇਗੀ, ਪਰ ਇਸ ਦੇ ਬਾਵਜੂਦ ਖੱਬੇ ਪੱਖੀ ਸੋਚ ਅੰਦੋਲਨ ਤੇ ਹਮੇਸ਼ਾ ਭਾਰੂ ਰਹੀ। ਸੀ ਪੀ ਐਮ ਸੀ ਪੀ ਆਈ ਵਾਲੇ ਇਸ ਬੰਧਸ਼ ਤੋਂ ਮੁਕਤ ਰੱਖੇ ਗਏ। ਜੋਗਿੰਦਰ ਯਾਦਵ ਵਰਗੇ ਚਤੁਰ ਚਲਾਕ ਸਿਆਸੀ ਕਿਰਦਾਰ ਅੰਦੋਲਨ ਦੇ ਯੋਜਨਾਕਾਰ ਬਣ ਗਏ, ਜਿਨਾਂ ਨੇ ਸਰਬਤ ਦਾ ਭਲਾ ਮੰਗਣ ਵਾਲਿਆਂ ’ਤੇ ਚਿੱਕੜ ਹੀ ਨਹੀਂ ਸੁੱਟਿਆ ਬਲਕਿ ਬਦਨਾਮ ਕਰਨ ਦੀ ਵੀ ਕੋਈ ਕਸਰ ਨਹੀਂ ਛੱਡੀ। 26 ਜਨਵਰੀ ਤੋਂ ਪਹਿਲਾਂ ਲੋਕਾਂ ਨੂੰ ਭੜਕਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਅਦ ਵਿੱਚ ਕਿਵੇਂ ਸਾਰਾ ਕੁਝ ਸਿੱਖਾਂ ਸਿਰ ਮੜ ਗਏ, ਕਿਸੇ ਨੇ ਸੋਚਿਆ ਤੱਕ ਵੀ ਨਾ। ਅਜੇ ਕੁੱਝ ਦਿਨਾਂ ਦੀ ਗੱਲ ਹੈ ਜਦੋਂ ਇੱਕ ਮਾਨਸਾ ਦੇ ਲੋਕਲ ਆਗੂ ਤੋਂ ਨੈਸ਼ਨਲ ਪੱਧਰ ਦੇ ਕਿਸਾਨ ਆਗੂ ਬਣ ਚੁੱਕੇ ਅਨਪੜ ਵਿਅਕਤੀ ਨੇ ਸਿੱਖ ਕੌਮ ਲਈ ਸਭ ਤੋਂ ਵੱਧ ਸਤਿਕਾਰਤ ਹਸਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਵੀਹਵੀ ਸਦੀ ਦੇ ਮਹਾਨ ਸਿੱਖ ਦਾ ਰੁਤਬਾ ਪ੍ਰਾਪਤ ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਖਿਲਾਫ ਅਪ-ਸ਼ਬਦ ਬੋਲਣ ਦੀ ਗੁਸਤਾਖੀ ਕੀਤੀ, ਜਿਸ ਬਦਲੇ ਉਨਾਂ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਦਿਨਾਂ ਲਈ ਮੋਰਚੇ ਦੀ ਸਟੇਜ ਸਮੇਤ ਹਰ ਕਾਰਵਾਈ ਤੋਂ ਪਾਸੇ ਕਰ ਦੇਣ ਲਈ ਮਜਬੂਰ ਹੋਣਾ ਪਿਆ ਹੈ। ਗੱਲ ਸਿਰਫ ਬੋਲੇ ਗਏ ਅਪ-ਸ਼ਬਦਾਂ ਦੀ ਹੀ ਨਹੀਂ, ਬਲਕਿ ਦੁਖਾਂਤ ਸਾਡੀ ਇੱਕ ਧਿਰ ਨਾਲ ਬੰਨੀ ਜਾ ਚੁੱਕੀ ਮਾਨਸਿਕਤਾ ਦਾ ਹੈ। ਕਿਸਾਨ ਆਗੂ ਰੁਲਦੂ ਸਿੰਘ ਨੇ ਜੋ ਬੋਲਿਆ ਉਹਦੇ ਤੋਂ ਉਹ ਮੁਕਰ ਵੀ ਗਏ ਅਤੇ ਮੁਆਫੀ ਵੀ ਮੰਗ ਲਈ ਹੈ, ਪਰ ਇਸ ਦੇ ਬਾਵਜੂਦ ਉਨਾਂ ਦੇ ਸਮਰਥਕਾਂ ਵੱਲੋਂ ਉਸ ਪੱਤਰਕਾਰ ਖਿਲਾਫ ਊਟ ਪਟਾਂਗ ਬੋਲਣਾ ਚਿੰਤਾਜਨਕ ਹੈ ਜਿਸ ਨੇ ਰੁਲਦੂ ਸਿੰਘ ਦੇ ਮੂੰਹੋਂ ਇਹ ਸਾਰਾ ਕੁੱਝ ਕਢਵਾਇਆ ਹੈ। ਚਿੰਤਾ ਇਸ ਗੱਲ ਦੀ ਵੀ ਨਹੀਂ ਕਿ ਇੱਕ ਪੱਤਰਕਾਰ ਨੂੰ ਆਵਾ ਤਾਵਾ ਬੋਲਿਆ ਜਾ ਰਿਹਾ ਹੈ ਜਾਂ ਡਰਾਇਆ, ਧਮਕਾਇਆ ਜਾ ਰਿਹਾ ਹੈ। ਚਿੰਤਾ ਇਸ ਗੱਲ ਦੀ ਹੈ ਕਿ ਇੱਕੀਵੀਂ ਸਦੀ ਦੇ ਵਿਗਿਆਨਕ ਕਹੇ ਜਾਣ ਵਾਲੇ ਯੁੱਗ ਵਿੱਚ ਵੀ ਸਾਡੀ ਸੋਚ ਵਿਕਸਿਤ ਨਹੀਂ ਹੋਈ ਸਗੋਂ ਪਿਛਲੱਗ ਬਣਕੇ ਚੱਲਣ ਦੀ ਹੀ ਰਹੀ ਹੈ। ਅੱਜ ਵੀ ਰਾਜਨੀਤਕਾਂ ਦੀਆਂ ਆਪਣੇ ਸਿਆਸੀ ਮੰਤਵ ਲਈ ਖੜੀਆਂ ਕੀਤੀਆਂ ਧੜੇਬੰਦੀਆਂ ਜਿਉਂ ਦੀਆਂ ਤਿਉਂ ਹੀ ਨਹੀਂ ਸਗੋਂ ਵਧਕੇ ਧਾਰਮਿਕ, ਸਮਾਜਿਕ ਅਤੇ ਸੰਘਰਸ਼ਸ਼ੀਲ ਖੇਮਿਆਂ ਤੱਕ ਪੁੱਜ ਚੁੱਕੀਆਂ ਹਨ ਜਿਸ ਦਾ ਨੁਕਸਾਨ ਹਕੂਮਤਾਂ ਨੂੰ ਨਹੀਂ ਬਲਕਿ ਖੁਦ ਲੋਕਾਂ ਨੂੰ ਝੱਲਣਾ ਪਵੇਗਾ। ਕਿਸਾਨੀ ਅੰਦੋਲਨ ਦੇ ਮੰਚ ਤੋਂ ਉਸ ਸਿੱਖ ਕੌਮ ਦੀ ਸਤਿਕਾਰਤ ਹਸਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਖਿਲਾਫ ਬੋਲਿਆ ਜਾਣਾ ਬੇਹੱਦ ਦੁਖਦਾਇਕ ਵੀ ਹੈ ਅਤੇ ਚਿੰਤਾਜਨਕ ਵੀ ਹੈ, ਕਿਉਂਕਿ ਇਸ ਤਰਾਂ ਦੇ ਭਾਸ਼ਨ ਜਿੱਥੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਹੁੰਦੇ ਹਨ ਉੱਥੇ ਫਿਰਕੂ ਨਫਰਤ ਫੈਲਾਉਣ ਲਈ ਵੀ ਜੁੰਮੇਵਾਰ ਬਣ ਜਾਂਦੇ ਹਨ। ਭਾਵੇਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਰੁਲਦੂ ਸਿੰਘ ਨੂੰ ਸੰਯੁਕਤ ਮੋਰਚੇ ਤੋਂ 15 ਦਿਨ ਲਈ ਮੁਅੱਤਲ ਕਰ ਦਿੱਤਾ ਹੈ, ਪਰ ਇਹ ਵਰਤਾਰੇ ਨੂੰ ਰੋਕਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਭਵਿੱਖ ਵਿੱਚ ਇਹ ਸ਼ਿਦਤ ਨਾਲ ਯਾਦ ਰੱਖਕੇ ਚੱਲਣਾ ਹੋਵੇਗਾ ਕਿ ਸਿੱਖ ਕੌਮ ਜਿਸ ਦਾ ਅੰਦੋਲਨ ਵਿੱਚ ਤਨ ਮਨ ਅਤੇ ਧਨ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ ਉਨਾਂ ਦੇ ਕੌਮੀ ਨਾਇਕਾਂ ਪ੍ਰਤੀ ਕੋਈ ਗਲਤ ਸ਼ਬਦਾਵਲੀ ਜਾਂ ਟਿੱਪਣੀ ਕਰਨ ਦੀ ਹਿਕਾਮਤ ਨਾ ਕਰੇ।

## ਫੇਸਬੁੱਕੀ ਵਿਦਵਾਨ

ਇੱਥੇ ਸਾਰਿਆਂ ਨੂੰ ਭੰਡਣੇ ਦੇ ਸਾਉਂਕੇ ਸਾਰੇ ਠੇਕੇ ਕੱਲੇ ਇਹਨਾਂ ਕੋਲ ਨੇ।
ਲਫਜ਼ਾਂ ਦੇ ਲੈ ਕੇ ਸਹਾਰੇ ਵੱਡੇ ਤੋਂ ਵੀ ਵੱਡੇ ਵੈਲੀ ਇਹਨਾਂ ਦਿੱਤੇ ਰੋਲ ਨੇ।
ਇਨਾਂ ਕੋਲੋਂ ਖੁੱਦ ਨਹੀਂ ਹੁੰਦਾ ਕੁੱਝ ਵੀ ਪਰ ਮੂੰਹੋ ਇਹ ਰਹਿਣ ਗੱਜਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਰਹਿਣ ਕਹਿੰਦੇ ਫਲਾਣੇ ਨੂੰ ਗਾਉਣ ਤੇ ਨਾ ਲਿਖਣੇ ਦੀ ਅਕਲ ਧੇਲਾ ਹੈ।
ਥੋਨੂੰ ਦੱਸੋ ਕੀ ਬਿੱਲ ਆਉਂਦਾ ਤੁਸੀਂ ਘੁੰਮੋ ਫਿਰੋ ਦੁਨੀਆਂ ਤਾਂ ਮੇਲਾ ਹੈ।
ਡੱਕਾ ਨਹੀਂ ਕੀਤਾ ਜਿਨਾਂ ਜਗ ਉੱਤੇ ਆਣ ਕੇ ਕਾਹਦੇ ਉਹ ਬੰਦੇ ਚੱਜਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਕਈ ਤਾਂ ਸਮਾਜ ਸੁਧਾਰਨੇ ਦਾ ਠੇਕਾ ਆਵਦੇ ਮੋਢਿਆਂ ਤੇ ਚੁੱਕੀ ਬੈਠੇ ਆ।
ਸਿੰਗਰਾਂ ਤੇ ਲੇਖਕਾਂ ਨੂੰ ਪਾਣੀ ਪੀ ਪੀ ਕੋਸਦੇ ਕੁੱਝ ਇੱਕੀ ਦੁੱਕੀ ਬੈਠੇ ਆ।
ਪਰ ਆਵਦੇ ਲੀਡਰ ਪ੍ਰਾਹੁਣਿਆਂ ਨੂੰ ਨਾ ਕਰਦੇ ਸਵਾਲ ਜੋ ਰਹਿਣ ਠੱਗਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਇਹ ਕਦੇ ਨਹੀਂ ਪੁੱਛਦੇ ਦੱਸ ਸਰਕਾਰੇ ਵਾਅਦਿਆਂ ਦਾ ਬਣਿਆ ਹੈ ਕੀ।
ਕਿੰਨੇ ਅਜੇ ਰਹਿੰਦੇ ਤੇ ਕਿੰਨਿਆਂ ਨੂੰ ਕਰ ਪੂਰੇ ਤੂੰ ਸੀਨਾ ਤਣਿਆ ਹੈ ਕੀ।
ਝੂਠ ਨਾਲ ਪਾ ਕੇ ਪ੍ਰੀਤਾਂ ਰੱਖਦੇ ਤੇ ਦੇਖ ਸੱਚ ਨੂੰ ਵਾਹਣੋ ਵਾਹਣੀ ਭੱਜਦੇ ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਨਾ ਪੁੱਛਣੇ ਦੀ ਹਿੰਮਤ ਇਨਾਂ ਕੋਲ ਕਿ ਕਿਸਾਨ ਕਾਹਤੋਂ ਮਰਨੇ ਤੇ ਹੈ।
ਕੁੱਝ ਬਿਨਾਂ ਪੈਨਸ਼ਨੋ ਤੇ ਕੁੱਝ ਕੱਚਾ ਜੋ ਮੁਲਾਜਮ ਕਾਹਤੋਂ ਧਰਨੇ ਤੇ ਹੈ।
ਮਜਦੂਰ, ਬੇਰੁਜਗਾਰ ਤੇ ਵਪਾਰੀਆਂ ਦੇ ਮੁੱਦੇ ਇਨਾਂ ਨੂੰ ਨਹੀਂਉਂ ਸੱਜਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਰਹਿਣ ਕਰਦੇ ਫਿਕਰ ਕਿਉਂ ਲਿਖਿਆ ਹੈ ਇਹ ਜਾਂ ਉਹ ਗੀਤ ਉਸ ਨੇ ।
ਨਿੱਝਰ ਬਾਣੀ ਵਿੱਚ ਸੱਚ ਲਿਖਣੇ ਦੀ ਕਾਹਤੋਂ ਹੈ ਚਲਾਈ ਰੀਤ ਉਸ ਨੇ।
ਪਰ ਸੈਂਚੁਰੀ ਜੋ ਪੈਟਰੋਲ ਡੀਜ਼ਲ ਨੇ ਮਾਰਤੀ ਵਾਲੇ ਵਿਸ਼ੇ ਰਹਿਣ ਕੱਜਦੇ ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਇਹ ਸਿਸਟਮ ਨੂੰ ਨਿੱਝਰ ਆਵਦੇ ਅਨੁਸਾਰ ਹੀ ਚਲਾਉਣਾ ਚਾਹੁੰਦੇ ਨੇ।
ਮਾਰਦੇ ਨੇ ਪਾਲਸ਼ਾਂ ਸਫੈਦਪੋਸ਼ਾਂ ਨੂੰ ਤੇ ਖੁੱਦ ਪਾਸ਼ ਕਹਾਉਣਾ ਚਾਹੁੰਦੇ ਨੇ।
ਮੈਨੂੰ ਤਾਂ ਨੇ ਸੱਚੀ ਇਹ ਅੱਖ ਕੰਨ ਜੁਬਾਨ ਵਾਲੇ ਅੰਨੇ ਬੋਲੇ ਗੂੰਗੇ ਲੱਗਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

ਇਹ ਸਦਾ ਦੇਖਦੇ ਨੇ ਨੈਗਟਾਵਿਟੀ ਤਾਂ ਹੀ ਰੱਬ ਨੇ ਐਸੇ ਜੋਗਾ ਰੱਖਿਆ।
ਮੈਂ ਹੀ ਵਿਦਵਾਨ ਵਾਲਾ ਇਹ ਵਹਿਮ ਪਾਲਦੇ ਤੇ ਅਕਲੋਂ ਘੋਗਾ ਰੱਖਿਆ।
ਆਵਦੇ ਮੂੰਹੋਂ ਮੀਆਂ ਮਿੱਠੂ ਨੇ ਤੇ ਸਾਹਿਤ ਦੇ ਅਖੌਤੀ ਕਦਰਦਾਨ ਵੱਜਦੇ।
ਅੱਜ ਰੀਝ ਨਾਲ ਛਿੱਲਣੇ ਆ ਜਿਹੜੇ ਆਹਾ ਫੇਸਬੁੱਕੀ ਵਿਦਵਾਨ ਵੱਜਦੇ.....।

**ਤਲਵਿੰਦਰ ਨਿੱਝਰ ਸਾਉਂਕੇ**
94173-86547

# ਖਾਲਸਾ ਪੰਥ ਦਾ ਕੋਹਿਨੂਰ ਹੀਰਾ ਭਾਈ ਗੁਰਜੰਟ ਸਿੰਘ : ਇਕ ਸ਼ਰਧਾਂਜਲੀ

**ਕਰਮਜੀਤ ਸਿੰਘ ਚੰਡੀਗੜ**

ਜਿਸ ਦਿਨ ਭਾਈ ਗੁਰਜੰਟ ਸਿੰਘ ਸ਼ਹੀਦ ਹੋਏ, ਉਸ ਦਿਨ ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਦਲਜੀਤ ਸਿੰਘ, ਭਾਈ ਹਰਮਿੰਦਰ ਸਿੰਘ ਸੁਲਤਾਨਵਿੰਡ ਚੰਡੀਗੜ ਵਿੱਚ ਸਾਡੇ ਕੋਲ ਠਹਿਰੇ ਹੋਏ ਸਨ। ਇਕ ਹੋਰ ਸਿੰਘ ਯੂ.ਪੀ. ਤੋਂ ਕਿਸੇ ਜਥੇਬੰਦੀ ਦਾ ਮੁਖੀ ਵੀ ਨਾਲ ਹੀ ਸੀ।

ਸ਼ਹੀਦ ਬਾਰੇ ਖਬਰ ਜਦੋਂ ਮੈਂ ਸੁਣਾਈ, ਮਾਹੌਲ ਇਕ ਦਮ ਉਦਾਸ ਹੋ ਗਿਆ। ਮੈਂ ਭਾਈ ਦਲਜੀਤ ਸਿੰਘ ਨੂੰ ਇਸ ਹੱਦ ਤੱਕ ਉਦਾਸ ਕਦੇ ਨਹੀਂ ਸੀ ਵੇਖਿਆ।

ਖਾਲਸਾ ਪੰਥ ਦਾ ਇਕ ਵੱਡਾ ਥੰਮ ਡਿੱਗ ਗਿਆ ਸੀ ਅਤੇ ਅਸੀਂ ਸਾਰੇ ਗੁਰਜੰਟ ਨਾਲ ਬਿਤਾਈਆਂ ਯਾਦਾਂ ਸਾਂਝੀਆਂ ਕਰਨ ਲੱਗ ਪਏ। ਪੰਜਵੜ ਅਤੇ ਸੁਲਤਾਨਵਿੰਡ ਦੀਆਂ ਅੱਖਾਂ ਵਿੱਚ ਹੰਝੂ ਸਨ। ਪਰ ਮੈਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਦਲਜੀਤ ਦਾ ਅੰਦਰ ਰੋ ਰਿਹਾ ਸੀ।

ਛੇਤੀ ਹੀ ਉਦਾਸੀ ਖਤਮ ਹੋ ਗਈ ਅਤੇ ਹਾਸੇ ਦਾ ਮਾਹੌਲ ਸ਼ੁਰੂ ਹੋ ਗਿਆ। ਮੈਨੂੰ ਯਾਦ ਆਇਆ ਕਿ 18ਵੀਂ ਸਦੀ ਦੇ ਸੰਘਰਸ਼ ਵਿੱਚ ਵੀ ਕਿਸੇ ਵੱਡੇ ਸਿੰਘ ਦੇ ਵਿਛੋੜੇ ਪਿੱਛੋਂ ਥੋੜੇ ਚਿਰ ਦੀ ਉਦਾਸੀ ਪਿਛੋਂ ਸਿੰਘਾਂ ਵਿੱਚ ਹਾਸਿਆਂ ਦੀ ਛਣਕਾਹਟ ਸ਼ੁਰੂ ਹੋ ਜਾਂਦੀ ਸੀ ਜਿਵੇਂ ਸ਼ਹਾਦਤ ਅਕਾਲ ਪੁਰਖ ਦੇ ਭਾਣੇ ਵਿਚ ਸਾਧਾਰਨ ਜਿਹੀ ਘਟਨਾ ਹੋਵੇ।

ਗੁਰਜੰਟ ਦੀਆਂ ਗੱਲਾਂ ਦਲਜੀਤ ਨੇ ਸਨਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਐਕਸ਼ਨ ਕਰਨ ਦੇ ਤਰੀਕੇ, ਐਕਸ਼ਨ ਵਿੱਚ ਖੁਦ ਅਗਵਾਈ ਕਰਨੀ, ਐਕਸ਼ਨ ਦੌਰਾਨ ਵੀ ਕਿਸੇ ਵੱਡੇ ਸਹਿਜ ਵਿੱਚ ਵਿਚਰਨਾ ਅਤੇ ਸਾਥੀਆਂ ਨਾਲ ਪਿਆਰ ਕਰਨਾ ਅਤੇ ਦਲੇਰੀ ਦੀਆਂ ਗੱਲਾਂ-ਉਸ ਦੀ ਪਿਆਰੀ ਜ਼ਿੰਦਗੀ ਦਾ ਹਿੱਸਾ ਸਨ।

ਮੈਂ ਜਿੰਨੀ ਵਾਰ ਵੀ ਉਸ ਨੂੰ ਮਿਲਿਆ, ਇਕ ਚਾਅ ਅਤੇ ਖੁਸ਼ੀ ਚੜ ਜਾਂਦੀ ਅਤੇ ਹੈਰਾਨੀ ਹੋ ਜਾਂਦੀ ਕਿ ਬਿਨਾਂ ਕਿਸੇ ਸਿਖਲਾਈ ਤੋਂ ਹਥਿਆਰਾਂ ਦੀ ਸੁਚੱਜੀ, ਸੂਖਮ ਵਰਤੋਂ ਸਾਡੀ ਕੌਮ ਨੂੰ ਕਿਵੇਂ ਆ ਜਾਂਦੀ ਹੈ।

ਅੱਜ ਜਦੋਂ ਇਸ ਨਿਰਾਲੇ ਜਰਨੈਲ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਤਾਂ ਜੁਝਾਰੂ ਲਹਿਰ ਦੀਆਂ ਯਾਦਾਂ ਅੰਮ੍ਰਿਤ ਵੇਲੇ ਦੀ ਸਵੇਰ ਵਾਂਗ ਤਾਜ਼ੀਆਂ ਹੋ ਗਈਆਂ ਹਨ।

ਉਨਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਜਿਸ ਖਾਲਿਸਤਾਨ ਦੇ ਨਿਸ਼ਾਨੇ ਲਈ ਉਹ ਲੜੇ, ਉਸ ਨਿਸ਼ਾਨੇ ਨੂੰ ਨਾ ਤਾਂ ਭੁਲੀਏ, ਨਾ ਹੀ ਉਸ ਨਿਸ਼ਾਨੇ ਨੂੰ ਬਦਲੀਆਂ ਹਾਲਤਾਂ ਦਾ ਬਹਾਨਾ ਲਾ ਕੇ ਪੇਤਲਾ ਕਰੀਏ ਨਾ ਹੀ ਹਾਲਤਾਂ ਦਾ ਗੁਲਾਮ ਬਣ ਕੇ ਆਪਣੀ ਬੁੱਧੀ ਨੂੰ ਇਸ ਪਵਿੱਤਰ ਨਿਸ਼ਾਨੇ ਦਾ ਵਿਰੋਧ ਕਰਨ ਵਿੱਚ ਵਰਤਣ ਦਾ ਗੁਨਾਹ ਕਰੀਏ।

ਮੈਂ ਜਦੋਂ ਵੀ ਗੁਰਜੰਟ ਸਿੰਘ ਨੂੰ ਚੰਡੀਗੜ ਤੋਂ ਉਸਦੀਆਂ ਗੁਪਤ ਥਾਵਾਂ ਤੇ ਮਿਲਣ ਜਾਂਦਾ ਤਾਂ ਮੈਨੂੰ ਪਤਾ ਹੁੰਦਾ ਸੀ ਕਿ ਮੈਂ ਸਿੱਖ ਇਤਿਹਾਸ ਦੇ ਕਿਸੇ -ਸ਼ਾਨਾਮੱਤੇ ਚੈਪਟਰ’ ਦੇ ਮਹਾਨ ਨਾਇਕ ਨੂੰ ਮਿਲਣ ਜਾ ਰਿਹਾ ਹਾਂ। ਉਸ ਨਿਧੜਕ, ਯੋਧੇ ਜਰਨੈਲ ਨੂੰ ਮਿਲਣ ਜਾ ਰਿਹਾ ਹਾਂ ਜਿਸ ਨੇ ਇਕ ਦਿਨ ਵਿਛੜ ਜਾਣਾ ਹੈ ਕਿਉਂਕਿ ਸ਼ਹਾਦਤ ਉਸ ਦੇ ਮੱਥੇ ਤੇ ਲਿਖੀ ਮੈਂ ਪੜ ਸਕਦਾ ਸੀ।

ਭਾਈ ਦਲਜੀਤ ਸਿੰਘ ਦੀ ਬਦੌਲਤ ਹੀ ਮੈਂ ਪਹਿਲੀ ਵਾਰ ਉਸ ਨੂੰ ਮਿਲਿਆ ਸੀ ਅਤੇ ਅਸੀਂ ਇਉਂ ਮਿਲੇ ਜਿਵੇਂ ਪਿਛਲੇ ਕਈ ਜਨਮਾਂ ਤੋਂ ਇਕ ਦੂਜੇ ਨੂੰ ਜਾਣਦੇ ਸੀ। ਉਸ ਦੇ ਮੱਥੇ ਤੇ ਇਕ ਨੂਰ ਦਾ ਪਹਿਰਾ ਹੁੰਦਾ ਸੀ। ਅਸੀਂ ਕਿੰਨਾ ਕਿੰਨਾ ਚਿਰ ਸੰਘਰਸ਼ ਦੀਆਂ ਗੱਲਾਂ, ਸਿੰਘਾਂ ਵਿੱਚ ਮਤਭੇਦਾਂ ਦੀਆਂ ਗੱਲਾਂ ਅਤੇ ਉਸ ਦੇ ਐਕਸ਼ਨਾਂ ਦੀਆਂ ਗੱਲਾਂ ਕਰਦੇ।

ਇਕ ਵਾਰ ਉਸ ਨੇ ਮੈਨੂੰ ਦੱਸਿਆ ਸੀ ਕਿ ਕਈ ਵਾਰ ਐਕਸ਼ਨ ਦੌਰਾਨ ਇਉਂ ਮਹਿਸੂਸ ਹੋ ਰਿਹਾ ਹੁੰਦਾ ਹੈ ਕਿ ਜਿਵੇਂ ਪਿਸਤੌਲ ਕੋਈ ਹੋਰ ਚਲਾ ਰਿਹਾ ਹੈ। ਇਹ ਅਨੁਭਵ ਚਰਨਜੀਤ ਸਿੰਘ ਚੰਨੀ ਅਤੇ ਭਾਈ ਦਲਜੀਤ ਸਿੰਘ ਨੇ ਵੀ ਮੇਰੇ ਨਾਲ ਸਾਂਝਾ ਕੀਤਾ ਸੀ। ਅਸਲ ਵਿੱਚ ਜੁਝਾਰੂ ਲਹਿਰ ਦੀਆਂ ਇਹ ਗੱਲਾਂ ਇਤਿਹਾਸ ਹਨ ਜੋ ਲਿਖਿਆ ਜਾਣਾ ਬਣਦਾ ਹੈ। ਬਲਵਿੰਦਰ ਸਿੰਘ ਜਟਾਣਾ ਵੀ ਐਕਸ਼ਨ ਕਰਨ ਤੋਂ ਪਹਿਲਾਂ ਅਰਦਾਸ ਕਰ ਕੇ ਜਾਂਦਾ ਸੀ ਜਦਕਿ ਰਛਪਾਲ ਸਿੰਘ ਛੰਦੜਾ ਕਿਸੇ ਬਹੁਤ ਹੀ ਪਿਆਰੀ ਮਾਸੂਮੀਅਤ ਵਿੱਚ ਉਹ ਗੱਲਾਂ ਦਸਦਾ ਸੀ ਜੋ ਹੈਰਾਨ ਕਰ ਦਿੰਦੀਆਂ ਹਨ।

ਦਲਜੀਤ ਅਤੇ ਗੁਰਜੰਟ ਨੂੰ ਮਿਲਣ ਲੱਗਿਆਂ ਸਚਮੁੱਚ ਇਹ ਮਹਿਸੂਸ ਹੁੰਦਾ ਸੀ ਜਿਵੇਂ ਰੱਬ ਤੁਹਾਡੇ ਨਾਲ ਤੁਰ ਰਿਹਾ ਹੋਵੇ।ਕਾਸ਼, ਕੋਈ ਉਹ ਅਦਿੱਖ ਅਨੁਭਵ ਫੜ ਸਕੇ। ਮੈਂ ਜੁਝਾਰੂ ਲਹਿਰ ਨੂੰ ਦੂਰ ਰਹਿ ਕੇ ਵੀ ਅਤੇ ਨੇੜੇ ਰਹਿ ਕੇ ਵੀ ਵੇਖਿਆ ਹੈ।

ਮੇਰਾ ਵਿਚਾਰ ਹੈ ਕਿ ਸੰਤ ਜਰਨੈਲ ਸਿੰਘ, ਜੁਝਾਰੂ ਲਹਿਰ ਅਤੇ ਖਾਲਿਸਤਾਨ ਬਾਰੇ ਕੋਈ ਵੀ ਗੱਲ ਕਰਨ ਵੇਲੇ ਇਤਿਹਾਸ ਦੀ ਅਤਿ ਬਾਰੀਕ ਸਮਝ ਹੋਣੀ ਚਾਹੀਦੀ ਹੈ ਕਿਉਂਕਿ




ਮੈਂ ਇਹ ਵੇਖ ਰਿਹਾ ਹਾਂ ਕਿ ਅੱਜ ਕੱਲ ਕਈ ਵੀਰ ਇਨਾਂ ਬਾਰੇ ਪਹਿਲੀ ਦੂਜੀ ਦੇ ਜੁਆਕਾਂ ਵਾਂਗ ਟਿੱਪਣੀਆਂ ਕਰਦੇ ਹਨ। ਇਹ ਤਿੰਨੇ ਵਰਤਾਰੇ ਬਹੁਤ ਵੱਡੇ, ਬਹੁਤ ਗੁੰਝਲਦਾਰ ਅਤੇ ਸ਼ਾਨਾਮੱਤੇ ਵਰਤਾਰੇ ਹਨ ਅਤੇ ਸਾਡੇ ਇਤਿਹਾਸ ਦਾ ਸ਼ਾਨਦਾਰ ਕਾਂਡ ਹਨ। ਇਹ ਉਹ ਵੱਡਾ ਨਰੇਟਿਵ ਹੈ ਜਿਸ ਦਾ ਆਗਾਜ਼ ਤੀਜੇ ਘੱਲੂਘਾਰੇ ਤੋਂ ਬਾਅਦ ਹੋਇਆ। ਇਹ ਤਿੰਨੇ ਵਰਤਾਰੇ ਇਕ ਦੂਜੇ ਨਾਲ ਤਾਣੇ ਪੇਟੇ ਵਾਂਗ ਓਤਪੋਤ ਹਨ ਅਤੇ ਕਿਸੇ ਇਕ ਦੀ ਵਿਆਖਿਆ ਦੂਜੇ ਦੋਵਾਂ ਨਾਲ ਜੁੜ ਕੇ ਹੀ ਸੰਪੂਰਨ ਹੋ ਸਕਦੀ ਹੈ। ਇਹ ਤਿੰਨੇ ਵਰਤਾਰੇ ਭਾਰਤੀ ਸਟੇਟ ਤੋਂ ਪੂਰੀ ਤਰਾਂ ਟੁੱਟ ਕੇ ਆਪਣੇ ਆਪ ਵਿੱਚ **sovereign** ਹੋ ਜਾਂਦੇ ਹਨ ਅਤੇ 1849 ਤੋਂ ਬਾਅਦ ਇਹੋ ਜਿਹਾ ਕਰਿਸ਼ਮਾ ਪਹਿਲੀ ਵਾਰ ਵਾਪਰਿਆ। ਇਸ ਨਰੇਟਿਵ ਦੇ ਅਹਿਮ ਫੀਚਰਜ਼ ਉੱਤੇ ਕਦੇ ਫਿਰ ਵਿਚਾਰ ਕਰਾਂਗੇ। ਗੁਰਜੰਟ ਸਿੰਘ ਬੁਧ ਸਿੰਘ ਵਾਲਾ ਨੂੰ ਯਾਦ ਕਰਦਿਆਂ ਇਹ ਗੱਲਾਂ ਆਪ ਮੁਹਾਰੇ ਹੀ ਜੇਹਨ ਵਿੱਚ ਉਤਰ ਆਈਆਂ ਹਨ।







# ਸੇਲ... ਸੇਲ... ਸੇਲ

**ਜਸਵੰਤ ਗਿੱਲ ਸਮਾਲਸਰ**

ਨਵੇਂ ਨੰਬਰ ਤੋਂ ਵਟਸਐਪ ਉੱਤੇ ਮੈਸੇਜ ਆਇਆ ਕਿ ਆਨਲਾਈਨ ਕਵਿਤਾ ਮੁਕਾਬਲੇ ਵਿੱਚ ਭਾਗ ਲੈਣ ਲਈ ਇਸ ਨੰਬਰ 'ਤੇ ਆਪਣੀ ਇੱਕ ਕਵਿਤਾ ਭੇਜੋ। ਮੈਂ ਅਜੇ ਰਚਨਾ ਭੇਜਣ ਬਾਰੇ ਸੋਚ ਹੀ ਰਿਹਾ ਸੀ ਕਿ ਮੈਨੂੰ ਇੱਕ ਨਵੇਂ ਸਾਹਿਤਕ ਗਰੁੱਪ ਵਿੱਚ ਸ਼ਾਮਿਲ ਕਰ ਲਿਆ ਗਿਆ ਅਤੇ ਨਾਲ ਹੀ ਗਰੁੱਪ ਦੇ ਸੰਚਾਲਕ ਨੇ ਮੈਸੇਜ ਭੇਜ ਦਿੱਤਾ ਮੁਕਾਬਲੇ ਲਈ ਕਵਿਤਾਵਾਂ ਇਸ ਨੰਬਰ ਉਪਰ ਭੇਜੀਆਂ ਜਾਣ।

ਗਰੁੱਪ ਵਿਚਲੇ ਨੰਬਰਾਂ ਨੂੰ ਵੇਖਿਆ ਤਾਂ ਇੱਕ ਦੋ ਜਣੇ ਜਾਣ ਪਛਾਣ ਵਾਲੇ ਸਨ ਤੇ ਬਾਕੀ ਸਾਰੇ ਨਵੇਂ। ਇਹ ਵੇਖ ਕੇ ਲੱਗਿਆ ਕਿ ਮੁਕਾਬਲਾ ਥੋੜਾ ਮੁਸ਼ਕਿਲ ਹੋਵੇਗਾ। ਇਸ ਲਈ ਮੈਂ ਪਹਿਲਾਂ ਤਿੰਨ ਵਾਰ ਮੁਕਾਬਲਿਆਂ ਵਿੱਚ ਜੇਤੂ ਰਹੀ ਆਪਣੀ ਕਵਿਤਾ ਹੀ ਭੇਜ ਦਿੱਤੀ ਅਤੇ ਇਸ ਦੇ ਨਾਲ ਹੀ ਗਰੁੱਪ ਵਿੱਚ ਇੱਕ ਹਲਕੀ ਫੁਲਕੀ ਕਵਿਤਾ ਵੀ ਪਾ ਦਿੱਤੀ। ਇਸ ਤੋਂ ਪਹਿਲਾਂ ਕਿ ਕੋਈ ਉਸ ਨੂੰ ਪੜਦਾ, ਕਿਸੇ ਆਨਲਾਈਨ ਅਖ਼ਬਾਰ ਦੇ ਸੰਪਾਦਕ ਨੇ ਉਹੀ ਕਵਿਤਾ ਇੱਕ ਮਿੰਟ ਵਿੱਚ ਛਾਪ ਕੇ ਗਰੁੱਪ ਵਿੱਚ ਭੇਜ ਦਿੱਤੀ ਅਤੇ ਮੇਰੇ ਨਿੱਜੀ ਨੰਬਰ 'ਤੇ ਵੀ।

ਇਹ ਵੇਖ ਕੇ ਮੈਂ ਹੈਰਾਨ ਹੋਇਆਂ ਮੈਸੇਜ ਕੀਤਾ, 'ਸਰ ਜੀ ਧੰਨਵਾਦ ਜੀ, ਪਰ ਤੁਸੀਂ ਤਾਂ ਇੱਕ ਮਿੰਟ ਵਿੱਚ ਰਚਨਾ ਛਾਪ ਕੇ ਗਰੁੱਪ ਵਿੱਚ ਸ਼ੇਅਰ ਕਰ ਦਿੱਤੀ । ਤੁਹਾਡੀ ਸਪੀਡ ਤਾਂ ਸ਼ਕਤੀਮਾਨ ਤੋਂ ਵੀ ਜਿਆਦਾ ਜਾਪਦੀ ਹੈ।'

ਮੇਰੇ ਮੈਸੇਜ ਉਪਰ ਉਨਾਂ ਨੇ ਅੰਗੂਠੇ ਦਾ ਨਿਸ਼ਾਨ ਦਿਖਾਉਂਦਿਆਂ ਕਿਹਾ, 'ਪਿਆਰੇ ਗਿੱਲ ਵੀਰ, ਹੁਣ ਲਿਖਤ ਛਪਣ ਦਾ ਮਹੀਨੇ ਮਹੀਨੇ ਇੰਤਜ਼ਾਰ ਨਹੀਂ ਕਰਨਾ ਪੈਂਦਾ, ਹੁਣੇ ਰਚਨਾ ਲਿਖੋ, ਹੁਣੇ ਭੇਜੋ ਤੇ ਹੁਣੇ ਛਪ ਕੇ ਹਾਜ਼ਰ। ਇਹੀ ਤਾਂ ਵਿਗਿਆਨ ਹੈ।'

ਉਨਾਂ ਦਾ ਮੈਸੇਜ ਪੜ ਮੈਂ ਵੀ ਦੋਵੇਂ ਹੱਥ ਜੁੜੇ ਵਾਲਾ ਚਿੰਨ ਭੇਜ ਦਿੱਤਾ। 'ਹੁਣ ਤਾਂ ਗਿੱਲ ਵੀਰ, ਇੱਕ ਮਿੰਟ ਵਿੱਚ ਕਿਤਾਬ ਛਪ ਕੇ ਹੱਥ ਵਿੱਚ ਆ ਜਾਂਦੀ ਹੈ,' ਉਨਾਂ ਇੱਕ ਮੈਸੇਜ ਹੋਰ ਕੀਤਾ। ਮੈਂ ਮੈਸੇਜ ਪੜ ਕੇ ਅੰਗੂਠੇ ਦਾ ਨਿਸ਼ਾਨ ਭੇਜ ਦਿੱਤਾ।

ਫਿਰ ਗਰੁੱਪ ਵਿੱਚ ਕੁਝ ਹੋਰ ਸਾਹਿਤਕਾਰਾਂ ਨੇ ਆਪਣੀਆਂ ਕਵਿਤਾਵਾਂ, ਕਹਾਣੀਆਂ, ਗੀਤ, ਗ਼ਜ਼ਲਾਂ ਭੇਜੀਆਂ। ਉਨਾਂ ਨੂੰ ਵੀ ਨਾਲ ਦੀ ਨਾਲ ਛਾਪ ਕੇ ਵੱਖ ਵੱਖ ਆਨਲਾਈਨ ਅਖ਼ਬਾਰਾਂ ਦੇ ਸੰਪਾਦਕ ਤੇ ਪੱਤਰਕਾਰ ਗਰੁੱਪ ਵਿੱਚ ਸਾਂਝਾ ਕਰ ਰਹੇ ਸਨ ਜਿਵੇਂ ਉਨਾਂ ਵਿੱਚ ਕੋਈ ਦੌੜ ਲੱਗੀ ਹੋਵੇ। ਉਹ ਨਾ ਤਾਂ ਲਿਖਤ ਨੂੰ ਪੜਦੇ ਹੀ ਸਨ ਤੇ ਨਾ ਉਸ ਵਿਚਲੀਆਂ ਗਲਤੀਆਂ ਵੇਖ ਰਹੇ ਸਨ ਬਸ ਜਿਵੇਂ ਕੋਈ ਕੁਝ ਭੇਜਦਾ ਉਵੇਂ ਦੱਬੀ ਆ ਰਹੇ ਸਨ।

ਸ਼ਾਮ ਨੂੰ ਜਦ ਵਟਸਐਪ ਚਲਾਇਆ ਤਾਂ ਸਭ ਤੋਂ ਪਹਿਲਾਂ ਨਵਾਂ ਗਰੁੱਪ ਹੀ ਖੋਲ ਵੇਖਿਆ। ਕੁਝ ਮੈਸੇਜਾਂ 'ਤੇ ਜ਼ਰੂਰੀ ਸੂਚਨਾ ਲਿਖੀ ਹੋਣ ਕਰਕੇ ਉਨਾਂ ਨੂੰ ਪੜਨਾ ਸ਼ੁਰੂ ਕੀਤਾ ਤਾਂ ਉਹ ਕਿਸੇ ਆਨਲਾਈਨ ਅਖ਼ਬਾਰ ਵੱਲੋਂ ਪੱਤਰਕਾਰਾਂ ਦੀ ਲੋੜ ਵਾਸਤੇ ਮੈਸੇਜ ਸੀ, ਪਰ ਉਹ ਇੱਕ ਮੈਸੇਜ ਹੀ ਨਹੀਂ ਸੀ ਸਗੋਂ ਉਸ ਵਰਗੇ ਪੰਜ ਛੇ ਮੈਸੇਜ ਹੋਰ ਵੀ ਸਨ ਜਿਸ ਤੋਂ ਅੰਦਾਜ਼ਾ ਲੱਗ ਗਿਆ ਕਿ ਗਰੁੱਪ ਵਿੱਚ ਕਈ ਅਖ਼ਬਾਰਾਂ ਦੇ ਸੰਪਾਦਕ ਸ਼ਾਮਲ ਹਨ।

ਗਰੁੱਪ ਵਿੱਚ ਹਰ ਰੋਜ਼ ਸਾਹਿਤਕ ਸਮੱਗਰੀ ਤਾਂ ਨਾਂ-ਮਾਤਰ ਹੀ ਆਉਂਦੀ, ਪਰ ਜ਼ਿਆਦਾ ਮੈਸੇਜ ਪੱਤਰਕਾਰਾਂ ਦੀ ਲੋੜ, ਆਨਲਾਈਨ ਕਵੀ ਦਰਬਾਰ, ਆਨਲਾਈਨ ਕਵਿਤਾ, ਕਹਾਣੀ ਮੁਕਾਬਲੇ ਦੇ ਮੈਸੇਜ ਢੇਰ ਦੇ ਢੇਰ ਆਏ ਪਏ ਹੁੰਦੇ। ਇਹ ਵੇਖ ਕੇ ਮੈਂ ਗਰੁੱਪ ਤੋਂ ਪਾਸਾ ਵੱਟ ਲਿਆ, ਪਰ ਕਦੇ ਕਦੇ ਆਪਣੀ ਕੋਈ ਲਿਖਤ ਸਾਂਝੀ ਜ਼ਰੂਰ ਕਰ ਦਿੰਦਾ ਸੀ। ਹੁਣ ਮੈਨੂੰ ਗਰੁੱਪ ਦੇ ਸੰਚਾਲਕ ਵੱਲੋਂ ਕਰਵਾਏ ਗਏ ਕਵਿਤਾ ਮੁਕਾਬਲੇ ਦੇ ਨਤੀਜੇ ਦੀ ਉਡੀਕ ਸੀ ਤਾਂ ਜੋ ਮੈਂ ਉਸਨੂੰ ਵੇਖਣ ਤੋਂ ਬਾਅਦ ਗਰੁੱਪ ਛੱਡ ਸਕਾਂ।

ਇੱਕ ਦਿਨ ਉਸੇ ਅਖ਼ਬਾਰ ਦੇ ਸੰਪਾਦਕ ਦਾ ਮੈਨੂੰ ਨਿੱਜੀ ਮੈਸੇਜ ਆਇਆ ਜਿਸ ਨੇ ਮੇਰੀ ਕਵਿਤਾ ਪਹਿਲੇ ਦਿਨ ਛਾਪੀ ਸੀ: 'ਪਿਆਰੇ ਵੀਰ ਗਿੱਲ ਕੀ ਹਾਲ ਚਾਲ ਨੇ ? ਕੀ ਤੁਸੀਂ ਮੇਰੇ ਅਖ਼ਬਾਰ ਦੀ ਪੱਤਰਕਾਰੀ ਕਰੋਗੇ ?'

ਮੈਂ ਵੀ ਅੱਗੋਂ ਸਤਿ ਸ੍ਰੀ ਅਕਾਲ ਦਾ ਮੈਸੇਜ ਕਰ ਪੁੱਛ ਹੀ ਲਿਆ, 'ਜੀ ਸਰ ਕੀ ਸਿਸਟਮ ਹੈ ਜੀ ?'

'ਸਿਸਟਮ ਕੀ ਹੋਣਾ ਸੀ ਗਿੱਲ, ਤੁਸੀਂ ਖ਼ਬਰਾਂ ਭੇਜੋ ਤੇ ਲੇਖਕਾਂ ਦੀਆਂ ਲਿਖਤਾਂ। ਲੇਖਕਾਂ ਤੇ ਖ਼ਬਰਾਂ ਲਗਵਾਉਣ ਵਾਲਿਆਂ ਤੋਂ ਦੋ ਦੋ ਹਜ਼ਾਰ ਰੁਪਏ ਲੈ ਕੇ ਭੇਜ ਦੇਵੋ ਤੇ ਉਨਾਂ ਨੂੰ ਆਖੋ ਤਿੰਨ ਮਹੀਨੇ ਤੁਹਾਡੀਆਂ ਲਿਖਤਾਂ ਫਰੀ ਲੱਗਣਗੀਆਂ।'

'ਜੀ ਸਰ, ਪਰ ਲੇਖਕ ਤਾਂ ਕੁਝ ਦਿੰਦੇ ਨਹੀਂ। ਖ਼ਬਰਾਂ ਲਗਵਾਉਣ ਵਾਲੇ ਲੀਡਰ ਆਨਲਾਈਨ ਅਖ਼ਬਾਰਾਂ ਵੱਲ ਮੂੰਹ ਨਹੀਂ ਕਰਦੇ,' ਮੈਂ ਕਿਹਾ।

'ਓ ਛੋਟੇ ਵੀਰ ਇਹ ਤੇਰੀ ਗਲਤਫ਼ਹਿਮੀ ਆ, ਤੈਨੂੰ ਰਾਜ਼ ਦੀ ਗੱਲ ਦੱਸਦਾਂ, ਮੇਰੇ ਅਖ਼ਬਾਰ ਦਾ ਸਾਰਾ ਖਰਚਾ ਹੀ ਲੇਖਕਾਂ ਤੋਂ ਚੱਲਦਾ ਐ, ਖ਼ਬਰਾਂ ਵਾਲਿਆਂ ਬਾਰੇ ਤਾਂ ਹੁਣ ਕੀ ਦੱਸਾਂ। ਅੱਜ ਕੱਲ ਲੇਖਕਾਂ ਵਿੱਚ ਛਪਣ ਦੀ ਇੰਨੀ ਦੌੜ ਲੱਗੀ ਹੋਈ ਹੈ ਕਿ ਉਨਾਂ ਨੂੰ ਇਹ ਰਹਿੰਦਾ ਬਈ ਸਾਡੀ ਕਲਮ ਸ਼ਬਦ ਬਾਅਦ ਵਿੱਚ ਲਿਖੇ ਸਗੋਂ ਅਖ਼ਬਾਰ ਉੱਤੇ ਪਹਿਲਾਂ ਛਪ ਜਾਣ। ਬਸ ਵਟਸਐਪ, ਫੇਸਬੁੱਕ ਤੋਂ ਲੱਭਣੇ ਪੈਂਦੇ ਨੇ, ਖ਼ਾਸਕਰ ਨਵੇਂ ਲੇਖਕ ਉਹ ਵੀ ਕਵਿੱਤਰੀਆਂ।'

ਉਹਦਾ ਮੈਸੇਜ ਪੜ ਕੇ ਮੈਂ ਹੈਰਾਨ ਰਹਿ ਗਿਆ ਤੇ 'ਅੱਛਾ ਜੀ ਸਰ' ਹੀ ਲਿਖ ਸਕਿਆ। 'ਹਾਂ ਗਿੱਲ ਵੀਰ, ਹੁਣ ਆਪਣੇ ਗਰੁੱਪ ਵਿੱਚ ਹੀ ਵੇਖ ਲੈ, ਸੱਤ ਅੱਠ ਲੇਖਕਾਂ ਨੇ ਪੈਸੇ ਭੇਜ ਵੀ ਦਿੱਤੇ ਉਨਾਂ ਵਿੱਚੋਂ ਦੋ ਨਵੇਂ ਮੁੰਡੇ ਤੇ ਬਾਕੀ ਸਭ ਬੀਬੀਆਂ ਨੇ। ਆਪਾਂ ਹੁਣ ਹਰ ਦੂਜੇ ਦਿਨ ਇਨਾਂ ਦਾ ਭੇਜਿਆ ਛਾਪ ਦਿੰਦੇ ਹਾਂ। ਇਹ ਵੀ ਖ਼ੁਸ਼ ਤੇ ਆਪਾਂ ਵੀ ਖ਼ੁਸ਼,' ਉਸ ਨੇ ਮੈਸੇਜ ਦੇ ਨਾਲ ਹਾਸੇ ਵਾਲੇ ਸਟਿੱਕਰ ਭੇਜ ਕੇ ਕਿਹਾ।

'ਚੱਲੋ ਵਧੀਆ ਗੱਲ ਹੈ ਸਰ ਜੀ, ਤੁਹਾਡਾ ਤੋਰੀ ਫੁਲਕਾ ਚੱਲ ਰਿਹਾ ਹੈ ਤੇ ਲੇਖਕ ਛਪ ਕੇ ਖ਼ੁਸ਼ ਹੋ ਰਹੇ ਨੇ। ਮੁਆਫ਼ ਕਰਨਾ ਜੀ, ਮੈਂ ਪੱਤਰਕਾਰੀ ਨਹੀਂ ਕਰ ਸਕਦਾ ਕਿਉਂਕਿ ਮੈਂ ਵਿਦੇਸ਼ ਹਾਂ ਤੇ ਪਹਿਲਾਂ ਹੀ ਇੱਕ ਅਖ਼ਬਾਰ ਨਾਲ ਕੰਮ ਕਰ ਰਿਹਾ ਹਾਂ,' ਮੈਂ ਦੱਸਿਆ।

'ਅੱਛਾ ਗਿੱਲ, ਤੂੰ ਬਾਹਰ ਏਂ, ਫਿਰ ਤਾਂ ਠੀਕ ਹੈ। ਚੱਲ ਜੇ ਕੋਈ ਹੋਰ ਮੁੰਡਾ ਕੁੜੀ ਪੱਤਰਕਾਰੀ ਕਰਨਾ ਚਾਹੇ ਤਾਂ ਮੇਰਾ ਨੰਬਰ ਦੇ ਦੇਵੀਂ, ਚਾਹੇ ਅਨਪੜ ਹੀ ਹੋਵੇ ਬਸ ਆਪਾਂ ਨੂੰ ਮਹੀਨੇ ਦਾ ਦੋ ਚਾਰ ਹਜ਼ਾਰ ਭੇਜਣ ਵਾਲਾ ਹੋਵੇ।'

ਉਹਦਾ ਇਹ ਮੈਸੇਜ ਪੜ ਕੇ ਮਨ ਬਹੁਤ ਦੁਖੀ ਹੋਇਆ। ਲੱਗਿਆ ਕੁਝ ਕੁ ਮਾੜੇ ਤੇ ਲਾਲਚੀ ਅਖ਼ਬਾਰਾਂ ਦੇ ਆਉਣ ਕਰਕੇ ਪੱਤਰਕਾਰੀ ਤੇ ਸਾਹਿਤ ਦਾ ਇਹ ਹਾਲ ਹੋ ਰਿਹਾ ਹੈ। ਇਹੀ ਸੋਚਦੇ ਨੇ ਮੈਂ ਉਹਦੇ ਮੈਸੇਜ ਦਾ ਕੋਈ ਜਵਾਬ ਵੀ ਨਾ ਦਿੱਤਾ।

ਦੋ ਦਿਨ ਬਾਅਦ ਮੁਕਾਬਲੇ ਦਾ ਨਤੀਜਾ ਆ ਗਿਆ। ਪਹਿਲੇ, ਦੂਜੇ ਤੇ ਤੀਜੇ ਸਥਾਨ ਉੱਤੇ ਤਿੰਨ-ਤਿੰਨ ਲੇਖਕਾਂ ਦੇ ਕ੍ਰਮਵਾਰ ਨਾਮ ਲਿਖੇ ਹੋਏ ਸਨ ਅਤੇ ਜੇਤੂਆਂ ਦੇ ਸਨਮਾਨ ਪੱਤਰ ਵੀ ਗਰੁੱਪ ਵਿੱਚ ਭੇਜ ਦਿੱਤੇ ਗਏ। ਮੈਂ ਜੇਤੂਆਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਾ ਮੈਸੇਜ ਲਿਖ ਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਲੇਖਕਾਂ ਦੀਆਂ ਰਚਨਾਵਾਂ ਗਰੁੱਪ ਵਿੱਚ ਸਾਂਝੀਆਂ ਕਰਨ ਲਈ ਕਿਹਾ। ਮੇਰੇ ਤੋਂ ਬਾਅਦ ਦੋ ਕੁ ਹੋਰ ਸਾਹਿਤਕਾਰਾਂ ਨੇ ਵੀ ਲਿਖਤਾਂ ਸਾਂਝੀਆਂ ਕਰਨ ਦਾ ਮੈਸੇਜ ਭੇਜ ਦਿੱਤਾ, ਪਰ ਗਰੁੱਪ ਸੰਚਾਲਕ ਨੇ ਕੋਈ ਜਵਾਬ ਨਾ ਦਿੱਤਾ।

ਸ਼ਾਮ ਨੂੰ ਜਦ ਆਇਆ ਤਾਂ ਗਰੁੱਪ ਵੇਖਿਆ। ਵਧਾਈਆਂ ਤੇ ਧੰਨਵਾਦ ਦੇ ਮੈਸੇਜਾਂ ਨਾਲ ਹੀ ਸੰਚਾਲਕ ਦਾ ਮੈਸੇਜ ਵੀ ਆਇਆ ਹੋਇਆ ਸੀ। ਉਸ ਨੇ ਲਿਖਿਆ, 'ਸਤਿਕਾਰਯੋਗ ਸਾਹਿਤਕਾਰਾਂ ਨੂੰ ਦੱਸ ਦੇਵਾਂ ਕਿ ਮੁਕਾਬਲੇ ਵਿੱਚ ਬਹੁਤ ਹੀ ਜ਼ਿਆਦਾ ਲੇਖਕਾਂ ਨੇ ਭਾਗ ਲਿਆ ਸੀ ਜਿਸ ਕਰਕੇ ਸਾਰੀਆਂ ਲਿਖਤਾਂ ਸਾਂਝੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਮੁਆਫ਼ੀ ਚਾਹੁੰਦਾ ਹਾਂ।'

ਮੈਂ ਬਾਕੀਆਂ ਦੇ ਮੈਸੇਜ ਵੇਖੇ ਤਾਂ ਕਿਸੇ ਨੇ ਠੀਕ ਜੀ ਤੇ ਕਿਸੇ ਨੇ ਸਟਿੱਕਰ ਭੇਜੇ ਹੋਏ ਸਨ, ਮੇਰੇ ਤੋਂ ਰਿਹਾ ਨਾ ਗਿਆ ਤਾਂ ਮੈਂ ਮੈਸੇਜ ਕਰ ਕਿਹਾ, 'ਸਰ ਸਾਰੀਆਂ ਨਾ ਸਹੀ, ਤੁਸੀਂ ਜੇਤੂ ਲੇਖਕਾਂ ਦੀਆਂ ਰਚਨਾਵਾਂ ਭੇਜ ਦੇਵੋ ਜੀ ਤਾਂ ਕਿ ਅਸੀਂ ਉਨਾਂ ਨੂੰ ਪੜ ਕੇ, ਉਨਾਂ ਤੋਂ ਕੁਝ ਸਿੱਖ ਸਕੀਏ ਤੇ ਹੋਰ ਵੀ ਬਿਹਤਰ ਲਿਖ ਸਕੀਏ।' ਮੇਰੇ ਮੈਸੇਜ ਤੋਂ ਬਾਅਦ ਪੰਜ ਛੇ ਜਣੇ ਮੇਰੇ ਨਾਲ ਸਹਿਮਤ ਹੋ ਗਏ ਤੇ ਉਨਾਂ ਨੇ ਵੀ ਜੇਤੂ ਲਿਖਤਾਂ ਸਾਂਝੀਆਂ ਕਰਨ ਦੇ ਮੈਸੇਜ ਕਰ ਦਿੱਤੇ।

ਦੂਜੇ ਦਿਨ ਸਵੇਰੇ ਹੀ ਮੈਨੂੰ ਸੰਚਾਲਕ ਦਾ ਮੈਸੇਜ ਆ ਗਿਆ ਤੇ ਗੱਲ ਕਰਨ ਲਈ ਕਿਹਾ। ਉਨਾਂ ਦਾ ਮੈਸੇਜ ਵੇਖ ਕੇ ਮੈਂ ਵਟਸਐਪ 'ਤੇ ਫੋਨ ਕਰ ਲਿਆ। ਹਾਲ ਚਾਲ ਪੁੱਛਣ ਤੋਂ ਬਾਅਦ ਮੈਂ ਅਜੇ ਰਚਨਾਵਾਂ ਬਾਰੇ ਗੱਲ ਕਰਨ ਹੀ ਲੱਗਿਆ ਸੀ ਕਿ ਉਹ ਪਹਿਲਾਂ ਹੀ ਬੋਲ ਪਏ, 'ਗਿੱਲ ਬਾਈ, ਤੁਸੀਂ ਕੱਲ ਦੋ ਤਿੰਨ ਵਾਰ ਮੈਸੇਜ ਕੀਤਾ ਸੀ ਗਰੁੱਪ ਵਿੱਚ ਲਿਖਤਾਂ ਸਾਂਝੀਆਂ ਕਰਨ ਲਈ ਤੇ ਤੁਹਾਨੂੰ ਵੇਖ ਕੇ ਹੋਰਾਂ ਨੇ ਵੀ ਕਿਹਾ। ਪਰ ਬਾਈ ਮੇਰੀ ਮਜਬੂਰੀ ਹੈ ਕਿ ਮੈਂ ਲਿਖਤਾਂ ਸਾਂਝੀਆਂ ਨਹੀਂ ਕਰ ਸਕਦਾ ਤੇ ਕ੍ਰਿਪਾ ਕਰੋ ਤੁਸੀਂ ਦੁਬਾਰਾ ਹੁਣ ਨਾ ਕਹਿਣਾ ਇਸ ਬਾਰੇ।'

ਬਾਕੀ ਸਫ਼ਾ 30 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਭੋਗ

**ਭੁਪਿੰਦਰ ਫ਼ੌਜੀ**

ਅੱਖ ਉਸ ਵਕਤ ਖੁੱਲੀ ਜਦੋਂ ਉਸ ਨੂੰ ਨਾਲ ਦੇ ਸਾਥੀ ਨੇ ਜਗਾਇਆ। ਹਨੇਰੇ ਨੇ ਆਪਣੀ ਚਾਦਰ ਉਤਾਰਨੀ ਸ਼ੁਰੂ ਕਰ ਦਿੱਤੀ ਸੀ। ਦਿਨ ਚਾਂਦੀ ਵਾਂਗ ਚਮਕਣ ਲੱਗ ਪਿਆ ਸੀ। ਘਾਹ ਉੱਤੇ ਤਰੇਲ ਦਾ ਕੋਈ-ਕੋਈ ਤੁਪਕਾ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਚਮਕਣ ਲੱਗਾ। ਦਰੱਖ਼ਤਾਂ 'ਤੇ ਪੰਛੀਆਂ ਨੇ ਰਾਗ ਛੇੜ ਰੱਖੇ ਸਨ। ਵਾਰਡ ਵਿੱਚੋਂ ਅੱਜ ਕਈ ਲਾਸ਼ਾਂ ਨਿਕਲ ਚੁੱਕੀਆਂ ਸਨ। ਪਹਿਲਾਂ ਇਸ ਤਰਾਂ ਕਦੇ ਨਹੀਂ ਸੀ ਹੋਇਆ। ਲੋਕਾਂ ਵਿੱਚ ਸਹਿਮ ਪੈਦਾ ਹੋ ਗਿਆ। ਬੇਅੰਤ ਤਿਆਰ ਹੋਣ ਘਰ ਨੂੰ ਚਲਾ ਗਿਆ। ਆਪ ਨਾਸ਼ਤਾ ਕਰਕੇ ਮਾਂ ਦਾ ਨਾਸ਼ਤਾ ਬਣਵਾ ਹਸਪਤਾਲ ਨੂੰ ਮੁੜ ਪਿਆ। ਵਾਰਡ ਮੂਹਰੇ ਭੀੜ ਲੱਗੀ ਹੋਈ ਸੀ। ਬੇਅੰਤ ਨੂੰ ਦੇਖਦੇ ਡਾਕਟਰ ਨੇ ਆਪਣੇ ਕਮਰੇ ਵਿੱਚ ਬੁਲਾਇਆ, 'ਸੁਰਜੀਤ ਕੌਰ ਤੁਹਾਡੇ ਮਾਤਾ ਜੀ ਨੇ...?'

'ਜੀ ਸਰ..।' ਉਸ ਨੇ ਜਵਾਬ ਦਿੱਤਾ।

'ਸ਼ੀ ਇਜ਼ ਨੋ ਮੋਰ...।' ਡਾਕਟਰ ਨੇ ਅੰਗਰੇਜ਼ੀ ਦੇ ਤਿੰਨ ਚਾਰ ਲਫ਼ਜ਼ ਬੋਲੇ। ਸੁਣ ਕੇ ਬੇਅੰਤ ਦੇ ਹੱਥਾਂ ਵਿੱਚੋਂ ਨਾਸ਼ਤੇ ਵਾਲਾ ਝੋਲਾ ਫਰਸ਼ 'ਤੇ ਡਿੱਗ ਪਿਆ। ਉਸ ਨੂੰ ਹਸਪਤਾਲ ਦੀ ਇਮਾਰਤ ਹਿੱਲਦੀ ਮਹਿਸੂਸ ਹੋਈ ਜਿਵੇਂ ਅਚਨਚੇਤ ਭੁਚਾਲ ਆ ਗਿਆ ਹੋਵੇ। ਕਿੰਨਾ ਚਿਰ ਉਹ ਕੁਰਸੀ 'ਤੇ ਬੈਠਾ ਰਿਹਾ। ਉਸ ਨੂੰ ਪਾਣੀ ਦਿੱਤਾ ਗਿਆ। ਘੁੱਟ ਪਾਣੀ ਦੀ ਪੀ ਕੇ ਸਥਿਰ ਹੋਇਆ।

'ਡਾਕਟਰ ਸਾਹਬ ਕਦੋਂ ਦੀ ਗੱਲ ਐ...।'

'ਸਵੇਰੇ ਛੇ ਕੁ ਵਜੇ ਉਨਾਂ ਆਖ਼ਰੀ ਸਾਹ ਲਿਆ...। ਤੁਸੀਂ ਹਸਪਤਾਲ ਦਾ ਖ਼ਰਚਾ ਭਰਕੇ ਡੈੱਡ ਬੌਡੀ ਲਿਜਾ ਸਕਦੇ ਹੋ...।' ਇੰਨਾ ਕਹਿੰਦਾ ਡਾਕਟਰ ਵਾਰਡ ਵੱਲ ਨੂੰ ਚਲਿਆ ਗਿਆ। ਬੇਅੰਤ ਨੇ ਰਮਨ ਨੂੰ ਫ਼ੋਨ ਲਾ ਲਿਆ। ਅੱਖਾਂ ਵਿੱਚ ਵਗਦੇ ਹੰਝੂ ਦੇ ਪਰਨਾਲਿਆਂ ਨਾਲ ਮਸਾਂ ਉਸ ਦੇ ਮੂੰਹ 'ਚੋਂ ਨਿਕਲਿਆ, 'ਮਾਂ ਆਪਾਂ ਨੂੰ ਛੱਡ ਕੇ ਚਲੀ ਗਈ... ਤੂੰ ਹਸਪਤਾਲ ਆਜਾ...।' ਰਮਨ ਦਾ ਵੀ ਗੱਚ ਭਰ ਆਇਆ। ਉਸ ਦੇ ਮੂੰਹ ਵਿੱਚੋਂ ਸ਼ਬਦ ਬੁੱਲਾਂ 'ਤੇ ਆ ਰੁਕ ਗਏ। ਬੇਅੰਤ ਨੇ ਫਿਰ ਪਤਨੀ ਨੂੰ ਦੱਸਿਆ। ਘਰ ਵਿੱਚ ਸੱਥਰ ਵਿਛ ਗਏ। ਵੈਣ ਪੈਣੇ ਸ਼ੁਰੂ ਹੋ ਗਏ। ਰਿਸ਼ਤੇਦਾਰਾਂ ਨੂੰ ਫ਼ੋਨ ਖੜਕਾ ਦਿੱਤੇ। ਕੁਝ ਸਮੇਂ ਵਿੱਚ ਹੀ ਸਾਰੇ ਕਸਬੇ ਵਿੱਚ ਗੱਲ ਉੱਡ ਗਈ 'ਕੋਰੋਨਾ ਨਾਲ ਇੱਕ ਹੋਰ ਮੌਤ ਹੋ ਗਈ...।'

ਬਾਰਾਂ ਕੁ ਵਜੇ ਤੱਕ ਸਾਰੀ ਕਾਰਵਾਈ ਕਰ ਕੇ ਲਾਸ਼ ਨੂੰ ਐਂਬੂਲੈਂਸ ਵਿੱਚ ਕਿੱਟ ਪਾ ਰੱਖ ਦਿੱਤਾ। ਕੁਝ ਹਸਪਤਾਲ ਦੇ ਮੁਲਾਜ਼ਮ ਸਸਕਾਰ ਕਰਵਾਉਣ ਲਈ ਨਾਲ ਬੈਠ ਗਏ। ਐਂਬੂਲੈਂਸ ਸਿੱਧੀ ਸ਼ਮਸ਼ਾਨਘਾਟ ਨੂੰ ਹੀ ਜਾਣੀ ਸੀ। ਬੇਅੰਤ ਨੇ ਘਰ ਫ਼ੋਨ ਕਰ ਕੇ ਸਭ ਨੂੰ ਉਥੇ ਬੁਲਾ ਲਿਆ। ਐਂਬੂਲੈਂਸ ਦੇ ਮਗਰ ਕਾਰ 'ਤੇ ਬੇਅੰਤ ਅਤੇ ਰਮਨ ਚੱਲ ਪਏ। ਲੱਕੜਾਂ ਦਾ ਇੰਤਜ਼ਾਮ ਸ਼ਰੀਕੇ/ਕਬੀਲੇ ਦੇ ਬੰਦਿਆਂ ਨੇ ਪਹਿਲਾਂ ਹੀ ਕਰ ਦਿੱਤਾ ਸੀ। ਜਿਵੇਂ ਹੀ ਐਂਬੂਲੈਂਸ ਸ਼ਮਸ਼ਾਨਘਾਟ ਦੇ ਗੇਟ 'ਤੇ ਪਹੁੰਚੀ ਵਿਰਲਾਪ ਕਰ ਰਹੀਆਂ ਔਰਤਾਂ ਦੀਆਂ ਆਵਾਜ਼ਾਂ ਹੋਰ ਉੱਚੀਆਂ ਹੋ ਗਈਆਂ। ਜ਼ਿਆਦਾ ਇਕੱਠ ਨਹੀਂ ਸੀ, ਗਿਣਤੀ ਦੇ ਬੰਦੇ ਸਨ। ਚਿਖਾ ਤਿਆਰ ਕੀਤੀ ਪਈ ਸੀ। ਨਾਲ ਇੱਕ ਸਿਵਾ ਹੋਰ ਬਲ ਰਿਹਾ ਸੀ। ਸਵੇਰੇ ਸਸਕਾਰ ਕਰਕੇ ਗਏ ਸਨ। ਕੁਝ ਰਿਸ਼ਤੇਦਾਰਾਂ ਤੇ ਸ਼ਰੀਕੇ ਦੇ ਬੰਦਿਆਂ ਨੇ ਬੇਅੰਤ ਤੇ ਰਮਨ ਨੂੰ ਹੌਂਸਲਾ ਦਿੱਤਾ। ਉਨਾਂ ਦੀ ਭੁੱਬ ਨਿਕਲ ਜਾਂਦੀ। ਕਿੱਟਾਂ ਪਾਈ ਹਸਪਤਾਲ ਦੇ ਬੰਦਿਆਂ ਨੇ ਲਾਸ਼ ਨੂੰ ਐਂਬੂਲੈਂਸ 'ਚੋਂ ਕੱਢ ਕੇ ਚਿਖਾ 'ਤੇ ਰੱਖ ਦਿੱਤਾ। ਹੋਰ ਕਿਸੇ ਬੰਦੇ ਨੂੰ ਨਜ਼ਦੀਕ ਨਹੀਂ ਆਉਣ ਦਿੱਤਾ। ਬੱਸ ਬੇਅੰਤ ਨੇ ਚਿਖਾ ਨੂੰ ਲਾਂਬੂ ਲਾਇਆ। ਕੁਝ ਸਮੇਂ ਬਾਅਦ ਸ਼ਮਸ਼ਾਨਘਾਟ ਸੁੰਨਾ ਹੋ ਗਿਆ। ਰਹਿ ਗਿਆ ਸੀ ਬੇਅੰਤ ਦੀ ਮਾਂ ਦਾ ਬਲਦਾ ਸਿਵਾ।

ਅਗਲੇ ਦਿਨ ਫੁੱਲਾਂ ਦੀ ਰਸਮ ਰੱਖੀ ਗਈ। ਰਿਸ਼ਤੇਦਾਰਾਂ ਨੂੰ ਆਉਣ ਤੋਂ ਮਨਾਂ ਕਰ ਦਿੱਤਾ ਗਿਆ। ਹਾਲਾਤ ਹੀ ਕੁਝ ਇਸ ਤਰਾਂ ਦੇ ਸਨ। ਸਕੇ ਸਬੰਧੀਆਂ ਨੇ ਨਾਲ ਲੱਗ ਕੇ ਫੁੱਲ ਚੁਗੇ। ਬੇਅੰਤ ਬੱਚਿਆਂ ਨੂੰ ਨਾਲ ਲੈ ਕੇ ਮਾਂ ਦੇ ਫੁੱਲ ਕੀਰਤਪੁਰ ਪਾਉਣ ਚੱਲ ਪਿਆ ਤਾਂ ਜੋ ਸਮੇਂ ਸਿਰ ਘਰ ਵਾਪਸ ਆਇਆ ਜਾਵੇ। ਭੋਗ ਦੀ ਰਸਮ ਸੱਤ ਦਿਨ ਬਾਅਦ ਮੰਗਲਵਾਰ ਨੂੰ ਰੱਖੀ ਗਈ। ਰਮਨ ਨੇ ਸ਼ਰੀਕੇ ਵਾਲਿਆਂ ਦੀ ਮਦਦ ਨਾਲ ਸਹਿਜ ਪਾਠ ਘਰ ਵਿੱਚ ਰਖਵਾ ਲਿਆ।



ਰਿਸ਼ਤੇਦਾਰ, ਦੋਸਤ-ਮਿੱਤਰ, ਆਂਢ-ਗੁਆਂਢ ਆਪਣੇ ਤਰੀਕੇ ਨਾਲ ਦੁੱਖ ਵੰਡਾਉਂਦੇ ਰਹੇ।

ਰਿਸ਼ਤੇਦਾਰ ਇੱਕ-ਇੱਕ ਦੋ-ਦੋ ਕਰਕੇ ਪਹੁੰਚ ਰਹੇ ਸਨ। ਬੇਅੰਤ ਰਿਸ਼ਤੇਦਾਰਾਂ ਵਿੱਚ ਬੈਠਾ ਸੀ। ਸਾਹਮਣੇ ਬਾਹਰ ਗੇਟ 'ਤੇ ਇੱਕ ਗੱਡੀ ਆ ਕੇ ਰੁਕੀ। ਟੈਂਟ ਵਿੱਚ ਬੈਠੇ ਲੋਕਾਂ ਦਾ ਧਿਆਨ ਉਸ ਵੱਲ ਗਿਆ। ਗੱਡੀ ਵਿੱਚੋਂ ਪਹਿਲਾਂ ਮੂਹਰਲੀਆਂ ਤਾਕੀਆਂ ਖੋਲ ਦੋ ਬੰਦੇ ਉੱਤਰੇ, ਫਿਰ ਉਨਾਂ ਗੱਡੀ ਦੀ ਪਿਛਲੀ ਤਾਕੀ ਖੋਲੀ। ਬਾਹਰ ਖੜੇ ਲੋਕ ਪਹਿਲਾਂ ਗੱਡੀ ਦੁਆਲੇ ਹੋ ਗਏ। ਉੱਥੇ ਬੈਠੇ ਬੰਦੇ ਬੁੜੀਆਂ ਸਭ ਖੜੇ ਹੋ ਗਏ, ਭਾਈ ਦਾ ਪਾਠ ਵਿੱਚ ਰਹਿ ਗਿਆ। ਤਾਕੀ ਨੂੰ ਹੱਥ ਪਾ ਸੁਰਜੀਤ ਕੌਰ ਉੱਤਰ ਰਹੀ ਸੀ। ਬੇਅੰਤ ਦੇਖ ਜ਼ੋਰ ਦੀ ਚੀਕਿਆ, 'ਮਾਂ...ਆ ਗਈ ਓਏ...।' ਉਹ ਗੱਡੀ ਵੱਲ ਨੂੰ ਭੱਜਿਆ। ਇਹ ਸਭ ਕਿਸੇ ਸੁਪਨੇ ਵਾਂਗ ਲੱਗ ਰਿਹਾ ਸੀ। ਉਸ ਨੇ ਮਾਂ ਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਫਿਰ ਕਿਤੇ ਜਾ ਉਸ ਨੂੰ ਯਕੀਨ ਹੋਇਆ। ਮਾਂ ਪੁੱਤ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੇ ਸੈਲਾਬ ਆ ਗਏ। ਦੇਖਣ ਲਈ ਲੋਕਾਂ ਦੀ ਭੀੜ ਲੱਗ ਗਈ। ਬੁੜੀਆਂ ਤਾਂ ਡਰ ਵੀ ਗਈਆਂ, ਬਈ ਜਿਸ ਨੂੰ ਫੂਕ ਆਏ ਸੀ ਉਹ ਜਿਉਂਦੀ ਕਿਵੇਂ ਆ ਗਈ। ਸਭ ਅੱਖਾਂ ਪਾੜ-ਪਾੜ ਦੇਖ ਰਹੇ ਸੀ। ਨਾਲ ਆਏ ਅਣਜਾਣ ਬੰਦੇ ਕੌਣ ਸਨ।

'ਮੈਨੂੰ... ਅੰਦਰ ਤਾਂ ਜਾਣ ਦਿਓ...।' ਸੁਰਜੀਤ ਕੌਰ ਨੇ ਚੁੱਪੀ ਤੋੜੀ। ਮਾਂ ਨੂੰ ਬੇਅੰਤ ਪੰਡਾਲ ਵਿੱਚ ਲੈ ਆਇਆ। ਨਾਲ ਉਹ ਦੋਵੇਂ ਬੰਦੇ ਵੀ ਆ ਗਏ। ਸਾਰੇ ਲੋਕਾਂ ਨੂੰ ਭਾਈ ਨੇ ਬੈਠਣ ਲਈ ਕਿਹਾ।

'ਮਾਂ ਤੂੰ ਤਾਂ... ਫਿਰ ਕਿਵੇਂ...।' ਮਾਂ ਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਮਸਾਂ ਬੇਅੰਤ ਦੇ ਮੂੰਹੋਂ ਬੋਲ ਨਿਕਲੇ।

'ਵੀਰ ਜੀ! ਮੈਂ ਦੱਸਦਾ ਹਾਂ...।' ਨਾਲ ਆਏ ਵੱਡੀ ਉਮਰ ਦੇ ਬੰਦੇ ਨੇ ਕਿਹਾ। ਸਾਰੇ ਸੁਣਨ ਲਈ ਉਤਾਵਲੇ ਹੋ ਗਏ।

'ਸਾਡੀ ਮਾਂ ਦਾ ਨਾਂ ਵੀ ਸੁਰਜੀਤ ਕੌਰ ਐ...। ਹਸਪਤਾਲ ਵਾਲਿਆਂ ਨੇ ਗਲਤੀ ਨਾਲ ਸਾਡੀ ਮਾਤਾ ਦੀ ਲਾਸ਼ ਤੁਹਾਨੂੰ ਦੇ ਦਿੱਤੀ...। ਡਿਸਚਾਰਜ ਕਰਨ ਵੇਲੇ ਜਦੋਂ ਵਾਰਡ ਵਿੱਚੋਂ ਮਾਤਾ ਨੂੰ ਸਾਡੇ ਕੋਲ ਲਿਆ ਖੜਾ ਕੀਤਾ, ਮਾਂ ਤੁਹਾਨੂੰ ਲੱਭ ਰਹੀ ਸੀ। ਅਸੀਂ ਆਪਣੀ ਮਾਂ ਨੂੰ...। ਜਦੋਂ ਡਾਕਟਰ ਨਾਲ ਗੱਲ ਕੀਤੀ, ਉਨਾਂ ਫਾਇਲਾਂ ਫਰੋਲੀਆਂ। ਬਹੁਤ ਵੱਡੀ ਗਲਤੀ ਹੋ ਗਈ...। ਅਸੀਂ ਪਹਿਲਾਂ ਮਾਤਾ ਨੂੰ ਤੁਹਾਡੇ ਘਰ ਛੱਡਣਾ ਠੀਕ ਸਮਝਿਆ। ਹਸਪਤਾਲ ਨਾਲ ਤਾਂ ਬਾਅਦ 'ਚ ਗੱਲ ਕਰਾਂਗੇ। ਤੁਸੀਂ ਆਪਣੀ ਮਾਂ ਸਮਝ ਸਾਡੀ ਮਾਂ ਨਮਿਤ ਭੋਗ ਰਖਾਇਐ... ਤੁਹਾਡੀ ਮਾਂ ਜਿਉਂਦੀ ਐ...। ਸਾਡੀ ਮਾਂ...।' ਉਨਾਂ ਦੀਆਂ ਅੱਖਾਂ ਭਰ ਆਈਆਂ। ਕੁਝ ਸਮੇਂ ਬਾਅਦ ਉਹ ਗੱਡੀ ਲੈ ਹਸਪਤਾਲ ਦੇ ਰਾਹ ਤੁਰ ਪਏ। ਲੋਕਾਂ ਦੀ ਜ਼ੁਬਾਨ 'ਤੇ ਨਵੀਂ ਚਰਚਾ ਤੁਰ ਪਈ...।

# ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥

### ਸੁਰਜੀਤ ਸਿੰਘ ਵਿਰਕ

ਮੈਂ ਕੰਮ ਤੋਂ ਵਾਪਸ ਆ ਰਿਹਾ ਸੀ ਤੇ ਸਾਨੂੰ ਬੱਸ ਲੈਣੀ ਪੈਂਦੀ ਹੈ, ਵਾਪਸ ਕਾਰ ਚੁੱਕਣ ਲਈ ਜਿੱਥੋਂ ਕੰਮ ਸ਼ੁਰੂ ਕੀਤਾ ਹੁੰਦਾ ਤੇ ਬੱਸ ਚੱਲਣ 'ਚ ਹਾਲੇ ਪੰਜ ਮਿੰਟ ਪਏ ਸੀ। ਸਾਰੇ ਚੁੱਪ-ਚਾਪ ਬੈਠੇ ਸੀ ਤੇ ਮੈਨੂੰ ਇਕ ਗੋਰੇ ਨੇ ਸਵਾਲ ਕੀਤਾ ਕਿ ਤੇਰੀ ਦਾੜ੍ਹੀ ਬੜੀ ਲੰਮੀ ਹੈ (ਮਤਲਬ ਤੂੰ ਸ਼ੇਵ ਕਿਉਂ ਨੀ ਕਰਦਾ ?) ਉੱਥੇ ਇਕ ਹੋਰ ਗੋਰਾ ਬੈਠਾ ਸੀ ਜਿਸ ਦੀ ਦਾੜ੍ਹੀ ਮੇਰੇ ਤੋਂ ਵੀ ਲੰਮੀ ਸੀ ਮੈਂ ਕਿਹਾ ਉਸ ਮਨੁੱਖ ਦੀ ਦਾੜ੍ਹੀ ਦੇਖ ਕਿੰਨੀ ਲੰਮੀ ਹੈ। ਉਹਨੇ ਫੇਰ ਦੂਜਾ ਸਵਾਲ ਕੀਤਾ ਕਿ ਤੇਰੇ ਸਿਰ ਦੇ ਵਾਲ ਕਿੰਨੇ ਲੰਮੇ ਨੇ। ਮਤਲਬ ਉਹੀ ਕਿ ਕੱਟਦਾ ਕਿਉਂ ਨਹੀਂ ? ਮੈਂ ਕਿਹਾ ਕਿ ਔਹ ਦੇਖ ਗੋਰੀ ਔਰਤ ਉਹਦੇ ਕਿੰਨੇ ਲੰਮੇ ਵਾਲ ਨੇ। ਫੇਰ ਮੈਂ ਉਹਨੂੰ ਪੁੱਛਿਆ ਕਿ ਤੂੰ ਦੋ ਸਵਾਲ ਕਰ ਚੁੱਕਾਂ ਤੇ ਹੁਣ ਮੈਂ ਸਵਾਲ ਕਰਾਂ ? ਉਹ ਕਹਿੰਦਾ ਕਰ, ਮੈਂ ਪੁਛਿਆ ਕਿ ਜਿਸ ਦਿਨ ਤੇਰਾ ਜਨਮ ਹੋਇਆ ਸੀ ਉਸ ਦਿਨ ਤੇਰੇ ਕੋਲ ਕੀ ਚੋਣ ਸੀ ਕਿ ਤੂੰ ਮੁੰਡਾ ਜੰਮਣਾ ਕਿ ਕੁੜੀ ? ਗੋਰਾ ਜੰਮਣਾ ਕਿ ਕਾਲ਼ਾ ? ਕਿੱਥੇ ਜੰਮਣਾ ਕਿਹਦੇ ਘਰ ਜੰਮਣਾ ? ਤੇਰੇ ਨੈਣ ਨਕਸ਼ ਤੇ ਹੋਰ ਤੇਰੇ ਕੋਲ ਕਿਹੜੀ ਆਪਣੀ ਚੋਣ ਸੀ ਜੋ ਤੂੰ ਚੁਣ ਸਕਦਾ ? ਉਹ ਕਹਿੰਦਾ ਇਕ ਵੀ ਨਹੀਂ। ਮੈਂ ਕਿਹਾ ਫੇਰ ਤੇਰੇ ਸਵਾਲ ਕੀਤੇ ਬੇਫਜ਼ੂਲ ਨੇ। ਮੈਂ ਵੀ ਆਪਣੇ ਸਰੀਰ ਨੂੰ ਡਿਜ਼ਾਈਨ ਨਹੀਂ ਕੀਤਾ ਤੇ ਨਾ ਬਣਾਇਆ। ਇਹ ਸਵਾਲ ਉਹਨੂੰ ਕਰ ਕਿ ਮਰਦ ਦੇ ਦਾੜ੍ਹੀ ਕਿਉਂ ਲਾਈ ਤੇ ਸਿਰ ਤੇ ਇੰਨੇ ਲੰਮੇ ਵਾਲ ਔਰਤ ਮਰਦ ਦੇ ਕਿਉਂ ਲਾਏ ? ਉਹ ਉਠ ਕੇ ਮੇਰੇ ਪੈਰੀਂ ਪੈ ਗਿਆ।

ਸਵਾਲ ਸਿਰਫ ਕੇਸਾਂ ਦਾ ਹੀ ਨਹੀਂ। ਸਾਡੇ ਮਾਂ ਬਾਪ ਕੌਣ ਹੋਣਗੇ ਉਨਾਂ ਦੀ ਕਿੰਨੀ ਉਮਰ ਹੋਵੇਗੀ ਜਦੋਂ ਅਸੀਂ ਪੈਦਾ ਹੋਵਾਂਗੇ, ਉਹ ਕਿਹੋ ਜਿਹੇ ਕਿੰਨੇ ਕੁ ਪੜੇ ਲਿਖੇ ? ਅਮੀਰ ਗਰੀਬ ? ਸਾਡੇ ਕੌਣ ਭੈਣ ਭਰਾ ਚਾਹੇ ਪਹਿਲਾਂ ਜੰਮੇ ਹੋਏ ਜਾਂ ਜੋ ਬਾਅਦ ਵਿਚ ਆਉਣੇ ਨੇ ? ਉਹ ਕੌਣ ਨੇ ? ਕਿੱਥੋਂ ਆਏ ਉਹ ਸਾਰੇ ? ਸਾਡਾ ਉਨਾਂ ਨਾਲ ਕੀ ਰਿਸ਼ਤਾ ਸੀ ? ਇਹ ਸਾਰਾ ਕੁਝ ਇਸ ਧਰਤੀ ਦੀ ਦੇਣ ਹੈ ਤੇ ਇਸਦਾ ਸਬੰਧ ਉਨਾ ਚਿਰ ਹੀ ਹੈ ਜਿੰਨਾ ਚਿਰ ਅਸੀਂ ਜੀਉਂਦੇ ਹਾਂ। ਇਹ ਦੁੱਖ, ਇਹ ਸੁੱਖ, ਇਹ ਰਿਸ਼ਤੇ, ਇਹ ਸਾਰਾ ਬ੍ਰਹਿਮੰਡ ਸਾਡੀ ਸੋਚ ਵਿੱਚ ਹੈ। ਜੋ ਚਿਤਵਦੇ ਹਾਂ ਉਹੀ ਦਿਸਦਾ ਹੈ। ਸੁੱਤੇ ਪਿਆਂ ਦਾ ਨਾ ਕੋਈ ਮਿੱਤਰ ਹੁੰਦਾ, ਨਾ ਦੁਸ਼ਮਣ। ਇਹ ਜਦੋਂ ਸੋਚ ਬਣਦੀ ਹੈ, ਸੁਰਤ ਜਾਗਦੀ ਹੈ, ਇਹ ਪਸਾਰਾ ਫੇਰ ਦਿੱਸਣ ਲੱਗ ਜਾਂਦਾ ਤੇ ਅਸੀਂ ਇਉਂ ਹਰ ਰੋਜ ਮਰਦੇ ਜੰਮਦੇ ਹਾਂ ਤੇ ਜਿੱਥੇ ਜ਼ਿੰਦਗੀ ਛੱਡੀ ਹੁੰਦੀ ਹੈ, ਉੱਥੋਂ ਹੀ ਫੇਰ ਤੋਰ ਲੈਂਦੇ ਹਾਂ। ਪਰ ਕੁਝ ਉਹ ਇਨਸਾਨ ਨੇ ਜੋ ਸਿਰਫ ਹੁਣ ਵਿੱਚ ਜਿਉਂਦੇ ਨੇ, ਨਾ ਭਵਿੱਖ ਵਿੱਚ, ਨਾ ਭੂਤ ਵਿੱਚ। ਜੇ ਅਸੀਂ ਭੂਤ ਵਿੱਚ ਵਿਚਾਰਾਂਗੇ ਤਾਂ ਦੁਖੀ ਹੋਵਾਂਗੇ ਤੇ ਜੇ ਭਵਿੱਖ ਵਿੱਚ ਜੀਵਾਂਗੇ




ਤਾਂ ਚਿੰਤਾ ਫਿਕਰ ਆ ਚਿੰਬੜੇਗੀ। ਜੇ ਅਸੀਂ ਇਸ ਦੁਨੀਆਂ ਤੇ ਨਾ ਹੋਈਏ ਪਰ ਦੂਰ ਖੜੇ ਦੇਖਦੇ ਹੋਈਏ ਤਾਂ ਇਹ ਸੰਸਾਰ ਇਵੇਂ ਹੀ ਚੱਲਦਾ ਦਿਸੇਗਾ, ਪਰ ਅਸੀਂ ਨਾ ਦੁਖੀ, ਨਾ ਸੁਖੀ ਹੋਵਾਂਗੇ। ਜੇ ਹੋਏ ਵੀ ਤਾਂ ਥੋੜੇ ਚਿਰ ਲਈ ਜਿਵੇਂ ਕੋਈ ਫ਼ਿਲਮ ਦੇਖਦੇ ਸਮੇਂ ਕਦੀ ਰੋਂਦੇ ਹਾਂ ਤੇ ਕਦੀ ਹੱਸਦੇ ਹਾਂ। ਇੱਥੇ ਕੁਝ ਵੀ ਸਦੀਵੀ ਨਹੀਂ। ਨਾ ਦੁੱਖ, ਨਾ ਸੁੱਖ, ਕਦੀ ਕਦੀ ਜਦੋਂ ਸਾਨੂੰ ਕੋਈ ਦੁੱਖ ਆ ਲਗਦਾ ਚਾਹੇ ਉਹ ਕਿਸੇ ਜੀਅ ਨੂੰ ਬੀਮਾਰੀ ਲੱਗ ਜਾਵੇ, ਵਿਛੋੜਾ ਪੈ ਜਾਵੇ ਜਾਂ ਮੌਤ ਹੋ ਜਾਵੇ ਤਾਂ ਮਨ ਉਸੇ ਪਲ ਨੂੰ ਫੜ ਕੇ ਬਹਿ ਜਾਂਦਾ ਤੇ ਅਸੀਂ ਮੁੜ ਮੁੜ ਉਸੇ ਵਿੱਚ ਡਿਗੀ ਜਾਂਦੇ ਹਾਂ ਤੇ ਮੁੜ ਮੁੜ ਦੁਖੀ ਹੁੰਦੇ ਰਹਿੰਦੇ ਹਾਂ। ਸਾਨੂੰ ਖ਼ੁਦ ਦਾ ਜਿਉਣਾ ਭੁੱਲ ਜਾਂਦਾ। ਲੋੜ ਹੈ ਆਪਣੇ ਅੰਦਰ ਉਹ ਦੇਖਣ ਦੀ ਜੋ ਤੁਹਾਡੇ ਕੋਲ ਹੈ। ਜੋ ਗੁਆਚ ਗਿਆ ਉਹ ਮੁੜ ਨਹੀਂ ਆਉਣਾ। ਜੋ ਕੱਲ ਬੀਤ ਗਿਆ ਜੇ ਉਹ ਨੂੰ ਰੋਂਦੇ ਰਹੇ ਤਾਂ ਅੱਜ ਵੀ ਗੁਆਚ ਜਾਣਾ। ਕੋਸ਼ਿਸ਼ ਕਰੋ ਆਪਣੀ ਸੋਚ ਨੂੰ ਕਿਸੇ ਖ਼ੁਸ਼ੀ ਦੇ ਖਿਆਲ ਨਾਲ ਜੋੜੋ ਅਤੇ ਵਾਰ ਵਾਰ ਆਪਣੇ ਅੰਦਰ ਦੇਖਦੇ ਰਹੋ ਕਿ ਤੁਹਾਡੀ ਸੁਰਤੀ ਇੱਕੋ ਖਿਆਲ ਵਿੱਚ ਨਾ ਫਸੀ ਰਹੇ, ਨਹੀਂ ਤਾਂ ਉਹ ਬਹੁਤ ਦੁਖੀ ਕਰੇਗੀ। ਲੋੜ ਹੈ ਇਕ ਜ਼ਰੂਰੀ ਨੁਕਤਾ ਸਮਝਣ ਦੀ ਕਿ ਦਰਦ ਹਰ ਮਨੁੱਖ ਨੂੰ ਹੁੰਦਾ ਤੇ ਇਸ ਲਈ ਗੁਰੂ ਨਾਨਕ ਸਾਹਿਬ ਜੀ ਨੇ ਕਮਾਲ ਦਾ ਸ਼ਬਦ ਉਚਾਰਿਆ ਕਿ ਦੁਨੀਆਂ ਦੇ ਮਹਾਨ ਲੋਕ ਪੀਰ ਪੈਗੰਬਰ ਵੀ ਦੁਖੀ ਹੋਏ ਸੀ।ਪਰ ਵਾਰ ਵਾਰ ਉਸੇ ਦੁੱਖ ਨੂੰ ਯਾਦ ਕਰਨ ਵਾਲਾ ਇਕ ਵਾਰ ਨਹੀਂ ਹਜ਼ਾਰਾਂ ਵਾਰ ਦੁਖੀ ਹੁੰਦਾ।

**Pain and suffering** ਦੋ ਵੱਖਰੀਆਂ ਗੱਲਾਂ ਨੇ।

**Pain** ਸਰੀਰ ਕਰਕੇ ਹੈ ਤੇ **suffering** ਮਨ ਕਰਕੇ ਹੈ ਸਰੀਰ ਕਰਕੇ ਕਈ ਵਾਰ ਵੱਸ ਨਹੀਂ ਹੁੰਦਾ ਪਰ ਮਨ ਕਰਕੇ ਦੁਖੀ ਹੋਈ ਜਾਣਾ ਨਾ-ਸਮਝੀ ਹੈ

**ਸਲੋਕ ਮ ੧॥**

**ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥**
**ਪਰਸ ਰਾਮੁ ਰੋਵੈ ਘਰਿ ਆਇਆ ॥**
**ਅਜੈ ਸੁ ਰੋਵੈ ਭੀਖਿਆ ਖਾਇ ॥**
**ਐਸੀ ਦਰਗਹ ਮਿਲੈ ਸਜਾਇ ॥**
**ਰੋਵੈ ਰਾਮੁ ਨਿਕਾਲਾ ਭਇਆ ॥**
**ਸੀਤਾ ਲਖਮਣੁ ਵਿਛੁੜਿ ਗਇਆ ॥**
**ਰੋਵੈ ਦਹਸਿਰੁ ਲੰਕ ਗਵਾਇ ॥**
**ਜਿਨਿ ਸੀਤਾ ਆਦੀ ਡਉਰੂ ਵਾਇ ॥**
**ਰੋਵਹਿ ਪਾਂਡਵ ਭਏ ਮਜੂਰ ॥**
**ਜਿਨ ਕੈ ਸੁਆਮੀ ਰਹਤ ਹਦੂਰਿ ॥**
**ਰੋਵੈ ਜਨਮੇਜਾ ਖੁਇ ਗਇਆ ॥**
**ਏਕੀ ਕਾਰਣਿ ਪਾਪੀ ਭਇਆ ॥**
**ਰੋਵਹਿ ਸੇਖ ਮਸਾਇਕ ਪੀਰ ॥**
**ਅੰਤਿ ਕਾਲਿ ਮਤੁ ਲਾਗੈ ਭੀੜ ॥**
**ਰੋਵਹਿ ਰਾਜੇ ਕੰਨ ਪੜਾਇ ॥**
**ਘਰਿ ਘਰਿ ਮਾਗਹਿ ਭੀਖਿਆ ਜਾਇ ॥**
**ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥**
**ਪੰਡਿਤ ਰੋਵਹਿ ਗਿਆਨੁ ਗਵਾਇ ॥**
**ਬਾਲੀ ਰੋਵੈ ਨਾਹਿ ਭਤਾਰੁ ॥**
**ਨਾਨਕ ਦੁਖੀਆ ਸਭੁ ਸੰਸਾਰੁ ॥**
**ਮੰਨੇ ਨਾਉ ਸੋਈ ਜਿਣਿ ਜਾਇ ॥**
**ਅਉਰੀ ਕਰਮ ਨ ਲੇਖੈ ਲਾਇ ॥੧॥**

ਇਸ ਸ਼ਬਦ ਦੀਆਂ ਮਗਰਲੀਆਂ ਦੋ ਪੰਕਤੀਆਂ ਸਮਝਣ ਤੇ ਫੜ ਕੇ ਰੱਖਣ ਵਾਲ਼ੀਆਂ ਹਨ ਕਿ ਦੁੱਖ ਤਾਂ ਆਉਣਗੇ ਹੀ ਆਉਣਗੇ ਪਰ ਜੋ ਮਨ ਵਿਚ ਪਿਆਰ ਭਰ ਲੈਂਦੇ ਹਨ, ਉਹ ਇਸ ਦੁੱਖ ਨੂੰ ਜਿੱਤ ਲੈਂਦੇ ਹਨ, ਬਿਨਾਂ ਰੱਬੀ ਇਲਾਹੀ ਪਿਆਰ ਦੇ, ਇਹ ਦੁੱਖ ਹਰ ਗੱਲ, ਹਰ ਵਿਚਾਰ ਨੂੰ ਟਿੱਚ ਜਾਣਦੇ ਹਨ। ਮਤਲਬ ਇਹ ਮਨ ਦੇ ਦੁੱਖ ਬਿਨਾ ਗੁਰੂ, ਬਿਨਾ ਰੱਬੀ ਪਿਆਰ ਦੇ ਨਹੀਂ ਮਿਟਦੇ ਤੇ ਇਹ ਸਾਰਾ ਦੁੱਖ ਸਾਨੂੰ ਇੱਥੇ ਮਿਲਿਆ ਤੇ ਹਰ ਇਕ ਨਾਲ ਉਨਾ ਚਿਰ ਸਬੰਧ ਹੈ ਜਿੰਨਾ ਚਿਰ ਸਾਹ ਚੱਲਦੇ ਹਨ। ਇੱਥੇ ਹਰ ਕੋਈ ਆਪ ਦੀ ਜੀਣ ਆਇਆ ਤੇ ਤੁਸੀਂ ਵੀ ਪਹਿਲਾਂ ਆਪ ਦੀ ਜਿਊ ਫੇਰ ਹੋਰਾਂ ਦਾ ਫਿਕਰ ਕਰੋ।

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥

ਤੇ ਜਿੱਥੇ ਹੋਰ ਕੋਈ ਨ ਬਹੁੜੇ ਉੱਥੇ।

# ਮਿੱਠੀ ਯਾਦ: ਅਕਬਰ ਰਾਸ਼ਾ



### ਅੰਜੂਜੀਤ ਸ਼ਰਮਾ

ਉਹ ਜਦ ਵੀ ਪਿੰਡ ਆਉਂਦਾ ਸੀ ਨਿੱਘ ਭਰੇ ਸੁਨੇਹੇ, ਫੁੱਲਾਂ ਦੀ ਖੁਸ਼ਬੋ, ਹਰੀਆਂ ਵਾਦੀਆਂ, ਸੇਬਾਂ ਦਾ ਰਸ, ਪਹਾੜ ਦੀ ਖੂਬਸੂਰਤੀ, ਚਸ਼ਮੇਂ, ਨਦੀਆਂ ਦੀਆਂ ਕਲ ਕਲ ਭਰੇ ਸੰਗੀਤ ਮਈ ਧੁਨਾਂ ਅਤੇ ਆਪਣੇ ਵਤਨ ਦਾ ਢੇਰ ਸਾਰੇ ਪਿਆਰ ਦੀ ਪੰਡ ਬੰਨ ਕੇ ਨਾਲ ਲੈ ਆਉਂਦਾ ਸੀ। ਰੱਬ ਜਾਣੇ ਉਸ ਕੋਲ ਐਸੀ ਕਿਹੜੀ ਚੁੰਬਕੀ ਸ਼ਕਤੀ ਸੀ, ਜਿਹੜੀ ਮੱਲੋ-ਜੋਰੀ ਆਪਣੇ ਵੱਲ ਧਿਆਨ ਦਿਵਾਉਂਦੀ ਸੀ।

ਗੋਰਾ ਰੰਗ, ਲਾਲ ਸੇਬ ਵਰਗੀਆਂ ਗੱਲਾਂ, ਸਿਰ ਉੱਤੇ ਚਿੱਟੇ ਕਰੋਸ਼ੀਏ ਦੀ ਬੁਣੀ ਮੁਸਲਮਾਨੀ ਟੋਪੀ ਅਤੇ ਪਠਾਣੀ ਪਹਿਰਾਵਾ। ਜਦ ਉਹ ਆਪਣੀ ਸ਼ਹਿਦ ਭਿੱਜੀ ਉਰਦੂ ਤੋਂ ਪੰਜਾਬੀ ਬੋਲੀ ਬੋਲਦਾ, ਲਾਜ਼ਮੀ ਹੋ ਜਾਂਦੀਆਂ ਉਹਦੀਆਂ ਗੱਲਬਾਤਾਂ ਸੁਣਨੀਆਂ, ਉਸ ਨਾਲ ਕਿਸੇ ਬਹਾਨੇ ਗੱਲਾਂ ਕਰਨੀਆਂ।

ਅਕਬਰ, ਹਾਂ, ਅਕਬਰ ਸੀ ਨਾਂ ਉਸਦਾ। ਸਾਡੇ ਪਿੰਡ ਉਹ ਨਿੱਘੀਆਂ ਧੁੱਪਾਂ ਵਾਲੇ ਦਿਨੀਂ ਦਿਵਾਲੀ ਦੇ ਲਾਗੇ ਆਉਂਦਾ ਹੁੰਦਾ ਸੀ। ਜਿਦਾਂ ਉਹ ਸਾਡੇ ਪਿੰਡ ਨੂੰ ਕਸ਼ਮੀਰ ਤੋਂ ਕਸ਼ਮੀਰ ਵਾਸੀਆਂ ਦਾ ਸਲਾਮ ਪੁਹੰਚਾਉਣ ਆਉਂਦਾ ਹੋਵੇ। ਜਿਵੇਂ ਉਹ ਪੰਜਾਬ ਅਤੇ ਕਸ਼ਮੀਰ ਦਾ ਮੁਹੱਬਤੀ ਦੂਤ ਹੋਵੇ। ਉਹ ਆਪਣੇ ਨਾਲ ਕਸ਼ਮੀਰ ਤੋਂ ਗਰਮ ਕੱਪੜੇ, ਕੋਟੀਆਂ, ਸ਼ਾਲ, ਸਵੈਟਰ, ਦਸਤਾਨੇ, ਅਖਰੋਟ ਅਤੇ ਬਦਾਮ ਲੈ ਕੇ ਪੰਜਾਬ ਵੇਚਣ ਲਈ ਆਉਂਦਾ। ਉਸ ਵਾਸਤੇ ਇਹਨਾਂ ਦਿਨਾਂ ਵਿੱਚ ਸਾਡੀ ਗਲੀ ਵਿੱਚ ਰਹਿਣ ਵਾਸਤੇ ਕਮਰਾ ਪਹਿਲਾਂ ਹੀ ਖਾਲੀ ਪਿਆ ਹੁੰਦਾ ਸੀ। ਅਸੀਂ ਪਿੰਡ ਵਾਲੇ ਉਸ ਨੂੰ 'ਰਾਸ਼ਾ' ਕਹਿੰਦੇ ਹੁੰਦੇ ਸਨ। ਜਦ ਕਦੇ ਉਹ ਆਉਣ ਤੋਂ ਲੇਟ ਹੋ ਜਾਂਦਾ ਸੀ, ਸਾਡੀ ਗਲੀ ਉਹਦਾ ਫਿਕਰ ਕਰਨ ਲੱਗ ਜਾਂਦੀ। ਉਹਦੇ ਬਾਰੇ ਚੰਗੇ ਮਾੜੇ ਕਿਆਸ ਲਾ ਲਾ ਕੇ ਉਹਦੀਆਂ ਰਾਹਾਂ ਦੇਖੀਆਂ ਜਾਂਦੀਆਂ।

ਉਦੋਂ ਮੈਨੂੰ ਉਹਦੀ ਬਹੁਤ ਉਡੀਕ ਸੀ। ਮੈਂ ਉਸ ਨੂੰ ਉਸ ਤੋਂ ਪਿਛਲੇ ਸਾਲ ਕਿਹਾ ਸੀ, 'ਅਕਬਰ ਜਦ ਮੂਹਰਲੇ ਸਾਲ ਪਿੰਡ ਆਉਂਗਾ ਤਾਂ ਮੇਰੇ ਲਈ ਨੀਲੇ ਰੰਗ ਦੀ ਕੋਟੀ ਅਤੇ ਕਸ਼ਮੀਰੀ ਸ਼ਾਲ ਮੇਰੀ ਪਸੰਦ ਦਾ ਲੈ ਕੇ ਆਵੀਂ।' ਮੈਂ 'ਮਾਇਆਨਗਰੀ' ਮੈਗਜ਼ੀਨ ਵਿੱਚੋਂ ਸ਼ਾਲ ਅਤੇ ਗਰਮ ਕੱਪੜਿਆਂ ਦੇ ਡਿਜ਼ਾਇਨ ਦੀ ਮਸ਼ਹੂਰੀ ਵਾਲਾ ਪੇਪਰ ਪਾੜ ਕੇ ਉਹਨੂੰ ਦਿੱਤਾ ਸੀ।

ਉਹਨੇ ਹਲਕਾ ਜਿਹਾ ਹੱਸ ਕੇ ਆਪਣੇ ਕੁੜਤੇ ਦੀ ਜੇਬ ਵਿੱਚ ਪਾਉਂਦੇ ਨੇ ਕਿਹਾ ਸੀ, 'ਤੁਸੀਂ ਫਿਕਰ ਨਾ ਕਰੋ ਮੈਂ ਤੁਹਾਡੇ ਲਈ ਇਸੇ ਤਰਾਂ ਦਾ ਲੈ ਕੇ ਆਵਾਂਗਾ।'

ਅੱਤ ਦੀ ਹਲੀਮੀ ਸੀ ਅਕਬਰ ਰਾਸ਼ੇ ਦੀ ਜ਼ੁਬਾਨ ਵਿੱਚ। ਇਸ ਸਾਲ ਉਹਦਾ ਦੇਰ ਨਾਲ ਪਿੰਡ ਆਉਣਾ ਮੈਨੂੰ ਫਿਕਰਾਂ ਵਿੱਚ ਪਾ ਰਿਹਾ ਸੀ।

ਮੈਂ ਨੌਵੀ ਵਿੱਚ ਪੜਦੀ ਸੀ। ਸਵੇਰ ਵੇਲੇ ਸਕੂਲ ਜਾਂਦੀ ਨੂੰ ਘਰ ਲਾਗੇ ਬਣੇ ਮੰਦਰ ਕੋਲੋਂ ਦੀ ਲੰਘਣ ਲੱਗੀ ਨੂੰ ਪਿੱਛੋਂ ਦੀ ਕਿਸੇ ਬਜ਼ੁਰਗ ਦੀ ਅਵਾਜ਼ ਨੇ ਅਗਾਂਹ ਵਧਦੇ ਪੈਰ ਰੋਕ ਦਿੱਤੇ, 'ਬੇਟੀ ਜੀ ਸਤਿ ਸ੍ਰੀ ਅਕਾਲ।'

ਮੈਂ ਇੱਕ ਦਮ ਪਿਛਾਂਹ ਮੁੜ ਕੇ ਦੇਖਿਆ ਤਾਂ ਅਕਬਰ ਰਾਸ਼ਾ ਖੜਾ ਹੱਸ ਰਿਹਾ ਸੀ। ਉਸ ਨੇ ਸਾਹਮਣੇ ਮੰਦਰ ਵੱਲ ਮੂੰਹ ਕਰਕੇ ਸਿਰ ਝੁਕਾ ਕੇ ਰੱਬ ਨੂੰ ਸਜਦਾ ਕਰਦੇ ਨੇ ਮੇਰੇ ਸਿਰ 'ਤੇ ਮੋਹ ਭਰਿਆ ਹੱਥ ਰੱਖ ਦਿੱਤਾ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

'ਅਕਬਰ ਤੂੰ ਕਦੋਂ ਆਇਆਂ ?' ਸਾਡਾ ਸਾਰਾ ਪਿੰਡ, ਛੋਟਾ ਕੀ ਵੱਡਾ ਕੀ, ਸਭ ਅਕਬਰ ਦਾ ਨਾਂ ਅਤੇ ਉਸ ਨੂੰ 'ਤੂੰ' ਕਹਿ ਕੇ ਬੁਲਾਉਂਦੇ ਸਨ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਉਸਦਾ ਸਤਿਕਾਰ ਨਹੀਂ ਕਰਦੇ ਸੀ। ਅਸੀਂ ਪਿੰਡਾਂ ਵਾਲੇ 'ਤੂੰ' ਸ਼ਬਦ ਵਿੱਚ ਬਹੁਤ ਅਪਣੱਤ ਅਤੇ ਨੇੜਤਾ ਮਹਿਸੂਸ ਕਰਦੇ ਸਨ।

ਸਾਡੀ ਬੋਲੀ ਵਿੱਚ ਭਾਵੇਂ ਅਕਬਰ ਦਾ ਨਾਂ ਅਤੇ 'ਤੂੰ' ਕਰਕੇ ਉਸਨੂੰ ਸੰਬੋਧਨ ਕਰਦੇ ਸੀ ਪਰ ਅਸੀਂ ਵੀ ਉਸ ਨੂੰ ਖੂਹਾਂ ਦੇ ਮਿੱਠੇ ਪਾਣੀਆਂ ਵਾਲਾ ਅਤੇ ਘਿਓ-ਸ਼ੱਕਰ ਵਰਗੀ ਮਿੱਠੀ ਮਾਂ ਬੋਲੀ ਪੰਜਾਬੀ ਜ਼ੁਬਾਨ ਵਿੱਚ ਉਸ ਨੂੰ ਮੋੜਵਾਂ ਪਿਆਰ ਦਿੰਦੇ ਸੀ।

'ਅਕਬਰ ਤੂੰ ਮੇਰੀ ਪਸੰਦ ਦਾ ਸ਼ਾਲ ਤੇ ਕੋਟੀ ਲੈ ਆਇਆ ਹੈਂ ਨਾ ?' ਮੈਂ ਆਪਣੀ ਤਸੱਲੀ ਲਈ ਦਬਾਸੱਟ ਪੁੱਛਿਆ।

ਉਹਨੇ ਮੇਰੇ ਸਿਰ ਉੱਤੇ ਪੋਲਾ ਜਿਹਾ ਹੱਥ ਮਾਰ ਕੇ ਕਿਹਾ, 'ਹਾਂ ਹਾਂ ਲੈ ਕੇ ਆਇਆਂ ਹਾਂ। ਜਦ ਸਕੂਲੋਂ ਆਉਂਗੀ ਮੈਂ ਤੁਹਾਡੇ ਘਰ ਆਵਾਂਗਾ।'

ਅਕਬਰ ਮੇਰੀ ਪਸੰਦ ਦੇ ਰੰਗ ਕਸ਼ਮੀਰ ਵਿੱਚੋਂ ਲੈ ਕੇ ਆਇਆ। ਇਸ ਤਰਾਂ ਲੱਗੇ ਕਿ ਕਸ਼ਮੀਰ ਦੇ ਸਾਰੇ ਮੌਸਮ ਪੂਰੇ ਦੇ ਪੂਰੇ ਮੈਂ ਪਹਿਨ ਲਏ ਹੋਣ।

ਅਕਬਰ ਗਲੀ ਗਲੀ ਜਾਣੇ ਪਹਿਚਾਣੇ ਘਰਾਂ ਵਿੱਚ ਜਾਂਦਾ ਸੁੱਖ ਸਾਂਦ ਪੁੱਛਦਾ।

ਗਲੀ ਦੀਆਂ ਬਜ਼ੁਰਗ ਮਾਈਆਂ ਅਤੇ ਮਰਦ ਵੀ ਅਕਬਰ ਤੋਂ ਉਸਦੇ ਪਰਿਵਾਰ ਦੀ ਸੁੱਖ ਸਾਂਦ ਪੁੱਛਦੇ। ਕਸ਼ਮੀਰ ਦੇ ਹਾਲਾਤ ਪੁੱਛਦੇ।

ਉਹ ਕਦੇ ਕਿਸੇ ਦੇ ਘਰ ਦੀ ਲੱਸੀ ਪੀਂਦਾ ਕਿਸੇ ਦੇ ਘਰ ਦੀ ਚਾਹ ਪੀਂਦਾ।

ਉਹ ਪੱਕਾ ਨਿਮਾਜ਼ੀ ਸੀ। ਜਿੱਥੇ ਹੁੰਦਾ, ਆਪਣੇ ਰੱਬ ਨੂੰ ਯਾਦ ਕਰਦਾ। ਮਿਹਨਤੀ ਹੱਥਾਂ ਨੂੰ ਰੱਬ ਅੱਗੇ ਫੈਲਾ ਕੇ ਦੁਆ ਕਰਦਾ ਫਿਰ ਮੂੰਹ ਉੱਤੇ ਹੱਥ ਫੇਰਦਾ। ਉਸਦਾ ਚਿਹਰਾ ਹੋਰ ਖ਼ੂਬਸੂਰਤ ਹੋ ਜਾਂਦਾ।

ਅਕਬਰ ਕਸ਼ਮੀਰ ਦਾ ਸ਼ਾਂਤੀ ਦਾ ਦੂਤ ਸੀ। ਦਰਵੇਸ਼ ਸੀ। ਜਿਹੜਾ ਹਿੰਦੋਸਤਾਨ ਦੇ ਕੌੜੇ ਰਵਈਏ ਦੌਰਾਨ ਵੀ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਕਸ਼ਮੀਰ ਦੀ ਸਾਂਝ ਪੰਜਾਬ ਵਿੱਚ ਪਾਉਣ ਆਉਂਦਾ। ਉਹ ਕਦੇ ਕਦੇ ਮੇਰੇ ਬਾਪ ਨੂੰ ਆਪਣੇ ਦਿਲ ਦਾ ਡਰ ਦੱਸਦਿਆਂ ਕਹਿੰਦਾ, 'ਫੌਜੀ ਸਾਹਬ, ਮੈਂ ਰੋਜ਼ੀ ਰੋਟੀ ਦੀ ਖਾਤਿਰ ਅਤੇ

**ਬਾਕੀ ਸਫ਼ਾ 31 'ਤੇ**

# ਨਾਲਾਇਕ ਔਲਾਦ ਨੂੰ ਸਬਕ...

### ਬਲਦੀਪ ਸਿੰਘ ਖੱਖ

ਮਾਂ ਪਿਓ ਨੇ ਆਪਣੇ ਇਕਲੌਤੇ ਪੁੱਤਰ ਨੂੰ ਚੰਗਾ ਪੜਾਇਆ ਲਿਖਾਇਆ। ਉਸਦੀ ਹਰ ਸੁੱਖ ਸਹੂਲਤਾਂ ਦਾ ਖਿਆਲ ਰੱਖਿਆ, ਉਸਦੀ ਹਰ ਖੁਆਸ਼ ਪੂਰੀ ਕੀਤੀ ਅਤੇ ਫਿਰ ਉਸਦਾ ਵਿਆਹ ਕੀਤਾ, ਇਹ ਸੋਚਕੇ ਕਿ ਹੁਣ ਅਸੀਂ ਬਜ਼ੁਰਗ ਹੋ ਗਏ ਹਾਂ। ਘਰ ਦਾ ਸਾਰਾ ਕੰਮਕਾਰ ਸਾਡੇ ਕੋਲੋਂ ਹੁਣ ਨਹੀਂ ਹੁੰਦਾ, ਨੂੰਹ ਆ ਕੇ ਆਪਣੀ ਸੱਸ ਨਾਲ ਘਰਦਾ ਕੰਮ ਕਰੇਗੀ ਅਤੇ ਸਾਡਾ ਮੁੰਡਾ ਸਾਡਾ ਬਿਜ਼ਨਸ ਸੰਭਾਲ ਲਵੇਗਾ।

ਪਰ ਮੁੰਡੇ ਦੇ ਵਿਆਹ ਪਿੱਛੋਂ ਹੋਇਆ ਬਿਲਕੁਲ ਉਸਦੇ ਉਲਟ, ਨੂੰਹ ਡੱਕਾ ਤੋੜ ਕੇ ਰਾਜੀ ਨਹੀਂ, ਸਾਰਾ ਦਿਨ ਫੋਨ 'ਤੇ ਰਿਸ਼ਤੇਦਾਰਾਂ ਨਾਲ ਗੱਲਾਂ ਅਤੇ ਟੀ.ਵੀ. ਦੇਖਣ ਤੋਂ ਫੁਰਸਤ ਨਹੀਂ। ਕੁੱਝ ਦੇਰ ਬਾਅਦ ਦੋ ਬੱਚੇ ਵੀ ਹੋ ਗਏ।

ਹੁਣ ਮਾਂ ਪਿਉ ਹੋਰ ਵੀ ਪ੍ਰੇਸ਼ਾਨ ਬੱਚਿਆਂ ਨੂੰ ਸੰਭਾਲੋ ਅਤੇ ਆਪਣੇ ਨੂੰਹ ਪੁੱਤ ਨੂੰ ਵੀ। ਕਈ ਵਾਰ ਪਿਓ ਨੇ ਆਪਣੀ ਘਰਵਾਲੀ ਨਾਲ ਲੜ ਪੈਣਾ ਕਿ 'ਅਸੀਂ ਤਾਂ ਸੋਚਿਆ ਸੀ ਕਿ ਸਾਨੂੰ ਬੁਢਾਪੇ ਵਿੱਚ ਸੁੱਖ ਮਿਲੇਗਾ ਪਰ ਅਸੀਂ ਤਾਂ ਹੋਰ ਪ੍ਰੇਸ਼ਾਨ ਹੋ ਗਏ। ਅੱਗਿਓਂ ਪਤਨੀ ਨੇ ਹੱਸ ਕੇ ਗੱਲ ਨੂੰ ਟਾਲ ਦੇਣਾ ਕਿ 'ਕੋਈ ਗੱਲ ਨਹੀਂ ਸਾਡੇ ਪੁੱਤ-ਪੋਤਰੇ ਹੀ ਨੇ, ਨਾਲੇ ਅਸੀਂ ਵੇਹਲਿਆਂ ਨੇ ਕੀ ਕਰਨਾ। ਇਸੇ ਬਹਾਨੇ ਟਾਈਮ ਪਾਸ ਵੀ ਹੋ ਜਾਂਦਾ।' ਘਰਵਾਲੀ ਦੀਆਂ ਇਹ ਗੱਲਾਂ ਸੁਣ ਪਿਓ ਨੇ ਸ਼ਾਂਤ ਹੋ ਜਾਣਾ।

ਇੱਕ ਦਿਨ ਮਾਂ ਬਿਮਾਰ ਹੋ ਗਈ, ਨੂੰਹ ਪੁੱਤ ਨੇ ਸਾਂਭ ਸੰਭਾਲ ਤੋਂ ਦੂਰੀ ਬਣਾ ਕੇ ਰੱਖੀ ਅਤੇ ਬਜ਼ੁਰਗ ਬਾਪ ਆਪਣੀ ਪਤਨੀ ਦੀ ਸਾਂਭ ਸੰਭਾਲ ਕਰਦਾ, ਪਰ ਪਤਨੀ ਬਿਮਾਰੀ ਦਾ ਦੁੱਖ ਨਾ ਸਹਾਰਦੀ ਹੋਈ ਦੁਨੀਆ ਤੋਂ ਚੱਲ ਵਸੀ।

ਮਾਂ ਜਾਣ ਤੋਂ ਕੁੱਝ ਦਿਨ ਬਾਅਦ ਮੁੰਡਾ ਪਿਓ ਨੂੰ ਕਹਿਣ ਲੱਗਾ ਕਿ ਡੈਡੀ ਤੁਹਾਡੀ ਨੂੰਹ ਨੂੰ ਤੁਹਾਡੀ ਮੌਜੂਦਗੀ ਵਿਚ ਘਰ ਦਾ ਕੰਮ ਕਰਨ ਵਿੱਚ ਪ੍ਰੇਸ਼ਾਨੀ ਹੁੰਦੀ ਹੈ, ਤੁਸੀਂ ਗੈਰੇਜ਼ ਵਿੱਚ ਸ਼ਿਫ਼ਟ ਹੋ ਜਾਓ।

ਪਿਓ ਬਿਨਾ ਕੁੱਝ ਬੋਲਿਆਂ ਗੈਰੇਜ਼ ਵਿੱਚ ਸ਼ਿਫ਼ਟ ਹੋ ਗਿਆ, ਕਰੀਬ ਪੰਦਰਾਂ ਕੁ ਦਿਨਾਂ ਬਾਅਦ ਪਿਓ ਨੇ ਆਪਣੇ ਮੁੰਡੇ ਨੂੰ ਬੁਲਾ ਕੇ ਉਸਦੇ ਪਰਿਵਾਰ ਲਈ ਬਾਹਰਲੇ ਮੁਲਕ ਦੇ ਟੂਰ ਦਾ ਪਾਸ ਦਿੱਤਾ ਅਤੇ ਕਿਹਾ ਕਿ ਪੁੱਤ ਜਾ ਬੱਚਿਆਂ ਨੂੰ ਥੋੜਾ ਘੁੰਮਾ ਫਿਰਾ ਕੇ ਲੈ ਆਓ। ਸਭ ਦਾ ਥੋੜਾ ਮਨ ਹਲਕਾ ਹੋ ਜਾਵੇਗਾ।

ਮੁੰਡੇ ਦੇ ਜਾਣ ਪਿੱਛੋਂ ਪਿਓ ਨੇ ਤੁਰੰਤ ਪੰਜ ਕਰੋੜ ਦੀ ਕੋਠੀ ਤਿੰਨ ਕਰੋੜ ਵਿਚ ਵੇਚ ਦਿੱਤੀ ਅਤੇ ਆਪਣੇ ਲਈ ਕਿਸੇ ਹੋਰ ਜਗਾ ਇੱਕ ਅਪਾਰਟਮੈਂਟ ਵਿੱਚ ਵਧਿਆ ਫਲੈਟ ਲੈ ਲਿਆ। ਇੱਕ ਹੋਰ ਮਕਾਨ ਕਿਰਾਏ 'ਤੇ ਲੈ ਕੇ ਆਪਣੇ ਮੁੰਡੇ ਦਾ ਸਾਰਾ ਸਮਾਨ ਉੱਥੇ ਸ਼ਿਫ਼ਟ ਕਰਵਾ ਦਿੱਤਾ।

ਜਦੋਂ ਮੁੰਡਾ ਘੁੰਮ ਕੇ ਵਾਪਸ ਆਇਆ ਤਾਂ ਕੋਠੀ ਦੇ ਬਾਹਰ ਗਾਰਡ ਬੈਠਾ ਸੀ। ਗਾਰਡ ਨੇ ਦੱਸਿਆ ਕਿ ਇਹ ਕੋਠੀ ਵਿਕ ਚੁੱਕੀ ਹੈ, ਮੁੰਡੇ ਨੇ ਆਪਣੇ ਪਿਓ ਨੂੰ ਫੋਨ ਲਗਾਇਆ ਤਾਂ ਨੰਬਰ ਬੰਦ ਆ ਰਿਹਾ ਸੀ। ਮੁੰਡੇ ਨੂੰ ਪ੍ਰੇਸ਼ਾਨ ਵੇਖ ਗਾਰਡ ਨੇ ਪੁੱਛਿਆ ਪੁਰਾਣੇ ਮਲਿਕ ਨੂੰ ਫੋਨ ਕਰ ਰਹੇ ਹੋ।

ਮੁੰਡੇ ਦੇ ਹਾਂ ਕਹਿਣ ਤੇ ਗਾਰਡ ਨੇ ਦੱਸਿਆ ਕਿ ਪੁਰਾਣੇ ਮਲਿਕ ਨੇ ਆਪਣਾ ਨੰਬਰ ਬਦਲ ਦਿੱਤਾ ਹੈ ਅਤੇ ਤੁਹਾਡੇ ਆਉਣ ਤੇ ਉਨਾਂ ਨਾਲ ਤੁਹਾਡੀ ਗੱਲ ਕਰਾਉਣ ਲਈ ਕਿਹਾ ਹੈ। ਗਾਰਡ ਨੇ ਆਪਣੇ ਫੋਨ ਤੋਂ ਮੁੰਡੇ ਦੇ ਪਿਓ ਨੂੰ ਫੋਨ ਲਾ ਮੁੰਡੇ ਨਾਲ ਗੱਲ ਕਰਾਈ, ਪਿਓ ਨੇ ਕਿਹਾ ਕਿ ਇਥੇ ਹੀ ਰੁਕੋ ਮੈਂ ਉਥੇ ਆ ਰਿਹਾ ਹਾਂ।

ਕੁੱਝ ਦੇਰ ਬਾਅਦ ਉੱਥੇ ਇੱਕ ਕਾਰ ਆ ਕੇ ਰੁਕੀ, ਮੁੰਡੇ ਦਾ ਪਿਓ ਕਾਰ ਵਿਚੋਂ ਬਾਹਰ ਆਇਆ ਤੇ ਮੁੰਡੇ ਨੂੰ ਕਿਰਾਏ ਦੇ ਮਕਾਨ ਦੀਆਂ ਚਾਬੀਆਂ ਦਿੰਦਾ ਹੋਇਆ ਬੋਲਿਆ, ਬੇਟਾ ਮੈਂ ਇੱਕ ਸਾਲ ਦਾ ਕਿਰਾਇਆ ਭਰ ਦਿੱਤਾ ਹੈ। ਹੁਣ ਤੇਰੀ ਅਤੇ ਤੇਰੀ ਘਰਵਾਲੀ ਦੀ ਮਰਜੀ, ਤੁਸੀਂ ਜਿਵੇਂ ਰਹਿਣਾ ਚਾਹੋ ਓਵੇਂ ਹੀ ਰਹੋ, ਹੁਣ ਤੁਹਾਨੂੰ ਮੇਰੇ ਵੱਲੋਂ ਕਦੀ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ।

ਏਨਾ ਕਹਿ ਕੇ ਪਿਓ ਉਥੋਂ ਚਲਾ ਗਿਆ ਅਤੇ ਮੁੰਡਾ ਅਤੇ ਉਸਦੀ ਘਰਵਾਲੀ ਬਸ ਦੇਖਦੇ ਹੀ ਰਹਿ ਗਏ....।

# ਆਓ ਜ਼ਿੰਦਗੀ ਨੂੰ ਨਿਖਾਰੀਏ



ਹਰਕੀਰਤ ਕੌਰ
੯੭੭੯੧੧੮੦੬੬

ਮਨੁੱਖੀ ਜਾਮੇ ਨੂੰ ਸ੍ਰਿਸ਼ਟੀ ਦੀ ਸਭ ਤੋਂ ਉੱਤਮ ਜੂਨ ਮੰਨਿਆ ਜਾਂਦਾ ਹੈ। ਸਾਡੇ ਵਿੱਚ ਕੁਦਰਤ ਵੱਲੋਂ ਹੀ ਸੂਝ-ਬੂਝ, ਸੋਚਣ ਸ਼ਕਤੀ, ਯਾਦਸ਼ਕਤੀ , ਚੰਗਾ ਬੁਰਾ ਪਰਖਣ ਦੀ ਜੁਗਤ ਪਾਈ ਹੋਈ ਹੈ। ਹਾਲਾਤਾਂ ਨਾਲ ਲੜਣਾ, ਚੁਣੌਤੀਆਂ ਨੂੰ ਸਵੀਕਾਰ ਕਰਨਾ ਇਹ ਸਭ ਮਨੁੱਖ ਦੇ ਹਿੱਸੇ ਆਇਆ ਹੈ। ਤੁਹਾਡੇ ਵਿੱਚ, ਮੇਰੇ ਵਿੱਚ ਹਰ ਇਨਸਾਨ ਵਿੱਚ ਅਥਾਹ ਸ਼ਕਤੀ ਭਰੀ ਪਈ ਹੈ। ਤੁਸੀਂ ਕੋਈ ਪੱਥਰ ਨਹੀਂ ਬਲਕਿ ਹੀਰਾ ਹੋ ਇਸ ਲਈ ਸਦਾ ਆਪਣੇ ਆਪ ਨੂੰ ਚਮਕਾ ਕੇ ਰੱਖੋ। ਜਦ ਵੀ ਕਿਸੇ ਜੌਹਰੀ ਦੀ ਨਜ਼ਰ ਤੁਹਾਡੇ ਉੱਪਰ ਪਈ ਤਾਂ ਦੇਖਣਾ ਤੁਸੀਂ ਕਿਵੇਂ ਚਮਕੋਗੇ।

ਇਸ ਲਈ ਤੁਹਾਨੂੰ ਸਮੇਂ ਦਾ ਸਦਉਪਯੋਗ ਕਰਨਾ ਪਵੇਗਾ। ਸਮਾਂ ਬਹੁਤ ਕੀਮਤੀ ਹੈ ਇਸਨੂੰ ਬੇਕਾਰ ਨਹੀਂ ਗਵਾ ਸਕਦੇ, ਸਗੋਂ ਇਸ ਸਮੇਂ ਨੂੰ ਤੁਸੀਂ ਇੱਕ ਸ਼ਿਲਪਕਾਰ ਦੀ ਤਰਾਂ ਆਪਣੀ ਜ਼ਿੰਦਗੀ ਨੂੰ ਘੜਨ ਅਤੇ ਸੁਆਰਨ ਤੇ ਲਾਉਣਾ ਹੈ। ਆਲਸੀ ਮਨੁੱਖ ਧਰਤੀ ਉੱਪਰ ਸ਼ਰਾਪ ਹੁੰਦੇ ਹਨ। ਜੇ ਕੁਝ ਹਾਸਿਲ ਕਰਨਾ ਹੈ ਤਾਂ ਸਾਨੂੰ ਉੱਦਮ ਕਰਨਾ ਪਵੇਗਾ। ਜੇ ਮੰਜ਼ਿਲ ਤੇ ਪੁਹੰਚਣਾ ਹੈ ਤਾਂ ਸਾਨੂੰ ਤੁਰਨਾ ਪਵੇਗਾ। ਇਸੇ ਲਈ ਕਹਿੰਦੇ ਹਨ 'ਤੁਰਿਆ ਬਿਨਾਂ ਨਾ ਮੁਕਣੇ ਉਮਰਾਂ ਦੇ ਫਾਸਲੇ।' ਇਸੇ ਉੱਦਮ ਦੇ ਸਦਕਾ ਤੁਸੀਂ ਆਪਣੀ ਗਰੀਬੀ ਦੂਰ ਕਰ ਸਕਦੇ ਹੋ, ਆਪਣੇ ਸੁਪਨੇ ਸਕਾਰ ਕਰ ਸਕਦੇ ਹੋ।

ਹੁਣ ਸਵਾਲ ਇਹ ਹੈ ਕਿ ਦੁਨੀਆਂ ਵਿੱਚ ਤੁਸੀਂ ਵਿਚਰਨਾ ਕਿਵੇਂ ਹੈ ? ਯਾਦ ਰੱਖੋ ਹਮੇਸ਼ਾ ਫੁੱਲ ਬਣ ਕੇ ਰਹੋ। ਫੁੱਲ ਜਿਵੇਂ ਪਾਣੀ ਉੱਪਰ ਤੈਰਦਾ ਹੈ ਕਿਸੇ ਨੂੰ ਕਸ਼ਟ ਨਹੀਂ ਦਿੰਦਾ, ਚਾਰੇ ਪਾਸੇ ਖੁਸ਼ਬੂ ਫੈਲਾਉਂਦਾ ਹੈ। ਤੁਹਾਡੇ ਹਾਲਾਤ ਕਿਵੇਂ ਦੇ ਕਿਉਂ ਨਾ ਹੋਣ, ਤੁਸੀਂ ਕਮਲ ਦੇ ਫੁੱਲ ਵਾਂਗ ਹੀ ਬਣਨਾ ਹੈ, ਜਿਵੇਂ ਕਮਲ ਦੇ ਫੁੱਲ ਨੂੰ ਚਿੱਕੜ ਦੀ ਦਲਦਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਇਸੇ ਤਰਾਂ ਦੁੱਖਾਂ ਤਕਲੀਫ਼ਾਂ ਦਾ ਵੀ ਸਾਡੇ ਉੱਪਰ ਕੋਈ ਅਸਰ ਨਹੀਂ ਹੋਣਾ ਚਾਹੀਦਾ। ਹਰ ਇੱਕ ਦੀ ਮਦਦ ਲਈ ਹਮੇਸ਼ਾ ਤਿਆਰ ਰਹੋ, ਤੁਹਾਡਾ ਖੁਦ ਦਾ ਵਿਵਹਾਰ ਉਵੇਂ ਦਾ ਹੋਵੇ ਜਿਵੇਂ ਦਾ ਤੁਸੀਂ ਕਿਸੇ ਕੋਲੋਂ ਚਾਹੁੰਦੇ ਹੋ। ਇਹ ਦੁਨੀਆਂ ਖੂਹ ਦੀ ਅਵਾਜ਼ ਹੈ, ਜਿਸ ਤਰਾਂ ਦੀ ਅਵਾਜ਼ ਤੁਸੀਂ ਕੱਢੋਗੇ ਉਸੇ ਅਵਾਜ਼ ਦੀ ਗੂੰਜ ਤੁਹਾਡੇ ਕੋਲ ਵਾਪਿਸ ਆਵੇਗੀ। ਆਪਣੀ ਸ਼ਖਸੀਅਤ ਨੂੰ ਨਿਖਾਰਨ ਲਈ ਇਹ ਗੁਣ ਬਹੁਤ ਜ਼ਰੂਰੀ ਹਨ। ਆਪਣੀ ਰੋਜ਼ਾਨਾ ਦੀ ਰਹਿਣੀ ਬਹਿਣੀ ਨਿਅਮਤ ਕਰੋ। ਆਪਣੀ ਦਿੱਖ ਨੂੰ ਨਿਖਾਰੋ, ਜਰੂਰੀ ਨਹੀਂ ਕਿ ਆਪਣੀ ਦਿਖ ਨੂੰ ਨਿਖਾਰਨ ਲਈ ਤੁਹਾਡੇ ਕੋਲ ਮਹਿੰਗੇ ਕੱਪੜੇ ਜਾਂ ਬੂਟ ਹੋਣ, ਸਾਦੇ ਜਿਹੇ ਕੱਪੜਿਆਂ ਵਿੱਚ ਚਿਹਰੇ 'ਤੇ ਹਰ ਸਮੇਂ ਹਲਕੀ ਜਿਹੀ ਮੁਸਕਾਨ ਨਾਲ ਵੀ ਤੁਸੀਂ ਲੋਕਾਂ ਦੇ ਦਿਲ ਜਿੱਤ ਸਕਦੇ ਹੋ।

ਸਵੇਰੇ ਅੰਮ੍ਰਿਤ ਵੇਲੇ ਉੱਠੋ ਆਪਣੇ ਵਿਸ਼ਵਾਸ ਅਨੁਸਾਰ ਪਾਠ ਪੂਜਾ ਕਰੋ। ਅੱਜ ਦੇ ਦਿਨ ਕਰਨ ਵਾਲੇ ਕੰਮਾਂ ਦੀ ਸੂਚੀ ਬਣਾਓ। ਰਾਤ ਨੂੰ ਸੌਣ ਲੱਗਿਆਂ ਦੇਖੋ ਕਿ ਕੀ ਤੁਸੀਂ ਅੱਜ ਦੇ ਸਾਰੇ ਕੰਮ ਪੂਰੇ ਕਰ ਲਏ ਹਨ ? ਇਹ ਵੀ ਦੇਖੋ ਕਿ ਅੱਜ ਦੇ ਦਿਨ ਵਿੱਚ ਤੁਸੀਂ ਕਿਸੇ ਦਾ ਦਿਲ ਤਾਂ ਨਹੀਂ ਦੁਖਾਇਆ ? ਕਿਸੇ ਤਰਾਂ ਦੀ ਭੁੱਲ ਹੋਈ ਹੋਵੇ, ਇਸ ਸਭ ਦਾ ਪਤਾ ਕਰਕੇ ਆਪਣੇ ਵਿੱਚ ਪਰਿਵਰਤਨ ਲਿਆਓ। ਅੱਜ ਬਹੁਤੇ ਲੋਕ ਹੋਣੀ ਉੱਪਰ ਸਭ ਕੁਝ ਛੱਡ ਦਿੰਦੇ ਹਨ ਅਤੇ ਉੱਦਮ ਵੱਲੋਂ ਮੂੰਹ ਮੋੜ ਲੈਂਦੇ ਹਨ। ਕਾਮਯਾਬ ਹੋਣ ਲਈ ਕਿਸਮਤ ਉੱਪਰ ਸਭ ਕੁਝ ਛੱਡਿਆ ਨਹੀਂ ਜਾ ਸਕਦਾ, ਮਿਹਨਤ, ਲਗਨ, ਕੋਸ਼ਿਸ਼ ਬਹੁਤ ਜਰੂਰੀ ਹੈ। ਆਪਣੇ ਕਰਮ ਨੂੰ ਪ੍ਰਾਪਤੀ ਨਾਲ ਜੋੜੋ। ਆਪਣੇ ਗੁਣਾ ਨੂੰ ਉਭਾਰੋ। ਤੁਹਾਡੀ ਸ਼ਖਸੀਅਤ ਮਿਕਨਾਤੀਸੀ ਬਣੇਗੀ ਤਾਂ ਲੋਕ ਆਪਣੇ ਆਪ ਤੁਹਾਡੇ ਵੱਲ ਖਿੱਚੇ ਆਉਣਗੇ। ਲੋਕ ਉਸੇ ਮਨੁੱਖ ਨੂੰ ਪਸੰਦ ਕਰਦੇ ਹਨ, ਜਿਨਾਂ ਦੇ ਚਿਹਰਿਆਂ ਉੱਪਰ ਮੁਸਕਾਨ ਝਲਕਦੀ ਹੈ, ਜਿਨਾਂ ਦੇ ਸਾਹਮਣੇ ਆਉਣ ਨਾਲ ਰੂਹ ਖਿੜ ਜਾਂਦੀ ਹੈ।

ਸੋ ਸਦਾ ਜ਼ਿੰਦਗੀ ਦੀ ਜੰਗ ਵਿੱਚ ਜੇਤੂ ਹੋਕੇ ਨਿੱਤਰੋ। ਸ਼ੁੱਭ ਕੰਮ ਲਈ ਸਾਰੇ ਸਮੇਂ ਸ਼ੁੱਭ ਹੁੰਦੇ ਹਨ। ਕਿਸੇ ਮਹੂਰਤ ਦੀ ਲੋੜ ਨਹੀਂ। ਆਪਣਾ ਨਿਸ਼ਾਨਾ ਹਮੇਸ਼ਾ ਉੱਚੇ ਤੋਂ ਉੱਚਾ ਰੱਖੋ। ਅਸਫਲਤਾ ਦਾ ਡਰ ਨਾ ਰੱਖੋ, ਜੇਕਰ ਅਸਫ਼ਲ ਹੋ ਵੀ ਗਏ ਤਾਂ ਫਿਰ ਤੋਂ ਸ਼ੁਰੂ ਕਰੋ । ਇੱਕ ਦਿਨ ਜਰੂਰ ਸਫ਼ਲ ਹੋਵੋਗੇ। ਐਡੀਸਨ ਦੁਨੀਆਂ ਦਾ ਮਹਾਨ ਸਾਇੰਸਦਾਨ ਹੋਇਆ ਹੈ। ਜਿਸ ਨੇ ਬਿਜਲੀ ਦੇ ਬਲਬ ਦੀ ਖੋਜ ਕੀਤੀ। ਸਾਰੀ ਦੁਨੀਆਂ ਨੂੰ ਨਵੀਂ ਰੋਸ਼ਨੀ ਦਿੱਤੀ। ਇਸ ਤੋਂ ਪਹਿਲਾਂ ਉਹ 200 ਵਾਰ ਅਸਫ਼ਲ ਹੋਇਆ। ਸੋ ਯਤਨ ਕਰਦੇ ਰਹੋ। ਚੁਣੌਤੀਆਂ ਸਵੀਕਾਰ ਕਰਦੇ ਰਹੋ। ਇਹ ਕੁਝ ਅਜਿਹੇ ਗੁਣ ਹਨ ਜਿਨਾਂ ਨੂੰ ਅਪਣਾ ਅਸੀਂ ਆਪਣੀ ਸ਼ਖਸੀਅਤ ਨਿਖਾਰ ਸਕਦੇ ਹਾਂ ਅਤੇ ਜੀਵਨ ਨੂੰ ਅਸਾਨ ਬਣਾ ਸਕਦੇ ਹਾਂ।

# ਪੰਜਾਬ ਸਿਆਂ ਤੈਨੂੰ ਕਿਸ ਦੀ ਨਜ਼ਰ ਲੱਗ ਗਈ



ਸੰਜੀਵ ਸਿੰਘ ਸੈਣੀ, ਮੋਹਾਲੀ

ਕਰੋਨਾ ਵਾਇਰਸ ਕਾਰਨ ਪੂਰੇ ਵਿਸ਼ਵ ਵਿੱਚ ਹਾਹਾਕਾਰ ਮਚੀ ਹੋਈ ਹੈ।ਜਿਸ ਕਾਰਨ ਦੇਸ਼ ਦਾ ਅਰਥਚਾਰਾ ਤੱਕ ਡਗਮਗਾ ਗਿਆ ਹੈ। ਕੋਵਿਡ-19 ਮਹਾਂਮਾਰੀ ਦੇ ਬਾਵਜੂਦ ਕਿਸਾਨ ਪੰਜਾਬ ਵਿਚ ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ, ਫੈਸਲਿਆਂ ਵਿਰੁੱਧ ਅੰਦੋਲਨ ਕਰ ਰਹੇ ਹਨ। ਤਕਰੀਬਨ 1 ਅਕਤੂਬਰ ਤੋਂ ਪੰਜਾਬ ਵਿਚ ਅਣਮਿੱਥੇ ਸਮੇਂ ਲਈ ਰੇਲ ਰੋਕੋ ਅੰਦੋਲਨ ਸ਼ੁਰੂ ਕੀਤਾ ਗਿਆ ਸੀ। ਅੱਜ ਦੇਸ਼ ਦਾ ਅੰਨਦਾਤਾ ਕਹਿ ਰਿਹਾ ਹੈ ਕਿ ਇਹ ਬਿੱਲ ਉਨਾਂ ਨੂੰ ਬਰਬਾਦ ਕਰ ਦੇਣਗੇ। ਕਿਉਂ ਸਰਕਾਰ ਵਾਰ ਵਾਰ ਕਹਿ ਰਹੀ ਹੈ ਕਿ ਇਨਾਂ ਬਿਲਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ ? ਵਿਚਾਰਨ ਵਾਲੀ ਗੱਲ ਹੈ ਕਿ ਜੇ ਕਿਸਾਨਾਂ ਦੀ ਆਮਦਨ ਦੁੱਗਣੀ ਹੋਵੇਗੀ ਤਾਂ ਫਿਰ ਦੇਸ਼ ਦਾ ਅੰਨਦਾਤਾ ਅੱਜ ਸੰਘਰਸ਼ ਦੇ ਰਾਹ ਕਿਉਂ ਪੈ ਗਿਆ ਹੈ ? ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੂੰ ਚਾਰ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਿਆ ਹੈ। 550 ਤੋਂ ਵੱਧ ਕਿਸਾਨਾਂ ਨੇ ਸ਼ਹੀਦੀ ਵੀ ਦਿੱਤੀ ਹੈ। ਹੁਣ ਤੱਕ ਕੇਂਦਰ ਸਰਕਾਰ ਨੇ ਆਪਣੀ ਅੜੀ ਨਹੀਂ ਛੱਡੀ ਹੈ। ਕੇਂਦਰ ਵਾਰ ਵਾਰ ਆਪਣੀ ਪੁਰਾਣੀ ਦਲੀਲਾਂ ਨੂੰ ਦੋਹਰਾ ਰਿਹਾ ਹੈ। ਅੱਜ ਕਿਸਾਨ ਅੰਦੋਲਨ ਜਨ ਅੰਦੋਲਨ ਬਣ ਗਿਆ ਹੈ। ਹਰ ਇੱਕ ਤਬਕਾ ਕਿਸਾਨੀ ਅੰਦੋਲਨ ਦੀ ਹਮਾਇਤ ਕਰ ਰਿਹਾ ਹੈ। ਯੂ ਐੱਨ ਓ ਨੇ ਵੀ ਕਿਸਾਨੀ ਅੰਦੋਲਨ ਦੀ ਵਕਾਲਤ ਕੀਤੀ ਹੈ। ਫਿਲਮੀ ਅਦਾਕਾਰ ਬੁੱਧੀਜੀਵੀ, ਲੇਖਕਾਂ ਕਲਾਕਾਰਾਂ ਸਭ ਨੇ ਕਿਸਾਨੀ ਅੰਦੋਲਨ ਵਿੱਚ ਆਪਣੀ ਹਾਜ਼ਰੀ ਲਗਵਾਈ ਹੈ। ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਡਰ ਹੈ। ਕਿਸਾਨਾਂ ਦੀ ਇੱਕ ਹੀ ਮੰਗ ਹੈ ਕਿ ਐਮ ਐਸ ਪੀ ਨੂੰ ਕਾਨੂੰਨੀ ਜਾਮਾ ਪਹਿਨਾਇਆ ਜਾਵੇ ਤੇ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣ।ਅੱਜ ਪੰਜਾਬ ਦਾ ਕਿਸਾਨ ਖੁਦਕੁਸ਼ੀ ਦੇ ਰਾਹ ਪੈ ਗਿਆ ਹੈ। ਕਰਜ਼ੇ ਦੀ ਪੰਡ ਇੰਨੀ ਭਾਰੀ ਹੋ ਚੁੱਕੀ ਹੈ ਕਿ ਉਸਨੂੰ ਹੋਰ ਕੁਝ ਵੀ ਨਹੀਂ ਦਿਸਦਾ। ਜਿਵੇਂ ਤਾਲਾਬੰਦੀ ਵਿੱਚ ਛੋਟ ਦਿੱਤੀ ਗਈ, ਮਹਿੰਗਾਈ ਵਧਦੀ ਗਈ। ਕੋਰੋਨਾ ਮਹਾਂਮਾਰੀ ਨੇ ਆਰਥਿਕਤਾ ਨੂੰ ਨਪੀੜਿਆ ਹੈ। ਰੋਟੀ, ਕੱਪੜਾ ਅਤੇ ਮਕਾਨ ਹਰ ਆਦਮੀ ਦੀ ਬੁਨਿਆਦੀ ਜ਼ਰੂਰਤਾਂ ਹਨ। ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਸਰੋਂ ਦੇ ਤੇਲ, ਰਾਜਮਾਂਹ, ਛੋਲੇ ਦਾਲਾਂ ਵਿੱਚ ਰਿਕਾਰਡਤੋੜ ਵਾਧਾ ਹੋਇਆ ਹੈ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਦੋ ਸਮੇਂ ਦੀ ਰੋਟੀ ਦਾ ਜੁਗਾੜ ਕਰਨਾ ਆਮ ਆਦਮੀ ਨੂੰ ਮੁਸ਼ਕਲ ਹੋ ਗਿਆ ਹੈ। ਕੋਰੋਨਾ ਮਹਾਂਮਾਰੀ ਤੋਂ ਬਾਅਦ ਜੋ ਥੋੜੇ ਬਹੁਤ ਕੰਮਕਾਜ ਚਲੇ ਵੀ ਹਨ, ਉਥੇ ਸੀਮਤ ਲੋਕਾਂ ਨੂੰ ਵੀ ਰੁਜ਼ਗਾਰ ਮਿਲਿਆ ਹੈ। ਹਾਲ ਹੀ ਵਿੱਚ ਨਸ਼ਰ ਹੋਈ ਇੱਕ ਰਿਪੋਰਟ ਮੁਤਾਬਕ ਪੰਜਾਬ ਦਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। 40 ਫੀਸਦੀ ਪਾਣੀ ਖਰਾਬ ਹੋ ਚੁੱਕਾ ਹੈ। ਪੰਜਾਬ ਦੇ ਕਈ ਜਿਲੇ ਕੈਂਸਰ ਦੀ ਮਾਰ ਹੇਠ ਹਨ। ਜੇ ਸਮਾਂ ਰਹਿੰਦਿਆਂ ਕੋਈ ਠੋਸ ਨੀਤੀ ਨਾ ਅਪਣਾਈ ਗਈ ਤਾਂ ਜਲਦੀ ਹੀ ਪੂਰਾ ਪੰਜਾਬ ਕੈਂਸਰ ਨਾਲ ਪ੍ਰਭਾਵਿਤ ਹੋ ਜਾਵੇਗਾ। ਅੱਜ ਬੇਰੁਜ਼ਗਾਰੀ ਕਾਰਨ ਪੰਜਾਬ ਖਾਲੀ ਹੋਣ ਲੱਗਾ ਹੈ। ਪੰਜਾਬ ਵਿੱਚ ਹਰ ਸਾਲ ਵਿਦੇਸ਼ਾਂ ਵਿਚ ਪੜਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖਰਚ ਕਰ ਰਹੇ ਹਨ। ਹਰ ਸਾਲ ਲੱਖਾਂ ਨੌਜਵਾਨਾਂ ਦਾ ਵਿਦੇਸ਼ ਜਾਣਾ ਖਤਰੇ ਦੀ ਘੰਟੀ ਹੈ। ਜੇ ਇਹ ਸਿਲਸਿਲਾ ਚਲਦਾ ਰਿਹਾ ਤਾਂ ਪੰਜਾਬ ਇੱਕ ਦਿਨ ਖਾਲੀ ਹੋ ਜਾਏਗਾ। ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਨੌਜਵਾਨ ਨਸ਼ੇ ਦੀ ਭੇਟ ਚੜ ਰਹੇ ਹਨ। ਡਿਗਰੀਆਂ ਹੱਥਾਂ ਵਿੱਚ ਫੜੀ, ਨੌਕਰੀ ਦੀ ਪ੍ਰੇਸ਼ਾਨੀ, ਮਾਪਿਆਂ ਦੀ ਉਮੀਦਾਂ ਤੇ ਖ਼ਰਾ ਨਾ ਉਤਰਨਾ ਨਸ਼ੇ ਨੂੰ ਗ੍ਰਹਿਣ ਕਰਨ ਦਾ ਵੱਡਾ ਕਾਰਨ ਹੈ। ਘਰਾਂ ਦੇ ਚਿਰਾਗ ਦੇ ਚਿਰਾਗ ਬੁੱਝ ਚੁੱਕੇ ਹਨ । ਕੋਈ ਦਿਨ ਅਜਿਹਾ ਹੁੰਦਾ ਹੋਣਾ ਜਦੋਂ ਅਖ਼ਬਾਰ ਵਿੱਚ ਖ਼ਬਰ ਨਾ ਛਾਪੀ ਹੋਵੇ ਕਿ ਫਲਾਣੇ ਪਿੰਡ ਦਾ ਨੌਜਵਾਨ ਚਿੱਟੇ ਦੀ ਭੇਟ ਨਹੀਂ ਚੜਇਆ। ਆਏ ਦਿਨ ਪੰਜ ਸੱਤ ਨੌਜਵਾਨ ਨਸ਼ੇ ਦੀ ਭੇਟ ਚੜ ਰਹੇ ਹਨ। ਨਸ਼ੇ ਨੇ ਤਾਂ ਪੰਜਾਬ ਦੀ ਜਵਾਨੀ ਹੀ ਖਤਮ ਕਰ ਦਿੱਤੀ ਹੈ। ਅਵਾਰਾ ਕੁੱਤਿਆਂ ਦੀ ਸਮੱਸਿਆ ਇੰਨੀ ਵੱਧ ਚੁੱਕੀ ਹੈ ਕਿ ਹਰ ਕੋਈ ਆਪਣੇ ਆਪ ਨੂੰ ਅਸੁਰੱਖਿਅਤ ਅਨੁਭਵ ਕਰਦਾ ਹੈ। ਹਾਲਾਂਕਿ ਸਰਕਾਰ ਨੇ ਕੁੱਤੇ ਮਾਰਨ 'ਤੇ ਪਾਬੰਦੀ ਲਗਾ ਦਿੱਤੀ ਸੀ। ਪਰ ਅਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਕੋਈ ਠੋਸ ਨੀਤੀ ਨਹੀਂ ਬਣੀ ਹੈ। ਝੁੰਡ ਦੇ ਝੁੰਡ ਬਣਾ ਕੇ ਇਹ ਅਵਾਰਾ ਕੁੱਤੇ ਸੜਕਾਂ 'ਤੇ ਜਾ ਰਹੇ ਰਾਹਗੀਰਾਂ ਨੂੰ ਆਪਣਾ ਨਿਸ਼ਾਨਾਂ ਬਣਾਉਂਦੇ ਹਨ। ਪਾਰਕਾਂ ਵਿਚ ਸੈਰ ਕਰਨਾ ਦੁੱਭਰ ਹੋ ਚੁੱਕਿਆ ਹੈ। ਪਿੱਛੇ ਜਿਹੇ ਖ਼ਬਰ ਪੜਨ ਨੂੰ ਮਿਲੀ ਕਿ 9 ਮਹੀਨੇ ਦੇ ਬੱਚੇ ਨੂੰ ਅਵਾਰਾ ਕੁੱਤਿਆਂ ਨੇ ਨੋਚ ਨੋਚ ਕੇ ਖਾ ਲਿਆ। ਆਵਾਰਾ ਪਸ਼ੂਆਂ ਨੇ ਤਾਂ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹਨ। ਪਿੰਡਾਂ ਵਿੱਚ ਤਾਂ ਕਿਸਾਨਾਂ ਦੀਆਂ ਫਸਲਾਂ ਦਾ ਇਹ ਅਵਾਰਾ ਪਸ਼ੂ ਉਜਾੜਾ ਕਰ ਰਹੇ ਹਨ । ਆਏ ਦਿਨ ਕਿਸਾਨ ਧਰਨੇ ਲਾ ਕੇ ਡੀਸੀ ਦਫ਼ਤਰਾਂ ਅਤੇ ਮੰਤਰੀਆਂ ਦੀ ਕੋਠੀਆਂ ਦੇ ਮੂਹਰੇ ਬੈਠਦੇ ਹਨ। ਪਹਿਲਾਂ ਤਾਂ ਲੋਕ ਇਨਾਂ ਪਸ਼ੂਆਂ ਦਾ ਦੁੱਧ ਪੀਂਦੇ ਹਨ। ਜਦੋਂ ਇਹ ਪਸ਼ੂ ਦੁੱਧ ਦੇਣ ਤੋਂ ਹੱਟ ਜਾਂਦੇ ਹਨ ਤਾਂ ਲੋਕ ਇਨਾਂ ਨੂੰ ਸ਼ਹਿਰਾਂ ਵੱਲ ਛੱਡ ਦਿੰਦੇ ਹਨ। ਜਿਸ ਕਰਕੇ ਸ਼ਹਿਰਾਂ ਵਿਚ ਹਾਦਸਿਆਂ ਦਾ ਕਾਰਨ ਬਣਦੇ ਹਨ। ਅੱਜ ਪੰਜਾਬ ਦੇ ਲੋਕਾਂ ਨੂੰ ਇਨਾਂ ਸਮੱਸਿਆਵਾਂ 'ਚੋਂ ਨਿਕਲਣ ਲਈ ਕੋਈ ਹੱਲ ਨਹੀਂ ਲੱਭ ਰਿਹਾ।ਸਰਕਾਰਾਂ ਨੂੰ ਇਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਲੋਕਪੱਖੀ ਨੀਤੀਆਂ ਬਣਾਉਣ ਦੀ ਸਖ਼ਤ ਲੋੜ ਹੈ।

# ਅੰਦਰੂਨੀ ਸ਼ਕਤੀਆਂ ਦੀ ਪਹਿਚਾਣ ਕਰੀਏ



ਸੰਜੀਵ ਸਿੰਘ ਝੱਜ
੯੮੧੫੧੫੦੫੪੨

ਕੁਦਰਤ ਤੇ ਕਾਦਰ ਵਿਚ ਕੋਈ ਫਰਕ ਨਹੀਂ ਜਾਂ ਇਹ ਕਹਿ ਲਈਏ ਕੁਦਰਤ ਕਾਦਰ ਦਾ ਹੀ ਪ੍ਰਗਟ ਰੂਪ ਹੈ ਤਾਂ ਸ਼ਾਇਦ ਕੋਈ ਦੋ-ਰਾਏ ਨਹੀਂ ਹੋਵੇਗੀ। ਕੁਦਰਤ ਨੇ ਇਸ ਧਰਤੀ ਤੇ ਬਹੁਤ ਅਜਿਹੇ ਪ੍ਰਤੱਖ ਚਮਤਕਾਰ ਕਰਕੇ ਵਿਖਾਏ ਹਨ ਜਿਨਾਂ ਨੂੰ ਵੇਖ ਕੇ ਕੁਦਰਤ ਜਾਂ ਕਾਦਰ ਦੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ।ਵੱਡੇ ਵੱਡੇ ਅਣਦਿਸਦੇ ਅਣਸੁਲਝੇ ਰਹੱਸ ਇਸ ਧਰਤੀ ਦੀ ਗੋਦ ਅੰਦਰ ਸਮੋਏ ਹੋਏ ਹਨ।ਕਾਦਰ ਨੇ ਆਪਣੀਆਂ ਸ਼ਕਤੀਆਂ ਦਾ ਨਮੂਨਾ ਹਰ ਜੀਵ ਜੰਤੂ ਅੰਦਰ ਬਿਨਾ ਕਿਸੇ ਕਾਣੀ ਵੰਡ ਤੋਂ ਧਰਿਆ ਹੋਇਆ ਹੈ।

ਜਦੋਂ ਵੀ 'ਸ਼ਕਤੀ" ਲਫ਼ਜ਼ ਦਾ ਜ਼ਿਕਰ ਆਉਂਦਾ ਹੈ ਤਾਂ ਇਨਸਾਨੀ ਕਲਪਨਾ ਸ਼ਰੀਰਕ ਸਮਰੱਥਾ ਤੋਂ ਪਰੇ ਆਪਣਾ ਧਿਆਨ ਕੇਂਦਰਿਤ ਕਰਨ ਲੱਗ ਪੈਂਦੀ ਹੈ।ਇਨਸਾਨ ਦੀ ਪਰਬਿਰਤੀ ਦੀ ਗੱਲ ਕਰੀਏ ਤਾਂ ਇਹ ਹਵਾ ਵਿੱਚ ਉੱਡਣਾ, ਚੀਜ਼ਾਂ ਉਡਾ ਦੇਣੀਆਂ, ਇਕ ਥਾਂ ਤੋਂ ਗਾਇਬ ਹੋ ਕੇ ਕਿਸੇ ਦੂਸਰੇ ਥਾਂ ਪ੍ਰਗਟ ਹੋ ਜਾਣਾ ਵਗੈਰਾ ਵਗੈਰਾ ਚਮਤਕਾਰਾਂ ਨੂੰ ਸ਼ਕਤੀਆਂ ਦਾ ਨਾਮ ਦਿੰਦੀ ਹੈ।ਹੋ ਸਕਦਾ ਇਹ ਸਾਰਾ ਕੁਝ ਹੁੰਦਾ ਹੋਵੇ ਪਰ ਜਿਹੜੀਆਂ ਸ਼ਕਤੀਆਂ ਕਾਦਰ ਨੇ ਜੀਵ ਦੇ ਅੰਦਰ ਧਰੀਆਂ ਹੋਈਆਂ ਨੇ ਉਨਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਇਨਸਾਨ ਨੇ ਕਦੇ ਕੀਤੀ ਹੀ ਨਹੀਂ।

ਮਨੁੱਖ ਜਾਤੀ ਦੀ ਹੋਂਦ ਹੀ ਸ਼ਕਤੀ ਤੇ ਖੜੀ ਹੈ। ਸ਼ਕਤੀ ਤੋਂ ਹੀਣਾ ਮਨੁੱਖ ਇਸ ਧਰਤੀ ਤੇ ਜਿਉਂਦਾ ਨਹੀਂ ਰਹਿ ਸਕਦਾ।

ਮਨੁੱਖ ਦੀ ਹਰ ਹਰਕਤ ਪਿੱਛੇ ਅਣ ਦਿਸਦੀ ਅਨੋਖੀ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ।ਜੀਵਾਂ ਦਾ ਚੱਲਣਾ, ਦੇਖਣਾ, ਪਿਆਰ ਤੇ ਨਫਰਤ ਨੂੰ ਜਤਾਉਣਾ, ਡਰ ਦੇ ਭਾਵ, ਖਾਣ ਪੀਣ ਤੱਕ ਦੀ ਹਰ ਕਿਰਿਆ ਪਿੱਛੇ ਇਕ ਅਦੁੱਤੀ ਅੰਦਰੂਨੀ ਸ਼ਕਤੀ ਦਾ ਵਾਸ ਹੈ। ਹਰ ਜੀਵ ਦੇ ਅੰਦਰ ਜਜ਼ਬਾਤਾਂ ਨੂੰ ਸਮਝਣ ਦੀ ਇੱਕ ਸਭ ਤੋਂ ਵੱਡੀ ਤਾਕਤ ਕੁਦਰਤ ਨੇ ਬਖਸ਼ੀ ਹੋਈ ਹੈ। ਇਸ ਤਰਾਂ ਕਦੇ ਵੀ ਨਹੀਂ ਹੁੰਦਾ ਕਿ ਕਿਸੇ ਦੇ ਪ੍ਰਤੀ ਤੁਹਾਡੇ ਪਿਆਰ ਜਾਂ ਘ੍ਰਿਣਾ ਨੂੰ ਸਾਹਮਣੇ ਵਾਲਾ ਮਹਿਸੂਸ ਹੀ ਨਾ ਕਰ ਸਕੇ। ਤੁਹਾਡੀ ਘ੍ਰਿਣਾ ਜਾਂ ਮੁਹੱਬਤ ਕਦੀ ਵੀ ਗੁੱਝੀ ਨਹੀਂ ਰਹਿ ਸਕਦੀ। ਭਾਵਨਾਵਾਂ ਨੂੰ ਤੋਲ ਮੋਲ ਕਰਨ ਦੀ ਸ਼ਕਤੀ ਹਰ ਜੀਵ ਦੇ ਅੰਦਰ ਹੈ ਤੇ ਤੁਹਾਡੇ ਅੰਦਰੋਂ ਨਿਕਲੇ ਹਰ ਚੰਗੇ ਮਾੜੇ ਭਾਵ ਨੂੰ ਇਹ ਬਾਖੂਬੀ ਪਕੜ ਕਰ ਲੈਂਦੀ ਹੈ। ਇਸਤਰੀਆਂ ਅੰਦਰ ਵੀ ਸਿਰਜਣਹਾਰ ਨੇ ਉਹ ਸ਼ਕਤੀ ਰੱਖੀ ਹੋਈ ਹੈ। ਤੁਹਾਡੇ ਸਪਰਸ਼ ਮਾਤਰ ਤੋਂ ਹੀ ਤੁਹਾਡੇ ਭਾਵ ਤੇ ਅੰਦਰਲਾ ਸੱਚ ਇਸਤਰੀ ਦੇ ਸਾਹਮਣੇ ਆ ਜਾਂਦਾ ਹੈ।

ਮਨੁੱਖ ਦੇ ਵਿਵਹਾਰ, ਖਾਣ ਪੀਣ, ਤੁਰਨ ਫਿਰਨ ਅਤੇ ਬੋਲਣ ਦੇ ਲਹਿਜੇ ਤੋਂ ਹੀ ਉਸਦੀ ਅੰਦਰਲੀ ਦਸ਼ਾ ਮਹਿਸੂਸ ਹੋ ਜਾਂਦੀ ਹੈ। ਇਨਸਾਨੀ ਸੁਭਾਅ ਹਮੇਸ਼ਾ ਆਪਣੇ ਅੰਦਰਲੇ ਭਾਵਾਂ ਤੇ ਪਰਦਾ ਪਾ ਕੇ ਰੱਖਣਾ ਚਾਹੁੰਦਾ ਹੈ। ਅੰਦਰ ਚੱਲ ਕੁਝ ਹੋਰ ਰਿਹਾ ਹੁੰਦਾ ਹੈ ਤੇ ਪੇਸ਼ ਕੁਝ ਹੋਰ ਕੀਤਾ ਜਾਂਦਾ ਹੈ। ਇਸ ਧਰਤੀ ਤੇ ਵਿਚਰਦਿਆਂ ਕੀਤਾ ਜਾਂਦਾ ਹਰ ਕਾਰਜ ਸਵਾਰਥ ਤੋਂ ਹੀ ਪ੍ਰੇਰਿਤ ਹੁੰਦਾ ਹੈ। ਤੁਹਾਡਾ ਬੁਲਾਉਣਾ, ਤੁਹਾਡਾ ਪ੍ਰਸ਼ੰਸਾ ਕਰਨਾ, ਤੁਹਾਡੀ ਜੀਅ ਹਜ਼ੂਰੀ ਆਦਿ ਇਹ



ਉਹ ਸਭ ਤੋਂ ਸਰਲ ਤੇ ਪਾਰਦਰਸ਼ੀ ਪਰਦੇ ਨੇ ਜੋ ਮਨੁੱਖ ਦੀ ਅਸਲੀਅਤ ਵੇਖਣ ਦੀ ਚਾਹ ਰੱਖਣ ਵਾਲੇ ਨੂੰ ਆਸਾਨੀ ਨਾਲ ਸਭ ਕੁਝ ਵਿਖਾ ਦਿੰਦੇ ਹਨ।

ਸਰੀਰਕ ਤੇ ਮਨੋਬਲ ਸ਼ਕਤੀਆਂ ਤੋਂ ਹੀਣੇ ਇਨਸਾਨ ਹੀ ਹਮੇਸ਼ਾ ਧੋਖੇ ਤੇ ਜਾਲਸਾਜ਼ੀ ਦਾ ਸ਼ਿਕਾਰ ਹੁੰਦੇ ਹਨ। ਸਭ ਤੋਂ ਵੱਡਾ ਧੋਖਾ ਧਾਰਮਿਕ ਖਿਆਲ ਅਪਨਾਉਣ ਦੀ ਚਾਹ ਰੱਖਣ ਵਾਲੇ ਇਨਸਾਨ ਖਾਂਦੇ ਹਨ। ਜਦੋਂ ਵੀ ਇਨਸਾਨ ਧਾਰਮਿਕ ਦੁਨੀਆਂ ਚ ਪ੍ਰਵੇਸ਼ ਕਰਦਾ ਹੈ ਤਾਂ ਉਸਦੇ ਅੰਦਰਲੀ ਕਾਹਲ ਛੇਤੀ ਹੀ ਉਸ ਦਾ ਮਨ ਮੋੜ ਦਿੰਦੀ ਹੈ ਜਾਂ ਇਹ ਭਰਮ ਖੜਾ ਕਰ ਦਿੰਦੀ ਹੈ ਕਿ ਬ੍ਰਹਿਮੰਡ ਦਾ ਦੂਜਾ ਸਿਰਾ ਵੀ ਮੈਂ ਦੇਖ ਲਿਆ ਹੈ। ਮੇਰਾ ਨਿੱਜੀ ਖਿਆਲ ਹੈ ਕਿ ਧਰਮ ਉਸ ਸ਼ਾਂਤ ਮਹਾਂਸਾਗਰ ਦੀ ਤਰਾਂ ਹੁੰਦੇ ਹਨ ਜੋ ਉਪਰੋਂ ਦੇਖਣ ਨੂੰ ਬਹੁਤ ਸਮਤਲ ਲਗਦੇ ਹਨ ਪਰ ਉਹ ਸਾਗਰ ਸਦੀਆਂ ਤੋਂ ਕੀ ਕੀ ਕੁਝ ਵੇਖ ਚੁੱਕੇ ਹੁੰਦੇ ਨੇ ਤੇ ਉਸਦੀ ਤਹਿ ਅੰਦਰ ਕਿੰਨੇ ਹੀ ਯੁਗ ਤੇ ਕਿੰਨਾ ਹੀ ਕੁਝ ਅਲੋਪ ਹੋ ਚੁੱਕਾ ਸਮੋਇਆ ਹੁੰਦਾ ਹੈ। ਜਿਸਨੂੰ ਖੋਜਣ ਲਈ ਇੱਕ ਤਾਂ ਕੀ ਸ਼ਾਇਦ ਕਈ ਜਨਮ ਵੀ ਥੁੜ ਜਾਣਗੇ।

ਕਾਦਰ ਵਲੋਂ ਬਖਸ਼ੀਆਂ ਇਹ ਤਾਕਤਾਂ ਅਸਲ ਵਿੱਚ ਤੁਹਾਨੂੰ ਇਨਸਾਨ ਬਣਨ ਲਈ ਪ੍ਰੇਰਿਤ ਕਰਦੀਆਂ ਹਨ। ਬਹੁਤ ਇਨਸਾਨ ਅਜਿਹੇ ਹੁੰਦੇ ਨੇ ਜੋ ਇਨਾਂ ਤਾਕਤਾਂ ਨੂੰ ਵਰਤ ਕੇ ਸਮਾਜ ਨੂੰ ਗੁੰਮਰਾਹ ਕਰਨ ਦਾ ਕਾਰਜ ਕਰਦੇ ਹਨ ਪਰ ਇਹ ਸ਼ਕਤੀਆਂ ਪ੍ਰਵਾਨ ਵੀ ਤਦੇ ਚੜਦੀਆਂ ਨੇ ਜੇਕਰ ਇਨਾਂ ਦੀ ਵਰਤੋਂ ਕੇਵਲ ਮਨੁੱਖਤਾ ਦੀ ਭਲਾਈ ਲਈ ਕੀਤੀ ਜਾਵੇ।ਮਨੁੱਖ ਹੋਣ ਦੇ ਨਾਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕੁਦਰਤ ਵਲੋਂ ਬਖਸ਼ੀਆਂ ਇਨਾਂ ਸ਼ਕਤੀਆਂ ਦੀ ਪਹਿਚਾਣ ਕਰੀਏ। ਇਨਾਂ ਸ਼ਕਤੀਆਂ ਨੂੰ ਜਗਾਉਣ ਦੀ ਜਰੂਰਤ ਹੈ ਤੇ ਮੇਰਾ ਮੰਨਣਾ ਹੈ ਕਿ ਇਹ ਸ਼ਕਤੀਆਂ ਪ੍ਰਤੱਖ ਨੇ ਤੇ ਇਨਾਂ ਨੂੰ ਚੰਗੀ ਸੋਚ ਵਾਲੇ ਇਨਸਾਨਾਂ ਦਾ ਸੰਗ ਕਰਕੇ ਸਹਿਜੇ ਹੀ ਪ੍ਰਗਟ ਕੀਤਾ ਜਾ ਸਕਦਾ ਹੈ। ਜੇਕਰ ਤੁਹਾਡਾ ਵਤੀਰਾ ਮਨੁੱਖਾਂ ਵਾਲਾ ਹੈ ਫਿਰ ਕੁਝ ਵੀ ਗਲਤ ਹੋਣ ਦੀ ਸੰਭਾਵਨਾ ਨਹੀਂ ਹੁੰਦੀ। ਜਦੋਂ ਜਦੋਂ ਵੀ ਅਣਮਨੁੱਖੀ ਸੋਚ ਤੇ ਵਤੀਰਾ ਬੁੱਧੀ ਤੇ ਭਾਰੂ ਹੁੰਦਾ ਹੈ ਉਦੋਂ ਉਦੋਂ ਨੁਕਸਾਨ ਹੀ ਝੱਲਣਾ ਪੈਂਦਾ ਹੈ ਅਤੇ ਉਸ ਨੁਕਸਾਨ ਦਾ ਜਿੰਮੇਵਾਰ ਵੀ ਇਨਸਾਨ ਖੁਦ ਹੁੰਦਾ ਹੈ।

# ਦੈਨਿਕ ਭਾਸਕਰ ਮੋਦੀ ਸਰਕਾਰ ਦੇ ਨਿਸ਼ਾਨੇ ਉਪਰ

## ✪ ਦੈਨਿਕ ਭਾਸਕਰ ਅਤੇ ਭਾਰਤ ਸਮਾਚਾਰ ਦੇ ਦਫ਼ਤਰਾਂ ’ਤੇ ਛਾਪੇ ✪ ਐਡੀਟਰਜ਼ ਗਿਲਡ ਮੀਡੀਆ ਅਦਾਰਿਆਂ ਉੱਤੇ ਛਾਪਿਆਂ ਤੋਂ ਫ਼ਿਕਰਮੰਦ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਆਮਦਨ ਕਰ ਵਿਭਾਗ ਨੇ ਵੱਡੇ ਮੀਡੀਆ ਘਰਾਣੇ ਦੈਨਿਕ ਭਾਸਕਰ ਦੇ ਕਈ ਸੂਬਿਆਂ ’ਚ ਪੈਂਦੇ ਦਫ਼ਤਰਾਂ ਅਤੇ ਉੱਤਰ ਪ੍ਰਦੇਸ਼ ਆਧਾਰਤ ਟੀਵੀ ਚੈਨਲ ਭਾਰਤ ਸਮਾਚਾਰ ’ਤੇ ਕਥਿਤ ਟੈਕਸ ਚੋਰੀ ਦੇ ਦੋਸ਼ਾਂ ਹੇਠ ਛਾਪੇ ਮਾਰੇ। ਛਾਪਿਆਂ ਦੀ ਕਈ ਆਗੂਆਂ ਨੇ ਤਿੱਖੀ ਆਲੋਚਨਾ ਕੀਤੀ ਹੈ। ਉਧਰ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਏਜੰਸੀਆਂ ਆਪਣਾ ਕੰਮ ਕਰ ਰਹੀਆਂ ਹਨ ਤੇ ਉਨਾਂ ਦੇ ਕੰਮ ’ਚ ਸਰਕਾਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੈ। ਉਨਾਂ ਕਿਹਾ ਕਿ ਕਿਸੇ ਨੂੰ ਵੀ ਆਲੋਚਨਾ ਕਰਨ ਤੋਂ ਪਹਿਲਾਂ ਪੂਰੀ ਜਾਣਕਾਰੀ ਹਾਸਲ ਕਰਨ ਲੈਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਕੁਝ ਮੁੱਦੇ ਸਚਾਈ ਤੋਂ ਵੀ ਪਰਾਂ ਹੁੰਦੇ ਹਨ। ਕਾਂਗਰਸ ਨੇ ਦੋਸ਼ ਲਾਇਆ ਕਿ ਲੋਕੰਤਰ ਦੀ ਆਵਾਜ਼ ਦਬਾਉਣ ਦੇ ਇਰਾਦੇ ਨਾਲ ਇਹ ਛਾਪੇ ਮਾਰੇ ਗਏ ਹਨ। ਜ਼ਿਕਰਯੋਗ ਹੈ ਕਿ ਦੈਨਿਕ ਭਾਸਕਰ ਅਤੇ ਭਾਰਤ ਸਮਾਚਾਰ ਨੇ ਕਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਮੁਸ਼ਕਲ ’ਚ ਘਿਰੇ ਲੋਕਾਂ ਅਤੇ ਸਰਕਾਰਾਂ ਦੀ ਨਾਕਾਮੀ ਬਾਰੇ ਕਈ ਆਲੋਚਨਾਤਮਕ ਖ਼ਬਰਾਂ ਛਾਪੀਆਂ ਸਨ। ਮਲਟੀ-ਮੀਡੀਆ ਦੈਨਿਕ ਭਾਸਕਰ ਗਰੁੱਪ ਦੇ ਭੁਪਾਲ, ਜੈਪੁਰ, ਅਹਿਮਦਾਬਾਦ ਅਤੇ ਨੋਇਡਾ ਸਮੇਤ 30 ਥਾਵਾਂ ’ਤੇ ਛਾਪੇ ਸਵੇਰੇ ਸਾਢੇ ਪੰਜ ਵਜੇ ਦੇ ਕਰੀਬ ਮਾਰੇ ਗਏ । ਦੈਨਿਕ ਭਾਸਕਰ ਦੀ 12 ਸੂਬਿਆਂ ’ਚ ਮੌਜੂਦਗੀ ਹੈ ਅਤੇ ਇਸ ਦੇ ਅਖ਼ਬਾਰ ਦੇ ਨਾਲ ਨਾਲ ਰੇਡੀਓ ਸਟੇਸ਼ਨ, ਵੈੱਬ ਪੋਰਟਲ ਅਤੇ ਮੋਬਾਈਲ ਫੋਨ ਐਪ ਵੀ ਹਨ। ਗਰੁੱਪ ਟੈਕਸਟਾਈਲਜ਼ ਅਤੇ ਮਾਈਨਿੰਗ ਕਾਰੋਬਾਰ ਨਾਲ ਵੀ ਜੁੜਿਆ ਹੋਇਆ ਅਤੇ ਇਕ ਅਧਿਕਾਰੀ ਨੇ ਕਿਹਾ ਕਿ ਆਮਦਨ ਕਰ ਵਿਭਾਗ ਇਨਾਂ ਕਾਰੋਬਾਰ ’ਚ ਹੋਏ ਲੈਣ-ਦੇਣ ਨੂੰ ਵੀ ਘੋਖ ਰਿਹਾ ਹੈ। ਮੀਡੀਆ ਘਰਾਣਿਆਂ ’ਤੇ ਪਏ ਛਾਪੇ ਦਾ ਮੁੱਦਾ ਰਾਜ ਸਭਾ ’ਚ ਵੀ ਉੱਠਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਕਈ ਆਗੂਆਂ ਨੇ ਛਾਪਿਆਂ ਦੀ ਨਿਖੇਧੀ ਕੀਤੀ ਹੈ। ਮਮਤਾ ਨੇ ਮੀਡੀਆ ਨੂੰ ਮਜ਼ਬੂਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਕਜੁੱਟ ਰਹਿ ਕੇ ਤਾਨਾਸ਼ਾਹੀ ਤਾਕਤਾਂ ਨੂੰ ਅਸਫ਼ਲ ਬਣਾਇਆ ਜਾ ਸਕਦਾ ਹੈ। ਕੇਜਰੀਵਾਲ ਨੇ ਕਿਹਾ ਕਿ ਇਹ ਮੀਡੀਆ ਨੂੰ ਡਰਾਉਣ ਦੀ ਕੋਸ਼ਿਸ਼ ਹੈ। ਗਹਿਲੋਤ ਨੇ ਕਿਹਾ ਕਿ ਮੋਦੀ ਸਰਕਾਰ ਆਪਣੀ ਆਲੋਚਨਾ ਸਹਿਣ ਨਹੀਂ ਕਰ ਸਕਦੀ ਹੈ ਅਤੇ ਇਹ ਮੀਡੀਆ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਹੈ। ਮੱਧ ਪ੍ਰਦੇਸ਼ ਕਾਂਗਰਸ ਦੇ ਮੁਖੀ ਕਮਲ ਨਾਥ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਤੰਤਰ ਦੇ ਚੌਥੇ ਥੰਮ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

‘ਭਾਸਕਰ ਦੀ ਸੱਚੀ ਪੱਤਰਕਾਰੀ ਤੋਂ ਡਰ ਗਈ ਹੈ ਸਰਕਾਰ’ ਭਾਸਕਰ ਗਰੁੱਪ ਨੇ ਦੋਸ਼ ਲਾਇਆ ਕਿ ਭੁਪਾਲ ਅਤੇ ਅਹਿਮਦਾਬਾਦ ’ਚ ਛਾਪੇ ਦੌਰਾਨ ਆਈਟੀ ਟੀਮ ਨਾਲ ਕੋਈ ਮਹਿਲਾ ਮੁਲਾਜ਼ਮ ਨਹੀਂ ਸੀ। ਦੈਨਿਕ ਭਾਸਕਰ ਨੇ ਆਪਣੀ ਵੈੱਬਸਾਈਟ ’ਤੇ ਸੁਨੇਹਾ ਪਾਇਆ ਹੈ ਕਿ ਸਰਕਾਰ ਉਨਾਂ ਦੀ ਸੱਚੀ ਪੱਤਰਕਾਰੀ ਤੋਂ ਡਰ ਗਈ ਹੈ। ਉਨਾਂ ਲਿਖਿਆ ਹੈ ਕਿ ਗੰਗਾ ’ਚ ਲਾਸ਼ਾਂ ਤੈਰਨ ਦਾ ਮਾਮਲਾ ਉਜਾਗਰ ਕਰਨ ਤੋਂ ਇਲਾਵਾ ਕਰੋਨਾ ਨਾਲ ਹੋਈਆਂ ਮੌਤਾਂ ਦੀ ਅਸਲ ਗਿਣਤੀ ਮੁਲਕ ਸਾਹਮਣੇ ਲਿਆਉਣ ਲਈ ਸਰਕਾਰ ਵੱਲੋਂ ਛਾਪੇ ਮਾਰੇ ਗਏ ਹਨ। ‘ਮੈਂ ਆਜ਼ਾਦ ਹਾਂ ਕਿਉਂਕਿ ਮੈਂ ਭਾਸਕਰ ਹਾਂ। ਭਾਸਕਰ ’ਚ ਸਿਰਫ਼ ਪਾਠਕ ਹੀ ਮਹੱਤਵ ਰਖਦੇ ਹਨ।’ ਗਰੁੱਪ ਨੇ ਕਿਹਾ ਕਿ ਛਾਪੇ ਉਨਾਂ ਦੇ ਕਈ ਅਧਿਕਾਰੀਆਂ ਦੇ ਘਰਾਂ ’ਤੇ ਵੀ ਮਾਰੇ ਗਏ ਹਨ। ਛਾਪਿਆਂ ਦੌਰਾਨ ਦਫ਼ਤਰ ’ਚ ਮੌਜੂਦ ਵਿਅਕਤੀਆਂ ਦੇ ਮੋਬਾਈਲ ਫੋਨ ਜ਼ਬਤ ਕਰ ਲਏ ਗਏ ਅਤੇ ਉਨਾਂ ਨੂੰ ਬਾਹਰ ਨਹੀਂ ਜਾਣ ਦਿੱਤਾ ਗਿਆ।

*ਅੰਮ੍ਰਿਤਸਰ ਟਾਈਮਜ਼ ਦਾ ਮੰਨਣਾ ਹੈ ਕਿ ਇਹ ਉਨਾਂ ਮੀਡੀਆ ਤੇ ਚੈਨਲਾਂ ਵਿਚੋਂ ਇਕ ਹਨ ਜੋ ਸਰਕਾਰ ਨੂੰ ਮਹਾਂਮਾਰੀ ਦੇ ਪੱਖ ਤੋਂ ਤਿੱਖੇ ਸਵਾਲ ਕਰ ਰਹੇ ਹਨ।ਛਾਪਿਆਂ ਦਾ ਸਮਾਂ ਮੋਦੀ ਸਰਕਾਰ ਦੀ ਨਿਰਪੱਖਤਾ ਉਪਰ ਕਈ ਸਵਾਲ ਖੜੇ ਕਰਦਾ ਹੈ। ਇਸੇ ਤਰਾਂ ਦੇ ਛਾਪੇ ਈਡੀ ਨੇ ਫਰਵਰੀ ਵਿਚ ‘ਨਿਊਜ਼ਕਲਿਕ.ਇਨ’ ਦੇ ਦਫ਼ਤਰ ਉਤੇ ਵੀ ਮਾਰੇ ਸਨ ਜਿਸ ਨੇ ਕਿਸਾਨ ਸੰਘਰਸ਼ ਤੇ ਸੀਏਏ ਵਿਰੋਧੀ ਮੁਜ਼ਾਹਰਿਆਂ ਦੀ ਤਕੜੀ ਕਵਰੇਜ ਕੀਤੀ ਸੀ। ਇਸ ਦੀ ਸਭ ਧਿਰਾਂ ਵਲੋਂ ਨਿਖੇਧੀ ਹੋਣੀ ਚਾਹੀਦੀ ਹੈ।*

**ਐਡੀਟਰਜ਼ ਗਿਲਡ ਵਲੋਂ ਨਿਖੇਧੀ**

‘ਦਿ ਐਡੀਟਰਜ਼ ਗਿਲਡ ਆਫ ਇੰਡੀਆ’ ਨੇ ਕਿਹਾ ਕਿ ਉਹ ਸਰਕਾਰੀ ਏਜੰਸੀਆਂ ਨੂੰ ਆਜ਼ਾਦ ਤੇ ਖ਼ੁਦਮੁਖਤਿਆਰ ਪੱਤਰਕਾਰੀ ਖ਼ਿਲਾਫ਼ ‘ਸਖ਼ਤੀ ਦੇ ਸੰਦ ਵਜੋਂ ਵਰਤੇ ਜਾਣ’ ਤੋਂ ਫ਼ਿਕਰਮੰਦ ਹਨ। ਗਿਲਡ ਨੇ ਕਿਹਾ ਕਿ ਭਾਰਤ ਦੀ ਮੋਹਰੀ ਅਖ਼ਬਾਰ ‘ਦੈਨਿਕ ਭਾਸਕਰ’ ਤੇ ਲਖ਼ਨਊ ਦੇ ਨਿਊਜ਼ ਚੈਨਲ ‘ਭਾਰਤ ਸਮਾਚਾਰ’ ਦੇ ਦਫ਼ਤਰਾਂ ਉਤੇ ਛਾਪੇ ਫ਼ਿਕਰਮੰਦ ਕਰਨ ਵਾਲੇ ਹਨ। ਗਿਲਡ ਨੇ ਕਿਹਾ ਕਿ ਇਹ ਛਾਪੇ ‘ਦੈਨਿਕ ਭਾਸਕਰ’ ਵੱਲੋਂ ਕੋਵਿਡ ਮਹਾਂਮਾਰੀ ਬਾਰੇ ਗਹਿਰਾਈ ਨਾਲ ਕੀਤੀ ਗਈ ਰਿਪੋਰਟਿੰਗ ਤੋਂ ਬਾਅਦ ਮਾਰੇ ਗਏ ਹਨ ਤੇ ਇਨਾਂ ਰਿਪੋਰਟਾਂ ਨੇ ਸਰਕਾਰੀ ਤੇ ਪ੍ਰਸ਼ਾਸਕੀ ਪੱਧਰ ਉਤੇ ਵੱਡੀਆਂ ਖਾਮੀਆਂ ਨੂੰ ਸਾਹਮਣੇ ਲਿਆਂਦਾ ਸੀ, ਵੱਡੀ ਗਿਣਤੀ ਵਿਚ ਹੋਈਆਂ ਮੌਤਾਂ ਵੀ ਇਨਾਂ ਅਦਾਰਿਆਂ ਦੀਆਂ ਰਿਪੋਰਟਾਂ ਵਿਚ ਸਾਹਮਣੇ ਆਈਆਂ ਸਨ। ਐਡੀਟਰਜ਼ ਗਿਲਡ ਨੇ ਕਿਹਾ ਕਿ ਉਨਾਂ ਵੱਲੋਂ ਹਾਲ ਹੀ ਵਿਚ ਕਰਵਾਏ ਗਏ ਇਕ ਵੈਬੀਨਾਰ ’ਚ ਦੈਨਿਕ ਭਾਸਕਰ ਦੇ ਕੌਮੀ ਐਡੀਟਰ ਓਮ ਗੌੜ ਨੇ ਕਿਹਾ ਸੀ ਕਿ ਅਖ਼ਬਾਰ ਵੱਲੋਂ ਕੀਤੀ ਗਈ ਸਖਤ ਪੱਤਰਕਾਰੀ ਕਾਰਨ ਸਰਕਾਰ ਨੇ ਇਸ਼ਤਿਹਾਰਾਂ ਵਿਚ ਕਟੌਤੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਭਾਸਕਰ ਦੇ ਸੰਪਾਦਕ ਨੇ ‘ਨਿਊ ਯਾਰਕ ਟਾਈਮਜ਼’ ਵਿਚ ਇਕ ਲੇਖ ਵੀ ਲਿਖਿਆ ਸੀ ਜਿਸ ਵਿਚ ਗੰਗਾ ’ਚੋਂ ਲਾਸ਼ਾਂ ਮਿਲਣ ਦਾ ਜ਼ਿਕਰ ਸੀ। ਗਿਲਡ ਨੇ ਕਿਹਾ ਕਿ ਇਕ ਹੋਰ ਫ਼ਿਕਰਮੰਦ ਕਰਨ ਵਾਲੀ ਚੀਜ਼ ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਦੀ ਪੈਗਾਸਸ ਸੌਫ਼ਟਵੇਅਰ ਰਾਹੀਂ ਜਾਸੂਸੀ ਹੋਣ ਦੀ ਰਿਪੋਰਟ ਸਾਹਮਣੇ ਆਉਣਾ ਹੈ।



## ਸੋਮ ਪ੍ਰਕਾਸ਼ ਤੇ ਅਸ਼ਵਨੀ...

ਦੁਕਾਨ ਮਾਲਕ ਭਾਜਪਾ ਆਗੂ ਅਸ਼ੋਕ ਦੁੱਗਲ ਨੇ ਕਿਹਾ ਕਿ ਕਿਸਾਨਾਂ ਨੇ ਉਨਾਂ ਦੇ ਨਿੱਜੀ ਸਮਾਗਮ 'ਚ ਵਿਘਨ ਪਾ ਕੇ ਆਪਸੀ ਭਾਈਚਾਰੇ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਜਦੋਂ ਚੱਲਦੇ ਸਮਾਗਮ 'ਚ ਉਨਾਂ ਦਾ ਟੈਂਟ ਪੁੱਟਣ ਦੀ ਕੋਸ਼ਿਸ਼ ਕੀਤੀ ਗਈ ਤਾਂ ਭਾਜਪਾ ਕਾਰਕੁੰਨਾਂ ਨੂੰ ਇਨਾਂ ਦਾ ਵਿਰੋਧ ਕਰਨਾ ਪਿਆ। ਉਨਾਂ ਦੱਸਿਆ ਕਿ ਸਮਾਗਮ 'ਚ ਵਿਜੈ ਸਾਂਪਲਾ ਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਸ਼ਾਮਲ ਹੋਣਾ ਸੀ ਪਰ ਕਿਸਾਨਾਂ ਦੇ ਵਿਰੋਧ ਕਾਰਨ ਉਨਾਂ ਨੂੰ ਪ੍ਰੋਗਰਾਮ ਰੱਦ ਕਰਨਾ ਪਿਆ। ਇਸੇ ਦੌਰਾਨ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਵਿਜੈ ਸਾਂਪਲਾ ਨੂੰ ਬੇਨਤੀ ਕਰਕੇ ਸਮਾਗਮ ਵਾਲੀ ਥਾਂ ਤੋਂ ਕੁੱਝ ਦੂਰੀ ਤੋਂ ਵਾਪਸ ਮੋੜ ਦਿੱਤਾ।

## ਪੰਜਾਬ ਕਾਂਗਰਸ ਦੀ...

ਮੌਜੂਦਾ ਹਾਲਤਾਂ ਵਿੱਚ ਕਾਂਗਰਸ ਦੀ ਹਾਲਤ ਹਾਸੋ-ਹੀਣੀ ਬਣ ਚੁੱਕੀ ਹੈ। ਕਾਂਗਰਸ ਹਾਈ ਕਮਾਨ, ਜਿਸਨੇ ਸਿਆਸੀ ਧੁਰੰਤਰਾਂ ਨੂੰ ਲੜਾ ਕੇ ਆਪਣਾ ਉੱਲੂ ਸਿੱਧਾ ਕਰਨ ਦਾ ਯਤਨ ਕੀਤਾ ਹੈ, ਸ਼ਾਇਦ ਉਸ ਨੂੰ ਇਸ ਗੱਲ ਦਾ ਅਹਿਸਾਸ ਥੋੜੇ ਸਮੇਂ ਬਾਅਦ ਹੋ ਜਾਏ ਤੇ ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈ ਜਾਣ। ਗੁੱਟਬਾਜ਼ੀ ਕਾਰਨ ਕਾਂਗਰਸ ਮੱਧ ਪ੍ਰਦੇਸ਼ ਵਿੱਚ ਆਪਣੀ ਗੱਦੀ ਗੁਆ ਚੁੱਕੀ ਹੈ। ਰਾਜਸਥਾਨ ਵਿੱਚ ਗੁੱਟਬੰਦੀ ਦੀ ਸਮੱਸਿਆ ਨੂੰ ਸੁਲਝਾ ਨਹੀਂ ਸਕੀ। ਛੱਤੀਸਗੜ ਵਿੱਚ ਵੀ ਹਾਲਤ ਇਹੋ ਹੈ। ਇਹ ਵੱਡਾ ਸੱਚ ਹੈ ਕਿ ਕਾਂਗਰਸ ਦੇ ਇਸ ਕਾਟੋ-ਕਲੇਸ਼ ਕਾਰਨ ਨਵਜੋਤ ਸਿੰਘ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਵਾਨ ਨਹੀਂ ਕਰਨਾ ਅਤੇ ਅਗਲੇ ਛੇ ਜਾਂ ਅੱਠ ਮਹੀਨੇ ਉਸ ਨੇ ਹਾਈਕਮਾਨ ਦੀ ਪ੍ਰਵਾਹ ਨਾ ਕਰਕੇ ਪੰਜਾਬ ਵਜ਼ਾਰਤ ਚਲਾਉਣੀ ਹੈ, ਕਿਉਂਕਿ ਕਾਂਗਰਸ ਹਾਈ ਕਮਾਨ ਕਦੇ ਇਹ ਗਵਾਰਾ ਨਹੀਂ ਕਰੇਗੀ ਕਿ ਸਿੱਧੂ ਨਾਲ ਖੜੇ ਦੋ ਦਰਜਨ ਵਿਧਾਇਕਾਂ ਦੀ ਹਿਮਾਇਤ ਕੈਪਟਨ ਵਜ਼ਾਰਤ ਤੋਂ ਵਾਪਸ ਲੈ ਕੇ ਪੰਜਾਬ ਵਿੱਚ ਕਾਂਗਰਸ ਹਕੂਮਤ ਦਾ ਖ਼ਾਤਮਾ ਕਰ ਲਏ। ਕੈਪਟਨ ਅਮਰਿੰਦਰ ਸਿੰਘ ਇੱਕ ਸੂਝਵਾਨ, ਤਜਰਬੇਦਾਰ ਸਿਆਸਦਾਨ ਦੇ ਤੌਰ 'ਤੇ ਵਿਰੋਧੀ ਗਰੁੱਪ ਨੂੰ ਨੁਕਰੇ ਲਾਉਣ ਲਈ ਹਰ ਢੰਗ ਵਰਤੇਗਾ। ਇਹ ਵੱਖਰੀ ਗੱਲ ਹੈ ਕਿ ਇਸ ਸਭ ਕੁਝ ਦੇ ਨਾਲ ਉਹ ਅੱਗੋਂ ਸਰਕਾਰ ਬਣਾ ਸਕੇ ਜਾਂ ਨਾ। ਉਹ ਵਿਧਾਇਕਾਂ ਨੂੰ ਲਾਲਚ ਦੇ ਕੇ, ਸਹੂਲਤਾਂ ਦੇ ਕੇ (ਜਿਵੇਂ ਕਿ ਅੱਜ ਹੀ 21 ਚਹੇਤੇ ਵਿਧਾਇਕਾਂ ਨੂੰ ਨਵੀਆਂ ਕਾਰਾਂ ਅਲਾਟ ਕੀਤੀਆਂ ਗਈਆਂ ਹਨ) ਉਹ ਆਪਣੇ ਨਾਲ ਕਰੇਗਾ ਅਤੇ ਵੱਡੀ ਗਿਣਤੀ ਵਿੱਚ ਆਪਣੇ ਸਮਰਥਕਾਂ ਨੂੰ ਟਿਕਟਾਂ ਦੁਆ ਕੇ ਜਿਤਾਉਣ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰੇਗਾ ਅਤੇ ਆਪਣੇ ਵਿਰੋਧੀ ਧੜੇ ਦੇ ਲੋਕਾਂ ਨੂੰ ਹਰਾਉਣ ਵਿੱਚ ਭੂਮਿਕਾ ਨਿਭਾਉਣ ਤੋਂ ਗੁਰੇਜ਼ ਵੀ ਨਹੀਂ ਕਰੇਗਾ।

ਇਹ ਅਫ਼ਵਾਹਾਂ ਵੀ ਹਨ ਕਿ ਕੈਪਟਨ ਆਪਣੀ ਵੱਖਰੀ ਪਾਰਟੀ ਬਣਾ ਲੈਣਗੇ। ਕਿਸਾਨਾਂ ਤੋਂ ਮਦਦ ਲੈ ਕੇ ਚੋਣ ਲੜਨਗੇ ਜਾਂ ਕਿਸਾਨਾਂ ਦੇ ਮਸਲੇ ਕੇਂਦਰ ਤੋਂ ਹੱਲ ਕਰਵਾ ਕੇ ਉਹ ਭਾਜਪਾ ਵਲੋਂ ਸਿੱਖ ਚਿਹਰਾ ਬਣਕੇ ਮੁੱਖ ਮੰਤਰੀ ਬਣ ਜਾਣਗੇ। ਇਹ ਕਿਆਸ ਅਰਾਈਆਂ ਸਮੇਂ ਤੋਂ ਪਹਿਲਾਂ ਦੀਆਂ ਹਨ। ਇਸ ਵੇਲੇ ਤਾਂ ਕਾਂਗਰਸ ਪਾਰਟੀ ਨੂੰ ਜਿਹੜਾ ਨੁਕਸਾਨ ਅਨਾੜੀ ਕਾਂਗਰਸ ਹਾਈਕਮਾਨ ਕਾਰਨ ਝੱਲਣਾ ਪਿਆ ਹੈ, ਉਸ ਨੂੰ ਠੀਕ ਕਰਨਾ, ਲੀਹੇ ਲਿਆਉਣਾ ਸ਼ਾਇਦ ਅਮਰਿੰਦਰ ਸਿੰਘ ਦਾ ਅਜੰਡਾ ਹੋਏਗਾ। ਕਾਂਗਰਸ ਦੀ ਇਸ ਅੰਦਰੂਨੀ ਲੜਾਈ ਨੇ ਪੰਜਾਬੀਆਂ ਨੂੰ ਪ੍ਰੇਸ਼ਾਨ ਕੀਤਾ ਹੈ। ਪੰਜਾਬੀਆਂ ਦੀ ਇਹ ਪ੍ਰੇਸ਼ਾਨੀ ਉਂਜ ਲੰਮੇ ਸਮੇਂ ਤੋਂ ਇਸ ਕਰਕੇ ਵੀ ਹੈ ਕਿ ਪੰਜਾਬੀ, ਸਿਆਸੀ ਲੋਕਾਂ ਤੋਂ ਮੂੰਹ ਵੱਟ ਰਹੇ ਹਨ, ਕਿਉਂਕਿ ਸਿਆਸੀ ਲੋਕ ਸਵਾਰਥੀ ਹੋ ਗਏ ਹਨ ਤੇ ਉਨਾਂ ਦੀ ਬਾਂਹ ਨਹੀਂ ਫੜ ਰਹੇ। ਉਨਾਂ ਦੀ ਪੀੜ ਨਹੀਂ ਸਮਝਦੇ। ਉਨਾਂ ਨੂੰ ਰਿਆਇਤਾਂ ਦੇ ਕੇ ਜਾਂ ਧਰਮ, ਜਾਤ ਦੇ ਨਾਮ 'ਤੇ ਵੰਡ, ਤਕਸੀਮ ਦੀ ਸਿਆਸਤ ਕਰਕੇ ਗੁੰਮਰਾਹ ਕਰ ਰਹੇ ਹਨ।

## ਭਾਰਤੀ ਨਿਆਂਤੰਤਰ...

ਵੱਡੀ ਗਿਣਤੀ ਵਿੱਚ ਮੁਸਲਿਮ ਨੌਜਵਾਨ ਯੂਏਪੀਏ ਤੇ ਐਨਐਏ ਵਰਗੇ ਕਾਲੇ ਕਾਨੂੰਨਾਂ ਅਧੀਨ, ਬਗ਼ੈਰ ਕੋਈ ਮੁਕੱਦਮਾ ਚਲਾਏ ਨਜ਼ਰਬੰਦ ਰੱਖੇ ਹੋਏ ਹਨ। ਪਿਛਲੇ ਹਫਤੇ ਨੰਦੇੜ (ਮਹਾਂਰਾਸ਼ਟਰਾ) ਦੇ ਮੁਹੰਮਦ ਇਲਿਆਸ ਤੇ ਮੁਹੰਮਦ ਇਰਫਾਨ, ਆਪਣੀ ਜਵਾਨੀ ਦੇ 9 ਸਾਲ ਯੂਏਪੀਏ ਅਧੀਨ ਜੇਲ ਵਿੱਚ ਗੁਜ਼ਾਰਨ ਬਾਅਦ ਰਿਹਾ ਹੋ ਕੇ ਆਪਣੇ ਘਰ ਪਹੁੰਚੇ। ਯੂ.ਪੀ ਦਾ ਹਬੀਬ ਮੁਹੰਮਦ ਬਗ਼ੈਰ ਕਿਸੇ ਕਸੂਰ ਤੋਂ ਪੰਜ ਸਾਲ ਬੰਗਲੌਰ ਦੀ ਜੇਲ ਵਿੱਚ ਬੰਦ ਰਹਿਣ ਬਾਅਦ ਇਸੇ ਮਹੀਨੇ ਰਿਹਾ ਹੋਇਆ। ਆਸਾਮੀ ਕਾਰਕੁੰਨ ਅਖਿਲ ਗੋਗੋਈ ਵਿਰੁੱਧ ਯੂਏਪੀਏ ਕੁਝ ਸਾਬਤ ਨਹੀਂ ਕਰ ਪਾਇਆ। ਮਹਿਜ਼ 2 ਫੀਸਦੀ ਦੀ ਸਜ਼ਾ-ਦਰ ਵਾਲੇ ਇਸ ਕਾਨੂੰਨ ਨੂੰ ਧੜਾਧੜ ਵਰਤਿਆ ਜਾ ਰਿਹਾ ਹੈ ਤਾਂ ਜੁ ਸਿਆਸੀ ਵਿਰੋਧੀਆਂ ਨੂੰ ਅਦਾਲਤੀ ਫੈਸਲੇ ਤੋਂ ਬਗ਼ੈਰ ਹੀ 'ਸਜ਼ਾ' ਦਿੱਤੀ ਜਾ ਸਕੇ। ਭੀਮਾ ਕੋਰੇਗਾਉਂ ਕੇਸ ਵਿੱਚ ਨਜ਼ਰਬੰਦ ਬੁੱਧੀਜੀਵੀਆਂ ਦੇ ਕੇਸ ਤੋਂ ਤਾਂ ਸਭ ਜਾਣੂ ਹੀ ਹਨ।।

ਨੈਸ਼ਨਲ ਕਰਾਈਮ ਰਿਕਾਰਡਸ ਬਿਉਰੋ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਕੁਲ ਕੈਦੀਆਂ ਦਾ 53% ਹਿੱਸਾ ਮੁਸਲਿਮ, ਦਲਿਤ ਤੇ ਆਦਿਵਾਸੀ ਵਰਗਾਂ ਨਾਲ ਸਬੰਧਤ ਹੈ ਜਦ ਕਿ ਕੁਲ ਆਬਾਦੀ ਵਿੱਚ ਇਨਾਂ ਵਰਗਾਂ ਦਾ ਹਿੱਸਾ ਸਿਰਫ 39% ਹੈ। ਕੁਲ ਆਬਾਦੀ ਵਿੱਚ 14% ਹਿੱਸਾ ਰੱਖਣ ਵਾਲੇ ਮੁਸਲਿਮਾਂ ਦੇ ਕੈਦੀਆਂ ਦਾ ਹਿੱਸਾ 20% ਹੈ ਅਤੇ 17% ਆਬਾਦੀ ਵਾਲਾ ਦਲਿਤ ਵਰਗ ਦਾ ਕੁਲ ਕੈਦੀਆਂ ਵਿੱਚ 22% ਹਿੱਸਾ ਹੈ। ਇਹ ਗੱਲ ਨਹੀਂ ਕਿ ਇਹ ਵਰਗ ਵਧੇਰੇ ਕਰਾਈਮ ਕਰਦੇ ਹਨ। ਕਾਰਨ ਇਹ ਹਨ ਕਿ ਇਹ ਗਰੀਬ ਹਨ, ਕੇਸ ਲੜਨ ਦੀ ਹਾਲਤ ਵਿੱਚ ਨਹੀਂ ਹਨ ਅਤੇ ਸਭ ਤੋਂ ਅਹਿਮ ਤਫਤੀਸ਼ੀ ਏਜੰਸੀਆਂ ਤੇ ਅਦਾਲਤਾਂ ਦਾ ਇਨਾਂ ਵਰਗਾਂ ਪ੍ਰਤੀ ਰਵੱਈਆ ਪੱਖਪਾਤੀ ਤੇ ਵਿਤਕਰੇਪੂਰਨ ਹੈ। ਪਾਰਲੀਮੈਂਟ ਵਿੱਚ ਪੇਸ਼ ਕੀਤੀ ਇੱਕ ਰਿਪੋਰਟ ਅਨੁਸਾਰ 31 ਦਸੰਬਰ 2019 ਨੂੰ ਭਾਰਤੀ ਜੇਲਾਂ ਵਿੱਚ ਬੰਦ 4.79 ਲੱਖ ਕੈਦੀਆਂ ਵਿੱਚੋਂ 3.15 ਲੱਖ ਯਾਨੀ ਤਕਰੀਬਨ ਦੋ ਤਿਹਾਈ ਕੈਦੀ ਅਨੁਸੂਚਿਤ ਜਾਤੀਆਂ ਤੇ ਦੂਸਰੀਆਂ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਨ।

ਹਿੰਦੂਤਵੀ ਤੇ ਸਰਕਾਰ-ਪੱਖੀ ਤੱਤਾਂ ਉੱਪਰ ਖਾਸ ਮਿਹਰਬਾਨੀ

ਭਾਰਤੀ ਨਿਆਂਤੰਤਰ ਪ੍ਰਣਾਲੀ ਨੂੰ ਹਿੰਦੂਤਵੀ ਤੇ ਸਰਕਾਰ ਪੱਖੀ ਲੋਕਾਂ ਦਾ ਕੋਈ ਵੀ ਜੁਰਮ ਨਜ਼ਰ ਨਹੀਂ ਆਉਂਦਾ। 5 ਜਨਵਰੀ 2020 ਨੂੰ ਏ.ਬੀਵੀਪੀ ਦੇ 50 ਦੇ ਕਰੀਬ ਨਕਾਬਪੋਸ਼ ਗੁੰਡੇ ਸੀਸੀਟੀਵੀ ਕੈਮਰਿਆਂ ਦੀ ਅੱਖ ਹੇਠ ਸ਼ਰੇਆਮ ਜੇਐਨਯੂ ਕੈਂਪਸ ਵਿੱਚ ਦਾਖਲ ਹੁੰਦੇ ਹਨ, 25 ਦੇ ਕਰੀਬ ਵਿਦਿਆਰਥੀਆਂ ਤੇ 5 ਅਧਿਆਪਕਾਂ ਨੂੰ ਬੁਰੀ ਤਰਾਂ ਜ਼ਖ਼ਮੀ ਕਰਦੇ ਹਨ, ਜੇਐਨਯੂ ਸਟੂਡੈਂਟ ਯੂਨੀਅਨ ਦੀ ਪ੍ਰਧਾਨ ਆਇਸ਼ਾ ਘੋਸ਼ ਦਾ ਸਿਰ ਪਾੜ ਦਿੰਦੇ ਹਨ ਪਰ ਸਦਕੇ ਜਾਈਏ ਸਾਡੀਆਂ ਏਜੰਸੀਆਂ ਤੇ ਅਦਾਲਤਾਂ ਦੇ, ਕਿਸੇ ਨੂੰ ਕੁਝ ਨਹੀਂ ਦਿਸਦਾ ਤੇ ਕੋਈ ਕਾਰਵਾਈ ਨਹੀਂ ਹੁੰਦੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਸ਼ਰੇਆਮ 'ਗੋਲੀ ਮਾਰੋ' ਦੇ ਨਾਅਰੇ ਲਾਉਂਦਾ ਹੈ, ਬੀਜੇਪੀ ਨੇਤਾ ਪਰਵੇਸ਼ ਵਰਮਾ ਸ਼ਾਹੀਨ ਬਾਗ ਦੀਆਂ ਬੀਬੀਆਂ ਵਿਰੁੱਧ ਜ਼ਹਿਰ ਉਗਲਦਾ ਹੈ, ਕਪਿਲ ਮਿਸ਼ਰਾ ਡੀਜੀਪੀ ਦੀ ਹਾਜ਼ਰੀ ਵਿੱਚ ਇਕ ਵਰਗ ਵਿਸ਼ੇਸ਼ ਨੂੰ ਧਮਕੀਆਂ ਦਿੰਦਾ ਹੈ, ਕਿਸੇ ਨੂੰ ਕੁਝ ਨਹੀਂ ਦਿਸਦਾ। ਇਨਾਂ ਵਿਰੁੱਧ ਕੇਸ ਦਰਜ ਕਰਨ ਦੀ ਹਦਾਇਤ ਦੇਣ ਵਾਲੇ ਜੱਜ ਐਸ਼ ਮੁਰਲੀਧਰਨ ਨੂੰ ਹੀ ਰਾਤੋ-ਰਾਤ ਬਦਲ ਦਿੱਤਾ ਜਾਂਦਾ ਹੈ। ਦਿੱਲੀ ਕਤਲੇਆਮ ਦੇ ਅਸਲੀ ਦੋਸ਼ੀਆਂ ਦੀ ਥਾਂ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਤੇ ਕਾਰਕੁੰਨਾਂ ਨੂੰ ਹੀ ਜੇਲੀਂ ਡੱਕ ਦਿੱਤਾ ਜਾਂਦਾ ਹੈ। ਅੱਤਵਾਦ ਦੇ ਠੋਸ ਦੋਸ਼ਾਂ ਹੇਠ ਨਜ਼ਰਬੰਦ ਪ੍ਰਗਿਆ ਠਾਕੁਰ ਕੇਂਦਰ ਵਿੱਚ ਸਰਕਾਰ ਬਦਲਣ ਸਾਰ ਬਾਹਰ ਆ ਕੇ ਐੱਮ.ਪੀ ਬਣ ਜਾਂਦੀ ਹੈ।

ਕੋਈ ਵੀ ਨਿਆਂਤੰਤਰ ਪ੍ਰਣਾਲੀ ਮਹਿਜ਼ ਰਾਜ ਦੇ ਜਬਰ 'ਤੇ ਪਰਦਾਪੋਸ਼ੀ ਪਾਉਣ ਅਤੇ ਨਿਆਂ ਦਾ ਭਰਮ ਸਿਰਜਣ ਦਾ ਕੰਮ ਕਰਦੀ ਹੈ। ਪਰ ਭਾਰਤੀ ਨਿਆਂਤੰਤਰ ਹੁਣ ਇਸ ਭਰਮ ਨੂੰ ਬਣਾਈ ਰੱਖਣ ਦੀ ਵੀ ਜ਼ਰੂਰਤ ਨਹੀਂ ਸਮਝਦਾ ਅਤੇ ਲੋਕ-ਮਾਰੂ ਨਤੀਆਂ ਲਾਗੂ ਕਰਨ ਵਿੱਚ ਨੰਗੇ ਚਿਟੇ ਰੂਪ ਵਿੱਚ ਸਰਕਾਰ ਦੀ ਪਿੱਠ 'ਤੇ ਆਣ ਖਲੋਤਾ ਹੈ। ਲੋਕਾਂ ਦਾ ਵਿਸ਼ਾਲ ਏਕਾ ਤੇ ਲਾਮਬੰਦੀ ਹੀ ਇਸ ਰੁਝਾਨ ਨੂੰ ਠੱਲ ਪਾ ਸਕਦੇ ਹਨ।

## ਕਿਸਾਨੀ ਸੰਘਰਸ਼ ਅਤੇ...

ਕਿਸਾਨ ਕਰੈਡਿਟ ਕਾਰਡ ਬਾਰੇ ਕੇਵਲ 52 ਫ਼ੀਸਦ ਨੇ ਸੁਣਿਆ ਹੈ ਪਰ ਇਸ ਦਾ ਫ਼ਾਇਦਾ ਕੇਵਲ 15 ਫ਼ੀਸਦ ਕਿਸਾਨ ਹੀ ਲੈ ਸਕੇ। ਇਸੇ ਤਰਾਂ ਦੀਆਂ ਹੋਰ ਬਹੁਤ ਸਾਰੀਆਂ ਕਿਸਾਨ ਪੱਖੀ ਸਕੀਮਾਂ ਜਿਵੇਂ ਪੇਂਡੂ ਬੀਜ ਯੋਜਨਾ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਕ੍ਰਿਸ਼ੀ ਵਿਗਿਆਨ ਕੇਂਦਰ, ਖੇਤੀਬਾੜੀ ਨਾਲ ਸਬੰਧਤ ਤਕਨਾਲੋਜੀ ਬਾਰੇ ਬਹੁਤ ਹੀ ਘੱਟ, 15 ਤੋਂ 20 ਫ਼ੀਸਦ ਕਿਸਾਨਾਂ ਨੇ ਸੁਣਿਆ ਹੈ ਅਤੇ ਇਸ ਦਾ ਫਾਇਦਾ ਕੇਵਲ 2 ਤੋਂ 10 ਫ਼ੀਸਦ ਕਿਸਾਨਾਂ ਨੇ ਹੀ ਲਿਆ ਹੈ।

ਇਸ ਖੋਜ ਵਿਚ ਜਿਨਾਂ ਕਿਸਾਨਾਂ ਨੇ ਪਿਛਲੇ ਪੰਜ ਸਾਲਾਂ ਵਿਚ ਆਪਣੀ ਜ਼ਮੀਨ ਵੇਚੀ ਸੀ, ਉਨਾਂ ਪਾਸੋਂ ਇਸ ਦੇ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ ਗਈ। ਜ਼ਮੀਨ ਵੇਚਣ ਵਾਲੇ ਕਿਸਾਨਾਂ ਵਿਚੋਂ 27 ਫ਼ੀਸਦ ਨੂੰ ਘਰੇਲੂ ਮਾੜੀ ਹਾਲਤ ਤੇ ਆਰਥਿਕ ਤੰਗੀ ਕਰਕੇ, 15 ਫ਼ੀਸਦ ਆਪਣੇ ਬੱਚੇ ਦੀ ਸ਼ਾਦੀ ਕਰਕੇ, 6 ਫ਼ੀਸਦ ਨੇ ਬਿਮਾਰੀ ਦੀ ਵਜਾ ਕਰਕੇ ਹਸਪਤਾਲਾਂ ਦਾ ਬਿੱਲ ਦੇਣ ਆਦਿ ਲਈ ਜ਼ਮੀਨ ਵੇਚੀ ਸੀ। ਕੇਵਲ 6 ਫ਼ੀਸਦ ਕਿਸਾਨਾਂ ਨੇ ਜ਼ਮੀਨ ਦਾ ਚੰਗਾ ਭਾਅ ਮਿਲਣ ਕਰਕੇ ਆਪਣੀ ਜ਼ਮੀਨ ਵੇਚੀ ਸੀ। ਜਦੋਂ ਇਨਾਂ ਕਿਸਾਨਾਂ ਨੂੰ ਪੁੱਛਿਆ ਗਿਆ ਕਿ ਉਨਾਂ ਦੇ ਹਿਸਾਬ ਨਾਲ ਉਨਾਂ ਦੀ ਆਰਥਿਕ ਹਾਲਤ ਬਾਰੇ ਕੌਣ ਜਿੰਮੇਵਾਰ ਹੈ ਤਾਂ 58 ਫ਼ੀਸਦ ਕਿਸਾਨਾਂ ਨੇ ਕੇਂਦਰ ਤੇ ਰਾਜ ਸਰਕਾਰਾਂ ਦੋਵਾਂ ਨੂੰ ਉਨਾਂ ਦੇ ਬੁਰੇ ਹਾਲ ਲਈ ਦੋਸ਼ੀ ਦੱਸਿਆ। ਦੂਸਰੇ ਪਾਸੇ 22 ਫ਼ੀਸਦ ਤੇ 20 ਫ਼ੀਸਦ ਕਿਸਾਨਾਂ ਨੇ ਕ੍ਰਮਵਾਰ ਕੇਵਲ ਕੇਂਦਰ ਤੇ ਰਾਜ ਸਰਕਾਰ ਨੂੰ ਉਨਾਂ ਦੀ ਮਾੜੀ ਹਾਲਤ ਲਈ ਜਿੰਮੇਵਾਰ ਠਹਿਰਾਇਆ।

ਮੌਜੂਦਾ ਦੌਰ ਵਿਚ ਕਿਸਾਨੀ ਦੇ ਹਾਲਾਤ ਪਹਿਲਾਂ ਨਾਲੋਂ ਵੀ ਖਰਾਬ ਹੋ ਗਏ ਹਨ। ਪਿਛਲੇ ਕੁਝ ਦਹਾਕਿਆਂ ਤੋਂ ਭਾਵੇਂ ਸਰਕਾਰਾਂ ਆਰਥਿਕ ਤਰੱਕੀ ਦਾ ਢੰਡੋਰਾ ਪਿੱਟ ਰਹੀਆਂ ਹਨ ਪਰ ਮੁਲਕ ਦੇ ਕਿਸਾਨਾਂ ਦੇ ਹਾਲਾਤ ਦਿਨੋ-ਦਿਨ ਨਿੱਘਰ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ।

**ਮੌਜੂਦਾ ਚੁਣੌਤੀਆਂ**

ਭਾਰਤ ਨੇ ਖੇਤੀ ਦੇ ਖੇਤਰ ਵਿਚ ਭਾਵੇਂ ਕਾਫ਼ੀ ਤਰੱਕੀ ਹਾਸਿਲ ਕੀਤੀ ਹੈ ਪਰ ਵੱਡੀ ਗਿਣਤੀ ਕਿਸਾਨ ਇਸ ਤਰੱਕੀ ਦਾ ਫਾਇਦਾ ਉੱਪਰ ਦੱਸੇ ਢਾਂਚਾਗਤ ਕਾਰਨਾਂ ਕਰਕੇ ਨਹੀਂ ਉਠਾ ਸਕੇ। ਖੇਤੀਬਾੜੀ ਨੂੰ ਦਰਪੇਸ਼ ਮੁੱਖ ਚੁਣੌਤੀਆਂ ਜਿਨਾਂ ਵਿਚੋਂ ਖ਼ਾਸ ਕਰਕੇ ਫ਼ਸਲਾਂ ਦਾ ਸਹੀ ਮੁੱਲ ਨਾ ਮਿਲਣਾ, ਖੇਤੀ ਖਰਚੇ ਵਿਚ ਅਥਾਹ ਵਾਧਾ, ਆਲਮੀ ਤਾਪ, ਬਦਲ ਰਿਹਾ ਵਾਤਾਵਰਨ, ਅਸਥਿਰ ਮੌਨਸੂਨ, ਸੰਸਾਰੀਕਰਨ, ਗ਼ੈਰ ਸੰਸਥਾਈ ਸਰੋਤ ਜਿਵੇਂ ਸ਼ਾਹੂਕਾਰ ਅਤੇ ਵਿਆਜਕਾਰ (ਕਮਿਸ਼ਨ ਏਜੰਟ), ਵਾਹੀਕਾਰ ਜ਼ਮੀਨ ਦੇ ਛੋਟੇ ਟੁਕੜੇ, ਸੰਸਥਾਈ ਮੁੱਦੇ ਜਿਵੇਂ ਲਗਾਤਾਰ ਘਟਦੀ ਸਬਸਿਡੀ, ਜ਼ਮੀਨੀ ਕਰਜ਼ੇ, ਵਧਦੀ ਆਬਾਦੀ ਖੇਤੀ ਤੋਂ ਘਟਦੀ ਆਮਦਨ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਦਿਹਾਤੀ ਖੇਤਰ ਵਿਚ ਗ਼ਰੀਬੀ ਅਤੇ ਭੁੱਖ ਨਾਲ ਨਜਿੱਠਣ ਲਈ ਅਨਾਜ ਦੀ ਉਪਲਬਧਤਾ ਘਟ ਰਹੀ ਹੈ ਅਤੇ ਮੁਲਕ ਭਰ ਵਿਚ ਕਿਸਾਨਾਂ ਦਾ ਲਗਾਤਾਰ ਭਾਰੀ ਕਰਜ਼ੇ ਦੇ ਬੋਝ ਥੱਲੇ ਦੱਬੇ ਜਾਣਾ ਤੇ ਕਿਸਾਨਾਂ ਦੀਆਂ ਲਗਾਤਾਰ ਵਧ ਰਹੀਆਂ ਖੁਦਕੁਸ਼ੀਆਂ, ਜਬਰੀ ਜ਼ਮੀਨ ਹੜੱਪਣਾ (ਜ਼ਮੀਨ ਐਕਵਾਇਰ ਕਰਨਾ) ਅਤੇ ਜ਼ਮੀਨ ਦੀ ਮਾਲਕੀ ਐਕਟ ਦੀ ਸਿਆਸੀ ਸਮੱਸਿਆ ਖੇਤੀਬਾੜੀ ਢਾਂਚੇ ਵਿਚ ਨਿਵੇਸ਼ ਦਾ ਘਟਣਾ, ਛੋਟੇ ਤੇ ਦਰਮਿਆਨੇ ਕਿਸਾਨਾਂ ਦਾ ਲਗਾਤਾਰ ਹਾਸ਼ੀਏ ਵੱਲ ਧੱਕਿਆ ਜਾਣਾ ਆਦਿ ਹਨ। ਅਜਿਹੇ ਹਾਲਾਤ ਵਿਚ ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ।

**ਕਿਸਾਨ ਮਨੋਰਥ ਪੱਤਰ**

ਹੁਣ ਅਸੀਂ ਉਨਾਂ ਮੁੱਦਿਆਂ ਦੀ ਗੱਲ ਕਰਦੇ ਹਾਂ ਜਿਹੜੇ ਸਾਰੀਆਂ ਕਿਸਾਨ ਜੱਥੇਬੰਦੀਆਂ 'ਕਿਸਾਨ ਮਨੋਰਥ ਪੱਤਰ' ਵਿਚ ਸ਼ਾਮਿਲ ਕਰ ਸਕਦੀਆਂ ਹਨ। ਇਸ ਮਨੋਰਥ ਪੱਤਰ ਵਿਚ ਉਹ ਸਾਰੇ ਮੁੱਦੇ ਹੋਣੇ ਚਾਹੀਦੇ ਹਨ ਜਿਨਾਂ ਨਾਲ ਕਿਸਾਨੀ ਧੰਦੇ ਜਿਹੜਾ ਮੁਲਕ ਦੇ ਅਰਥਚਾਰੇ, ਸਮੁੱਚੇ ਕੌਮੀ ਵਿਕਾਸ, ਸਿਆਸੀ ਸਥਿਰਤਾ ਅਤੇ ਸਮੁੱਚੀ ਜਨਤਾ ਲਈ ਖਾਣ ਵਾਲਾ ਅਨਾਜ ਪੈਦਾ ਕਰਦਾ ਹੈ, ਨੂੰ ਲਾਹੇਵੰਦ ਬਣਾਇਆ ਜਾ ਸਕੇ ਤੇ ਬਾਬੇ ਨਾਨਕ ਦੇ ਕਹੇ ਕਥਨ 'ਉੱਤਮ ਖੇਤੀ' ਨੂੰ ਪਰਿਭਾਸ਼ਤ ਕਰਦਾ ਹੋਵੇ। ਮੌਜੂਦਾ ਸੰਘਰਸ਼ ਦੇ ਕੇਂਦਰ ਬਿੰਦੂ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਸਾਰੀਆਂ ਫ਼ਸਲਾਂ ਦੀ ਖਰੀਦ ਸਮਰਥਨ ਮੁੱਲ ਅਨੁਸਾਰ ਯਕੀਨੀ ਬਣਾਉਣ ਤੋਂ ਇਲਾਵਾ ਜਿਹੜੇ ਮੁੱਦੇ ਕਿਸਾਨੀ ਨੂੰ ਪ੍ਰਭਾਵਿਤ ਕਰਦੇ ਹਨ, ਉਨਾਂ ਵਿਚੋਂ ਜ਼ਿਆਦਾ ਜ਼ੋਰ ਛੋਟੇ ਤੇ ਮਾਮੂਲੀ ਕਿਸਾਨਾਂ ਦੇ ਹਿੱਤ ਵਿਚ ਨੀਤੀਆਂ ਬਣਾਉਣ 'ਤੇ ਆਧਾਰਿਤ ਹੋਣਾ ਚਾਹੀਦਾ ਹੈ, ਕਿਉਂਕਿ ਉਨਾਂ ਦੀਆਂ ਸਮੱਸਿਆਵਾਂ ਦਰਮਿਆਨੇ ਅਤੇ ਵੱਡੇ ਕਿਸਾਨਾਂ ਤੋਂ ਜ਼ਿਆਦਾ ਗੁੰਝਲਦਾਰ ਹਨ। ਕਾਸ਼ਤਕਾਰੀ ਵਰਗ ਵਿਚ ਇਨਾਂ ਕਿਸਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕਿਸਾਨੀ ਸੇਵਾਵਾਂ ਦੇ ਨਿੱਜੀਕਰਨ ਕਰਨ ਨਾਲ ਇਹ ਕਿਸਾਨ ਵਰਗ ਹਾਸ਼ੀਏ ਵੱਲ ਜ਼ਿਆਦਾ ਧੱਕਿਆ ਜਾ ਰਿਹਾ ਹੈ। ਖੇਤੀਬਾੜੀ ਭਾਵੇਂ ਰਾਜ ਦਾ ਵਿਸ਼ਾ ਹੈ ਪਰ ਰਾਜ ਸਰਕਾਰਾਂ ਕੋਲ ਖੇਤੀਬਾੜੀ ਦੇ ਖਰਚ ਕਰਨ ਲਈ ਲੋੜੀਂਦੇ ਸਾਧਨ ਨਹੀਂ ਹਨ। ਦਰਾਮਦ-ਬਰਾਮਦ ਅਤੇ ਵਪਾਰ ਨਾਲ ਸਬੰਧਿਤ ਸਾਰੀਆਂ ਨੀਤੀਆਂ ਕੇਂਦਰ ਸਰਕਾਰ ਦੇ ਹੱਥ ਵਿਚ ਹਨ ਜਿੱਥੇ ਕਿਸਾਨਾਂ ਦੀ ਆਵਾਜ਼ ਕਮਜ਼ੋਰ ਹੈ। ਖੇਤੀਬਾੜੀ ਨੂੰ ਪੁਨਰ ਜਾਗ੍ਰਿਤ ਕਰਨ ਲਈ ਨੀਤੀਆਂ ਅਤੇ ਨਿਰਦੇਸ਼ਾਂ ਦੀ ਜ਼ਰੂਰਤ ਹੈ। ਇਸ ਲਈ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਤੋਂ ਕਿਸਾਨਾਂ ਦੇ ਕਰਜ਼ੇ ਦੇ ਭਾਰ ਨੂੰ ਖਤਮ ਕਰਨ ਲਈ ਅਚੇਤ ਖਰਚਾ ਯੋਜਨਾ ਬਣਾਉਣ ਲਈ ਮਜਬੂਰ ਕਰਨਾ ਪਵੇਗਾ। ਕਿਸਾਨਾਂ ਦੀ ਹਾਲਤ ਸੁਧਾਰਨ ਅਤੇ ਖੇਤੀਬਾੜੀ ਨੂੰ ਪੁਨਰ ਜਾਗਰਿਤ ਕਰਨ ਲਈ ਸਰਕਾਰ ਦੇ ਬਜਟ ਵਿਚ ਵੱਡੇ ਹੁਲਾਰੇ ਦੀ ਲੋੜ ਹੈ। ਚੰਗੇ ਜਨਤਕ ਢਾਂਚੇ ਅਤੇ ਸਮਾਜਿਕ ਸੁਰੱਖਿਆ ਸਹਾਇਤਾ (ਜਿਸ ਵਿਚ ਪੜਾਈ, ਸਿਹਤ, ਬਜ਼ੁਰਗਾਂ ਦੀ ਸਹਾਇਤਾ ਅਤੇ ਗੈਰ-ਖੇਤੀਬਾੜੀ ਰੁਜ਼ਗਾਰ ਵਿਚ ਵਾਧਾ ਸ਼ਾਮਿਲ ਹੈ) ਤੋਂ ਬਿਨਾ ਕਿਸਾਨਾਂ ਦਾ ਜਿਊਣਾ ਮੁਸ਼ਕਿਲ ਹੈ। ਕਿਸਾਨਾਂ ਦੀਆਂ ਇਨਾਂ ਵੱਡੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਸਾਂਝਾ ਮਨੋਰਥ ਪੱਤਰ ਤਿਆਰ ਅਤੇ ਲਾਗੂ ਕਰਵਾਉਣ ਲਈ ਯਤਨ ਤੇਜ਼ ਕਰਨ ਦੀ ਲੋੜ ਹੈ।

ਮੌਜੂਦਾ ਕਿਸਾਨੀ ਸੰਘਰਸ਼ ਵਿਚ ਉਹ ਸਾਰੀਆਂ ਸਮਰੱਥਾਵਾਂ ਹਨ ਜਿਸ ਨਾਲ ਕਿਸਾਨ ਜਥੇਬੰਦੀਆਂ ਆਪਣੇ ਏਕੇ ਦੇ ਬਲ ਅਤੇ ਸੋਚ ਸਮਝ ਨਾਲ ਮੁਲਕ ਦੀ ਸਿਆਸਤ ਨੂੰ ਕਿਸਾਨ ਅਤੇ ਲੋਕ ਪੱਖੀ ਬਣਾ ਸਕਦੇ ਹਨ। ਇਸ ਵਾਸਤੇ ਸਾਂਝੀ ਰਣਨੀਤੀ ਦੀ ਜ਼ਰੂਰਤ ਹੈ ਪਰ ਸਭ ਤੋਂ ਜ਼ਰੂਰੀ ਏਕਾ ਅਤੇ ਆਪਸੀ ਸਹਿਮਤੀ ਦੇ ਆਧਾਰ 'ਤੇ ਕੀਤੇ ਫ਼ੈਸਲਿਆਂ 'ਤੇ ਪਹਿਰਾ ਦੇਣਾ ਹੈ। ਇਸ ਸਮੇਂ ਕੇਵਲ ਭਾਰਤ ਦੇ ਕਿਸਾਨ ਹੀ ਨਹੀਂ ਬਲਕਿ ਸਾਰੀ ਦੁਨੀਆ ਦੇ ਲੋਕ ਇਸ ਅੰਦਲੋਨ ਰਾਹੀਂ ਭਾਰਤੀ ਲੋਕਤੰਤਰ ਨੂੰ ਨਵੇਂ ਰੂਪ ਵਿਚ ਪਰਿਭਾਸ਼ਿਤ ਹੁੰਦਾ ਦੇਖ ਰਹੇ ਹਨ। ਕਾਹਲੀ ਵਿਚ ਜਾਂ ਆਪਣੇ ਤੌਰ 'ਤੇ ਕਿਸੇ ਵੀ ਧਿਰ ਵੱਲੋਂ ਕੀਤਾ ਸਿਆਸੀ ਫ਼ੈਸਲਾ ਜਾਂ ਪੈਂਤੜਾ ਇਸ ਕਿਸਾਨੀ ਸੰਘਰਸ਼ ਲਈ ਮੁਸ਼ਕਿਲਾਂ ਪੈਦਾ ਕਰ ਸਕਦਾ ਹੈ।

## ਹੁਣ ਜੋੜੀਆਂ 'ਉੱਪਰੋਂ'...

ਸਾਰੇ ਤਾਂ ਵਿਦੇਸ਼ ਜਾ ਬੈਠਣਗੇ। ਸੂਝਵਾਨਾਂ ਨੇ ਤਾਂ ਆਪਣੇ ਬੱਚੇ ਪੀ.ਆਰ. ਕਰਵਾ ਕੇ ਆਪਣੀ ਸਾਰੀ ਜ਼ਮੀਨ ਵਿਕਾਊ ਕਰ ਛੱਡੀ ਹੈ। ਖਰੀਦਣ ਵਾਲੇ ਤਾਂ ਅੱਜ ਨਹੀਂ ਲੱਭਦੇ, ਫਿਰ ਉਦੋਂ ਕਿਸ ਨੇ ਬਹੁੜਨਾ ਹੈ? ਸੋਚਣ ਵਾਲੀ ਗੱਲ ਹੈ। ਭਰਾਵੋ ਅੱਜ ਹੀ ਸੰਭਲ ਜਾਓ, ਸਮਾਂ ਕਿਸੇ ਦਾ ਰੋਕਿਆ ਨਹੀਂ ਰੁਕਦਾ। ਆਪਣੀ ਮਸਤ ਚਾਲ ਚਲਦਾ ਹੀ ਰਹਿੰਦਾ ਹੈ।

ਇਨਾਂ ਆਈਲੈਟਸ ਸੈਂਟਰਾਂ ਵਾਲੇ ਵਿਚੋਲਿਆਂ ਰਾਹੀਂ ਬੈਂਡਾਂ ਵਾਲੀਆਂ ਕੁੜੀਆਂ ਨਾਲ ਸੌਦੇਬਾਜ਼ੀ ਛੱਡ ਕੇ ਆਪਣੇ ਕਾਕਿਆਂ ਨੂੰ ਸਭ ਤੋਂ ਪਹਿਲਾਂ ਨੈਤਿਕਤਾ ਦਾ ਪਾਠ ਪੜਾਉਣ ਲਈ ਚਾਰਾਜੋਈ ਕੀਤੀ ਜਾਣੀ ਚਾਹੀਦੀ ਹੈ, ਆਈਲੈਟਸ ਦੇ ਬੈਂਡ ਤਾਂ ਆਪਣੇ ਆਪ ਹੀ ਭੱਜੇ ਆਉਣਗੇ। ਨਹੀਂ ਤਾਂ ਫਿਰ ਲਵਪ੍ਰੀਤ ਵਾਂਗ ਹੀ ਘਟਨਾਵਾਂ ਵਾਪਰਨਗੀਆਂ।

## ਸੇਲ... ਸੇਲ... ਸੇਲ

'ਸਰ ਜੀ, ਮੈਂ ਤਾਂ ਵੈਸੇ ਹੀ ਕਹਿ ਰਿਹਾ ਸੀ ਕਿ ਚਲੋ ਰਚਨਾਵਾਂ ਪੜ ਕੇ ਪਤਾ ਲੱਗ ਜਾਂਦਾ ਹੈ ਉਨਾਂ ਦੀ ਲੇਖਣੀ ਦਾ, ਉਨਾਂ ਦੇ ਵਿਚਾਰਾਂ ਦਾ। ਹੋਰ ਕੋਈ ਗੱਲ ਨਹੀਂ ਸੀ,' ਮੈਂ ਕਿਹਾ।

'ਵੈਸੇ ਏਡੀ ਵੱਡੀ ਕੀ ਮਜਬੂਰੀ ਹੋ ਗਈ ਜੀ ਸਰ ਜੋ ਤੁਸੀਂ ਰਚਨਾਵਾਂ ਸਾਂਝੀਆਂ ਨਹੀਂ ਕਰ ਰਹੇ।' ਉਹਨੇ ਕੁਝ ਸੋਚ ਕੇ ਜਵਾਬ ਦਿੰਦਿਆਂ ਕਿਹਾ, 'ਗਿੱਲ ਬਾਈ, ਅਸਲ ਗੱਲ ਇਹ ਹੈ ਕਿ ਇਹ ਆਪਣਾ ਤੀਜਾ ਮੁਕਾਬਲਾ ਸੀ, ਪਹਿਲੇ ਦੋ ਮੁਕਾਬਲਿਆਂ ਵਿੱਚ ਮੇਰੇ ਇਲਾਕੇ ਦੇ ਹੀ ਕੁਝ ਕੁ ਸਾਹਿਤਕਾਰਾਂ ਨੇ ਭਾਗ ਲਿਆ ਸੀ, ਪਰ ਇਸ ਵਾਰ ਪੰਜਾਬ ਤੋਂ ਹੀ ਨਹੀਂ ਸਗੋਂ ਵਿਦੇਸ਼ਾਂ ਤੋਂ ਕੁਝ ਨਵੇਂ ਪੁਰਾਣੇ ਲੇਖਕਾਂ ਨੇ ਵੀ ਭਾਗ ਲਿਆ।'

'ਇਹ ਤਾਂ ਬਹੁਤ ਖ਼ੁਸ਼ੀ ਦੀ ਗੱਲ ਹੈ ਜੀ,' ਮੈਂ ਉਹਦੀ ਗੱਲ ਨੂੰ ਕੱਟਦਿਆਂ ਕਿਹਾ।

'ਹਾਂ ਜੀ ਬਾਈ, ਏਸੇ ਲਈ ਆਪਾਂ ਇਸ ਵਾਰ ਕੁਝ ਨਵੇਂ ਕੁੜੀਆਂ ਮੁੰਡਿਆਂ ਦੀਆਂ ਕਵਿਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਨਤੀਜਾ ਕੱਢਿਆ ਤਾਂ ਜੋ ਉਨਾਂ ਨੂੰ ਹੌਂਸਲਾ ਮਿਲੇ ਤੇ ਉਨਾਂ ਨੂੰ ਉਤਸ਼ਾਹਿਤ ਕਰਕੇ ਸਾਹਿਤ ਵਾਲੇ ਪਾਸੇ ਜੋੜਿਆ ਜਾ ਸਕੇ। ਏਸੇ ਲਈ ਮੈਂ ਉਨਾਂ ਦੀਆਂ ਕਵਿਤਾਵਾਂ ਗਰੁੱਪ ਵਿੱਚ ਨਹੀਂ ਭੇਜੀਆਂ,' ਉਹਨੇ ਕਾਰਨ ਦੱਸਦਿਆਂ ਕਿਹਾ।

'ਪਰ ਸਰ, ਰਚਨਾਵਾਂ ਭੇਜਣ ਨਾਲ ਕੀ ਹੁੰਦਾ ਸੀ, ਬਾਕੀ ਵੀ ਪੜ ਲੈਂਦੇ,' ਮੈਂ ਫਿਰ ਕਿਹਾ।

'ਬਾਈ ਜੇਤੂਆਂ ਵਿੱਚ ਸੱਤ ਕੁੜੀਆਂ ਨੇ ਤੇ ਦੋ ਮੁੰਡੇ। ਇੱਕ ਮੁੰਡਾ ਆਪਣਾ ਰਿਸ਼ਤੇਦਾਰ ਹੈ ਪਹਿਲੀ ਵਾਰ ਕੁਝ ਲਿਖਿਆ ਸੀ ਤੇ ਦੂਜਾ ਵੀ ਦੋਸਤ ਹੈ। ਕੁੜੀਆਂ ਵਿੱਚੋਂ ਦੋ ਨੇ ਪਹਿਲੀ ਵਾਰ ਕਿਸੇ ਮੁਕਾਬਲੇ ਵਿੱਚ ਭਾਗ ਲਿਆ ਸੀ ਤੇ ਇੱਕ ਕੁੜੀ ਮੇਰੀ ਖ਼ਾਸ ਹੈ, ਬਾਕੀ ਚਾਰ ਦਾ ਨਤੀਜਾ ਬਿਲਕੁਲ ਸਹੀ ਹੈ ਉਨਾਂ ਦੀਆਂ ਕਿਤਾਬਾਂ ਵੀ ਆ ਚੁੱਕੀਆਂ ਨੇ। ਹੁਣ ਤਾਂ ਤੁਸੀਂ ਮੇਰੀ ਗੱਲ ਨੂੰ ਸਮਝ ਹੀ ਗਏ ਹੋਵੋਗੇ। ਇਸ ਨਾਲ ਨਵਿਆਂ ਨੂੰ ਉਤਸ਼ਾਹ ਮਿਲੇਗਾ ਤੇ ਉਹ ਮੁਕਾਬਲੇ ਵਿੱਚ ਭਾਗ ਲੈਂਦੇ ਮਾਂ ਬੋਲੀ ਦੀ ਸੇਵਾ ਕਰਨਗੇ,' ਉਹਨੇ ਜੇਤੂਆਂ ਬਾਰੇ ਦੱਸਦਿਆਂ ਕਿਹਾ।

ਉਹਦੀ ਗੱਲ ਸੁਣ ਕੇ ਮੈਂ ਚੁੱਪ ਹੋ ਗਿਆ। ਮੇਰਾ ਕੁਝ ਹੋਰ ਕਹਿਣ ਦਾ ਮਨ ਹੀ ਨਾ ਹੋਇਆ। ਮੈਂ 'ਠੀਕ ਹੈ' ਕਿਹਾ ਤੇ ਫੋਨ ਕੱਟ ਦਿੱਤਾ। ਪਰ ਜਦ ਮੈਂ ਉਸ ਗਰੁੱਪ ਨੂੰ ਖੋਲ ਵੇਖਣ ਲੱਗਾ ਤਾਂ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਮੈਂ ਕਿਸੇ ਮੰਡੀ ਵਿੱਚ ਫਿਰਦਾ ਹੋਵਾਂ ਤੇ ਚਾਰੇ ਪਾਸੇ ਤੋਂ ਆਵਾਜ਼ਾਂ ਆ ਰਹੀਆਂ ਹੋਣ ਸੇਲ... ਸੇਲ... ਸੇਲ...। ਪੱਤਰਕਾਰੀ ਤੇ ਆਨਲਾਈਨ ਸਨਮਾਨ ਪੱਤਰਾਂ ਦੀ ਭਾਰੀ ਸੇਲ, ਲੈ ਜਾਵੋ ਸਸਤੇ ਭਾਅ, ਬਣ ਜਾਵੋ ਪੱਤਰਕਾਰ ਤੇ ਲੇਖਕ। ਇਨਾਂ ਆਵਾਜ਼ਾਂ ਤੋਂ ਬਚਣ ਲਈ ਮੈਂ ਫੋਨ ਨੂੰ ਪਾਸੇ ਰੱਖ ਉਸ ਸੰਪਾਦਕ ਬਾਰੇ ਸੋਚਣ ਲੱਗਾ। ਮੈਨੂੰ ਉਸ ਵਿੱਚ ਤੇ ਮੁਕਾਬਲਾ ਕਰਵਾ ਰਹੇ ਲੇਖਕ ਵਿੱਚ ਕੋਈ ਫ਼ਰਕ ਨਹੀਂ ਲੱਗਿਆ ਸਗੋਂ ਦੋਵੇਂ ਹੀ ਕਿਸੇ ਮੰਡੀ ਦੇ ਵਪਾਰੀ ਮਹਿਸੂਸ ਹੋਏ। ਮੈਂ ਫੋਨ ਚੁੱਕਿਆ ਤੇ ਗਰੁੱਪ ਨੂੰ ਛੱਡ ਕੇ ਗਰੁੱਪ ਨੂੰ ਡਿਲੀਟ ਕਰ ਗਹਿਰੀ ਸੋਚ ਤੇ ਚਿੰਤਾ ਵਿੱਚ ਡੁੱਬ ਗਿਆ।

## ਸ੍ਰੀ ਹਰਿਕ੍ਰਿਸ਼ਨ ਧਿਆਈਐ...

ਇੱਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਾਤਾ ਜੀ ਤੇ ਸੰਗਤਾਂ ਨੂੰ ਦੱਸਿਆ ਕਿ ਉਨਾਂ ਦਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਫਿਰ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਮੇਰੇ ਪਿੱਛੋਂ ਕਿਸੇ ਨੇ ਰੋਣਾ ਨਹੀਂ, ਸਗੋਂ ਭਾਣੇ ਵਿੱਚ ਰਹਿ ਕੇ ਪ੍ਰਮਾਤਮਾ ਦਾ ਸਿਮਰਨ ਤੇ ਕੀਰਤਨ ਕਰਨਾ ਹੈ। ਅੰਤ, ਸਿੱਖ ਸੰਗਤਾਂ ਨੂੰ 'ਬਾਬਾ ਬਕਾਲੇ' ਦਾ ਸੰਕੇਤ ਦੇ ਕੇ ਆਪ 'ਜਿਉ ਜਲ ਮਹਿ, ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ, ਜੋਤਿ ਸਮਾਨਾ॥' (ਮ: ੫/੨੭੮) ਗੁਰਵਾਕ ਅਨੁਸਾਰ 30 ਮਾਰਚ 1664 ਈ. (੩ ਵਿਸਾਖ 1721 ਬਿ.) ਨੂੰ ਜੋਤੀ ਜੋਤ ਸਮਾ ਗਏ।

ਗੁਰੂ ਜੀ ਦਾ 'ਬਾਬਾ ਬਕਾਲੇ' ਦੇ ਸ਼ਬਦਾਂ ਵਿੱਚ ਬਹੁਤ ਡੂੰਘਾ ਰਹੱਸ ਤੇ ਗਹਿਰੀ ਰਮਜ਼ ਸੀ। ਗੁਰੂ ਜੀ ਨੇ 'ਬਾਬਾ' ਇਸ ਲਈ ਕਿਹਾ ਕਿਉਂਕਿ ਗੁਰਗੱਦੀ ਦੇ ਜ਼ਿੰਮੇਵਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਸਨ, ਜੋ ਅਠਵੇਂ ਪਾਤਸ਼ਾਹ ਦੇ ਰਿਸ਼ਤੇ ਵਿੱਚ ਬਾਬਾ ਜੀ ਲਗਦੇ ਸਨ। 'ਬਕਾਲੇ' ਦਾ ਭਾਵ ਹੈ ਪਿੰਡ ਦਾ ਨਾਂ ਬਕਾਲਾ। ਵਿਦਵਾਨਾਂ ਦੀ ਰਾਇ ਹੈ ਕਿ ਬਾਲਾ-ਪ੍ਰੀਤਮ ਗੁਰੂ ਸਿੱਖਾਂ ਦੀ ਪਰਖ ਕਰਨੀ ਚਾਹੁੰਦੇ ਸਨ ਕਿ ਕੀ ਉਨਾਂ ਵਿੱਚ ਦੰਭ ਤੇ ਪਾਖੰਡ ਵਿੱਚੋਂ ਸੱਚ ਦੀ ਪਛਾਣ ਕਰਨ ਦੀ ਸੂਝ ਆ ਗਈ ਹੈ ਅਤੇ ਕੀ ਉਹ ਸੱਚੇ ਗੁਰੂ ਨੂੰ ਪਛਾਨਣ ਯੋਗ ਹੋ ਗਏ ਹਨ? ਸਿੱਖ ਇਤਿਹਾਸ ਗਵਾਹ ਹੈ ਕਿ ਬਕਾਲੇ ਦੇ ਸਥਾਨ 'ਤੇ ਇਹ ਪਰਖ ਪੂਰੀ ਹੋਈ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੇਂ ਗੁਰੂ ਦੇ ਰੂਪ ਵਿੱਚ ਪਰਗਟ ਹੋਏ। ਭਾਈ ਮੱਖਣ ਸ਼ਾਹ ਨੇ ਸੱਚੇ ਗੁਰੂ ਨੂੰ ਲੱਭਣ ਉਪਰੰਤ ਕੋਠੇ 'ਤੇ ਚੜ ਕੇ 'ਲਾਧੋ ਰੇ, ਗੁਰ ਲਾਧੋ ਰੇ' ਦਾ ਹੋਕਾ ਦਿੱਤਾ। ਸਿੱਖ ਸੰਗਤਾਂ ਨੂੰ ਅਥਾਹ ਖੁਸ਼ੀ ਹੋਈ ਕਿ ਸੱਚ ਉਜਾਗਰ ਹੋ ਗਿਆ ਹੈ ਤੇ ਉਨਾਂ ਦੀ ਬਾਂਹ ਫੜਨ ਵਾਲਾ ਮਿਲ ਗਿਆ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਵਿਲੱਖਣ ਸ਼ਖ਼ਸੀਅਤ : ਸਿੱਖ ਗੁਰੂ ਪਰੰਪਰਾ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਹਾਨ ਸ਼ਖ਼ਸੀਅਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਰੱਬੀ ਜੋਤਿ ਦੀ ਨਦਰਿ ਇੱਕ ਬਾਲਕ ਨੂੰ ਵੀ ਇਲਾਹੀ ਜੋਤਿ ਦਾ ਵਾਰਸ ਬਣਾ ਸਕਦੀ ਹੈ।

ਭਾਈ ਨੰਦ ਲਾਲ ਜੀ ਦੀਆਂ ਨਜ਼ਰਾਂ ਵਿੱਚ : ਗੁਰੂ ਹਰਿਕਿਸ਼ਨ ਆਂ ਹਮਾਂ ਫਜਲੋ ਜੂਦ। ਹਕਸ਼ ਅਜ਼ ਹਮਾਂ ਖ਼ਾਸਗਾਂ ਬਰ ਸਤੂਦ। ਮਿਆਨਿ ਹੱਕ ਵਓ ਫ਼ਸਾਲ-ਉਲ ਵਰੱਕ। ਵਜੂਦਸ਼ ਹਮਾਂ ਫ਼ਸਲੋ ਅਫ਼ਜਾਲਿ ਹੱਕ। ਹਮਾਂ ਸਾਇਲਿ ਲੁਤਫ਼ਿ ਹੱਕ ਪਰਵਰਸ਼। ਜ਼ਮੀਨੋ ਜ਼ਮਾਂ ਜੁਮਲਾ ਫ਼ਰਮਾ ਬਰਸ਼। ਤੁਫ਼ੈਦਸ਼ ਦੁ ਆਲਮ ਬਵਦ ਕਾਮਯਾਬ। ਅਜ਼ੋ ਗਸ਼ਤਾ ਹਰ ਜ਼ੱਰਰਾ ਖ਼ੁਰਸ਼ੈਦ ਤਾਬ।

ਅਰਥਾਤ : ਪਿਆਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਪਮਾ ਅਪਰ ਅਪਾਰ ਹੈ- ਉਹ ਬਖਸ਼ਿਸ਼ਾਂ ਦੇ ਭੰਡਾਰੇ ਤੇ ਦਾਤਾਂ ਵੰਡਣ ਵਾਲੇ ਹਨ। ਧਰਤੀ, ਅਕਾਸ਼, ਸੂਰਜ, ਚੰਦ ਤੇ ਤਾਰਿਆਂ ਦੇ ਮਾਲਕ ਆਪ ਨਿਰੰਕਾਰ ਹਨ। ਜਿਸ 'ਤੇ ਉਨਾਂ ਦੀ ਸੁਵੱਲੀ ਨਜ਼ਰ ਹੋ ਜਾਂਦੀ ਹੈ, ਉਸ ਦੇ ਲੋਕ-ਪਰਲੋਕ ਸੁਧਰ ਜਾਂਦੇ ਹਨ।

'ਮਹਿਮਾ ਪ੍ਰਕਾਸ਼' ਦਾ ਕਰਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਉਪਮਾ ਇਨਾਂ ਸ਼ਬਦਾਂ ਵਿੱਚ ਕਰਦਾ ਹੈ : 'ਮਨ ਇਛਿਆ ਧਰ ਦਰਸਨ ਜੋ ਕਰੇ। ਪਾਏ ਪਦਾਰਥ ਪੂਰੀ ਪਰੇ। ਲੀਲਾ ਸਮੇ ਦਰਸਨ ਜੋ ਕਰੇ। ਅਰਥ ਪਰਮਾਰਥ ਜੋ ਮਨ ਧਰੇ। ਗੁਰ ਅੰਤਰਜਾਮੀ ਸਭ ਕੀ ਜਾਨੇ। ਕਰ ਕਿਰਪਾ ਕਰ ਬਚਨ ਬਖਾਨੇ। ਤਾਤਕਾਲ ਪੂਰਨ ਹੋਇ ਆਸ। ਅਦਭੁਤ ਲੀਲਾ ਪਰਮ ਬਿਲਾਸ।'

ਭਾਈ ਸੰਤੋਖ ਸਿੰਘ ਜੀ ਨੇ ਅਠਵੇਂ ਪਾਤਸ਼ਾਹ ਦੀ ਉਸਤਤੀ ਕਰਦਿਆਂ ਲਿਖਿਆ ਹੈ : 'ਸੁੰਦਰ ਸੂਰਤਿ ਮਾਧੁਰੀ ਮੂਰਤਿ, ਪੂਰਤਿ ਕਾਮਨਾ ਸਿਖਯਨ ਕੀ। ਸ਼ਾਂਤੀ ਸਰੂਪ ਧਰੇ ਪ੍ਰਭੁ ਪੂਬ, ਆਠਮ ਦੇਹਿ ਸੁ ਨੌਤਨ ਕੀ। ਜਯੋ ਮਹਿਪਾਲਕ ਪੋਸ਼ਿਸ਼ ਕੋ ਤਜਿ, ਪੈ ਪਹਿਰੈ ਹਿਤ ਭਾਤਨ ਕੀ। ਸ੍ਰੀ ਹਰਿ ਕ੍ਰਿਸ਼ਨ ਤਥਾ ਦੁਤ ਪਾਤ, ਸੰਗਤਿ ਪ੍ਰੀਤਿ ਕਰੇ ਮਨ ਕੀ। ਦੁਖ ਹਰਿ ਲੇਤ, ਸੁਖ ਬਾਂਛਤ ਕੋ ਦੇਤਿ ਗੁਰ, ਸਤਿਨਾਮ ਹੇਤੁ ਲਾਇ ਚੇਤਨਾ ਚਿਤਾਵਈ। ਮਨ ਕੇ ਬਿਕਾਰ ਨਾਸ ਕਰੇ ਏਕ ਬਾਰ ਗਨ, ਧੀਰਜ ਧਰਮ ਦਯਾ ਗੁਨ ਕੋ ਬਧਾਵਈ। ਸਮਤਾ ਸੰਤੋਖ, ਸੰਤੋਖ ਸਿੰਘ ਰਿਦੇ ਬਾਸ, ਸਿਖੀ ਕੋ ਪ੍ਰਕਾਸ਼ ਨੀਕੋ ਸੁਗਮ ਬਤਾਵਈ। ਜਾਨ ਸਿਖ ਆਪਨੇ ਹਰਤਿ ਤੀਨੋ ਤਾਪ ਨੇ, ਬਿਨਾ ਹੀ ਤਪ ਤਾਪਨੋ ਸੁ ਫਲ ਮਹਾਂ ਪਾਵਈ।' (ਸੂਰਜ ਪ੍ਰਕਾਸ਼, ਰਾਸਿ ੧੦:੨੮)

ਗਿ. ਸੰਤੋਖ ਸਿੰਘ ਆਨੰਦਪੁਰੀ ਨੇ ਬਾਲ ਗੁਰੂ ਦੀ ਅਨੂਪਮ ਸ਼ਖ਼ਸੀਅਤ ਦਾ ਸ਼ਬਦ-ਚਿਤ੍ਰਣ ਇਉਂ ਕੀਤਾ ਹੈ :

'ਸੂਰਜ ਵੱਤ ਝਿਲਮਿਲ ਝਲਕਦਾ, ਚੰਦਰਮਾ ਵੱਤ ਸੀਤਲਾਇ। ਮੁਸਕਾਏ ਖਿੜੇ ਗੁਲਾਬ ਜਿਉਂ, ਚੌਤਰਫ ਸੁਗੰਧ ਫੈਲਾਇ। ਗੁਰੂ ਜਿਤ ਵੱਲ ਤੱਕੇ ਦਯਾ ਧਾਰ, ਦੁੱਖ ਦਰਿੱਦਰ ਦਰਦ ਵੰਞਾਇ। ਲਘੂ ਆਯੂ, ਬੁੱਧਿ ਬਲਵਾਨ ਹੈ, ਸਭ ਸੰਗਤ ਸੀਸ ਨਿਵਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ॥'

ਸਿੱਖਾਂ ਦੀ ਨਿੱਤ ਦੀ ਅਰਦਾਸ 'ਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ 'ਧਿਆਈਐ' ਅਤੇ 'ਡਿਠੇ ਸਭਿ ਦੁਖਿ ਜਾਇ' ਦੋ ਪਦ ਜੋੜ ਕੇ ਉਨਾਂ ਦੀ ਬਲਬੀਰ ਤੇ ਸਿਰਜਨਾਤਮਿਕ ਸ਼ਖ਼ਸੀਅਤ ਦੀ ਜੋ ਮਹਿਮਾ ਗਾਇਨ ਕੀਤੀ ਹੈ, ਜੇ ਸਮੁੱਚੀ ਮਾਨਸ ਜਾਤਿ ਉਸ ਮਹਿਮਾ ਗਾਇਨ ਵਿੱਚ ਇਕ-ਸੁਰ ਹੋ ਸਕੇ ਤਾਂ ਨਿਸ਼ਚੇ ਹੀ ਸਭ ਦੁੱਖ ਦੂਰ ਹੋ ਜਾਣਗੇ।

## ਮਿੱਠੀ ਯਾਦ: ਅਕਬਰ...

ਇਸ ਪਿੰਡ ਦੀ ਮੁਹੱਬਤ ਦੀ ਖਾਤਿਰ ਜਾਨ ਖਤਰੇ ਵਿੱਚ ਪਾ ਕੇ ਆਉਂਦਾ ਹਾਂ।'

ਮੇਰੇ ਬਾਪ ਨਾਲ ਉਹਦੀ ਬਹੁਤ ਬਣਦੀ ਸੀ। ਉਹ ਮੇਰੇ ਬਾਪ ਤੋਂ ਫੌਜੀਆਂ ਦੀਆਂ ਗੱਲਾਂ ਸੁਣਦਾ। ਕਦੇ 1971 ਦੀ ਜੰਗ ਦੀਆਂ ਗੱਲਾਂ ਕਰਦਾ। ਫਿਰ ਉਹ ਫਿਕਰ ਵਿੱਚ ਡੁੱਬ ਕੇ ਆਖਦਾ, 'ਮੈਂ ਜਦ ਤਕ ਵਤਨ ਵਾਪਸ ਨਹੀਂ ਪਰਤਦਾ ਫੌਜੀ ਸਾਹਬ, ਮੇਰਾ ਪਰਿਵਾਰ ਫਿਕਰ ਵਿੱਚ ਰਹਿੰਦਾ ਹੈ। ਤੁਸੀਂ ਪੰਜਾਬੀ ਮੈਨੂੰ ਬਹੁਤ ਪਿਆਰ ਦਿੰਦੇ ਹੋ। ਮੈਂ ਤੁਹਾਡੇ ਅਤੇ ਪਿੰਡ ਦੇ ਨਗਰ ਨਿਵਾਸੀਆਂ ਦੇ ਕੁਰਬਾਨ ਹਾਂ। ... ਮੈਨੂੰ ਨਹੀਂ ਪਤਾ ਸਰਕਾਰਾਂ ਦੀ ਕੀ ਨੀਤੀ ਹੈ ਪਰ ਮੈਨੂੰ ਪੰਜਾਬ ਨਾਲ ਮੁਹੱਬਤ ਹੈ। ... ਅਸੀਂ ਕਸ਼ਮੀਰ ਵਿੱਚ ਸਾਰੇ ਰਲ ਕੇ ਰਹਿੰਦੇ ਹਾਂ ਪਰ ਅਖਬਾਰ ਤੇ ਟੀ ਵੀ ਕੁਝ ਹੋਰ ਦੱਸ ਰਹੇ ਹਨ।' ਉਹ ਮਨੁੱਖਤਾ ਦੀ ਗਵਾਹੀ ਭਰ ਕੇ ਆਖਦਾ।

ਭਾਵੇਂ ਪੰਜਾਬ ਤੋਂ ਆਈ ਨੂੰ ਮੈਨੂੰ ਤੀਹ ਵਰੇ ਹੋ ਗਏ ਹਨ, ਮੈਂ ਅੱਜ ਤੀਕ ਆਪਣੀਆਂ ਸੋਚਾਂ ਵਿੱਚੋਂ ਅਕਬਰ ਰਾਸ਼ੇ ਨੂੰ ਵੱਖ ਨਹੀਂ ਕਰ ਸਕੀ। ਉਹਦੀਆਂ ਦਿੱਤੀਆਂ ਕਸ਼ਮੀਰ ਦੀਆਂ ਸੌਗਾਤਾਂ ਨੂੰ ਭੁੱਲ ਨਹੀਂ ਸਕੀ। ਉਹ ਕਸ਼ਮੀਰ, ਕਸ਼ਮੀਰ ਵਾਸੀਆਂ ਦਾ ਸਾਂਝਾ ਭਰਿਆ ਪੈਗਾਮ ਸੀ। ਉਹ ਕਸ਼ਮੀਰ ਦਾ ਡਾਕੀਆ ਸੀ, ਜਿਹੜਾ ਸੁੱਖਾਂ ਦੇ ਸੁਨੇਹੇ ਦੋਹੀਂ ਪਾਸੇ ਦਿੰਦਾ ਸੀ।

ਅਕਬਰ ਵਰਗੇ ਮੁਹੱਬਤੀ ਇਨਸਾਨ ਸਾਡੇ ਆਪਣੇ ਹਨ, ਜਿਨਾਂ ਤੋਂ ਅਸੀਂ ਕਦੇ ਵੱਖ ਨਹੀਂ ਹੋ ਸਕਦੇ। ਨਾ ਕਦੇ ਆਪਣੀਆਂ ਯਾਦਾਂ ਵਿੱਚੋਂ ਭੁਲਾ ਸਕਦੇ ਹਾਂ।

## ਭਾਰਤ ਦੀ ਮੁੱਕੇਬਾਜ਼ ਮੈਰੀ...

ਲਗਨ ਜਿੰਨੀ ਲਗਨ ਨਾਲ ਉਹ ਰਿੰਗ ਵਿੱਚ ਖੇਡਦੀ ਹੈ। ਉਸ ਨੂੰ ਐਵੇਂ ਹੀ ਆਇਰਨ ਲੇਡੀ ਨਹੀਂ ਕਿਹਾ ਜਾਂਦਾ। ਮੁੱਕੇਬਾਜ਼ੀ ਵਿੱਚ ਓਲੰਪਿਕ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਹੈ। 2012 ਦੇ ਲੰਡਨ ਓਲੰਪਿਕ ਵਿੱਚ ਵੀ ਉਨ੍ਹਾਂ ਨੂੰ ਕਾਂਸੀ ਦਾ ਮੈਡਲ ਮਿਲਿਆ ਸੀ।

ਪਹਿਲੀ ਵਿਸ਼ਵ ਚੈਂਪੀਅਨਸ਼ਿਪ ਉਸ ਨੇ 2001 ਵਿੱਚ ਜਿੱਤੀ ਸੀ ਅਤੇ ਉਦੋਂ ਤੋਂ ਲੈ ਕੇ 2019 ਤੱਕ ਉਹ ਵਿਸ਼ਵ ਚੈਂਪੀਅਨਸ਼ਿਪ ਵਿੱਚ ਕੁੱਲ ਅੱਠ ਵਾਰ ਮੈਡਲ ਜਿੱਤ ਚੁੱਕੀ ਹੈ।ਮੈਰੀ ਬਾਕਸਿੰਗ ਰਿੰਗ ਦੇ ਅੰਦਰ ਜਿੰਨੀ ਜੁਝਾਰੂ ਹੈ। ਅਸਲ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਵੀ ਉਨ੍ਹਾਂ ਨੇ ਡਟ ਕੇ ਸਾਹਮਣਾ ਕੀਤਾ ਹੈ।2011 ਵਿੱਚ ਮੈਰੀ ਕਾਮ ਦੇ ਸਾਢੇ ਤਿੰਨ ਸਾਲ ਦੇ ਬੇਟੇ ਦੇ ਦਿਲ ਦਾ ਅਪਰੇਸ਼ਨ ਹੋਣਾ ਸੀ। ਉਸੀ ਦੌਰਾਨ ਮੈਰੀ ਕਾਮ ਨੂੰ ਚੀਨ ਵਿੱਚ ਏਸ਼ੀਆ ਕੱਪ ਲਈ ਵੀ ਜਾਣਾ ਸੀ। ਫ਼ੈਸਲਾ ਮੁਸ਼ਕਿਲ ਸੀ।ਆਖਿਰਕਾਰ ਮੈਰੀ ਕਾਮ ਦੇ ਪਤੀ ਓਨਲਰ ਬੇਟੇ ਨਾਲ ਰਹੇ ਅਤੇ ਮੈਰੀ ਕਾਮ ਏਸ਼ੀਆ ਕੱਪ ਵਿੱਚ ਗਈ ਅਤੇ ਗੋਲਡ ਮੈਡਲ ਜਿੱਤ ਕੇ ਲਿਆਈ।

**ਮੈਰੀ ਦਾ ਬਚਪਨ ਤੇ ਸੰਘਰਸ਼**

ਮਣੀਪੁਰ ਵਿੱਚ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋਈ ਮੈਰੀ ਕਾਮ ਦੇ ਪਰਿਵਾਰ ਵਾਲੇ ਨਹੀਂ ਚਾਹੁੰਦੇ ਸਨ ਕਿ ਉਹ ਮੁੱਕੇਬਾਜ਼ੀ ਵਿੱਚ ਜਾਵੇ। ਬਚਪਨ ਵਿੱਚ ਮੈਰੀ ਕਾਮ ਘਰ ਦਾ ਕੰਮ ਕਰਦੀ, ਖੇਤ ਵਿੱਚ ਜਾਂਦੀ, ਭਰਾ-ਭੈਣ ਨੂੰ ਸੰਭਾਲਦੀ ਅਤੇ ਪ੍ਰੈਕਟਿਸ ਕਰਦੀ। ਦਰਅਸਲ ਡਿੰਕੋ ਸਿੰਘ ਨੇ ਉਨ੍ਹਾਂ ਦਿਨਾਂ 1998 ਵਿੱਚ ਏਸ਼ੀਆਈ ਖੇਡਾਂ ਵਿੱਚ ਗੋਲਡ ਮੈਡਲ ਜਿੱਤਿਆ ਸੀ। ਉੱਥੋਂ ਹੀ ਮੈਰੀ ਕਾਮ ਨੂੰ ਵੀ ਮੁੱਕੇਬਾਜ਼ੀ ਦਾ ਚਸਕਾ ਲੱਗਿਆ। ਕਾਫ਼ੀ ਸਮੇਂ ਤੱਕ ਤਾਂ ਉਸ ਦੇ ਮਾਂ-ਬਾਪ ਨੂੰ ਪਤਾ ਹੀ ਨਹੀਂ ਸੀ ਕਿ ਮੈਰੀ ਕਾਮ ਮੁੱਕੇਬਾਜ਼ੀ ਕਰ ਰਹੀ ਹੈ।ਸਾਲ 2000 ਵਿੱਚ ਅਖ਼ਬਾਰ ਵਿੱਚ ਛਪੀ ਸਟੇਟ ਚੈਂਪੀਅਨ ਦੀ ਫੋਟੋ ਤੋਂ ਉਨ੍ਹਾਂ ਨੂੰ ਪਤਾ ਲੱਗਿਆ। ਪਿਤਾ ਨੂੰ ਡਰ ਸੀ ਕਿ ਮੁੱਕੇਬਾਜ਼ੀ ਵਿੱਚ ਸੱਟ ਲੱਗੀ ਤਾਂ ਇਲਾਜ ਕਰਾਉਣਾ ਮੁਸ਼ਕਿਲ ਹੋਵੇਗਾ ਅਤੇ ਵਿਆਹ ਵਿੱਚ ਵੀ ਦਿੱਕਤ ਹੋਵੇਗੀ। ਪਰ ਮੈਰੀ ਕਾਮ ਨਹੀਂ ਮੰਨੀ। ਮਾਂ-ਬਾਪ ਨੂੰ ਹੀ ਜ਼ਿੱਦ ਮੰਨਣੀ ਪਈ। ਮੈਰੀ ਨੇ 2001 ਦੇ ਬਾਅਦ ਤੋਂ ਤਿੰਨ ਵਾਰ ਵਿਸ਼ਵ ਚੈਂਪੀਅਨਸ਼ਿਪ ਜਿੱਤੀ। ਇਸੀ ਦੌਰਾਨ ਮੈਰੀ ਕਾਮ ਦਾ ਵਿਆਹ ਹੋਇਆ ਅਤੇ ਦੋ ਜੌੜੇ ਬੱਚੇ ਵੀ।ਵਿਸ਼ਵ ਚੈਂਪੀਅਨ ਰਹਿ ਚੁੱਕੀ ਮੈਰੀ ਕਾਮ ਨੇ ਕਈ ਵਿਸ਼ਵ ਚੈਂਪੀਅਨਸ਼ਿਪ ਮੈਡਲ ਅਤੇ ਓਲੰਪਿਕ ਮੈਡਲ ਮਾਂ ਬਣਨ ਤੋਂ ਬਾਅਦ ਜਿੱਤੇ।2012 ਓਲੰਪਿਕ ਵਿੱਚ ਤਾਂ ਚੁਣੌਤੀ ਇਹ ਵੀ ਸੀ ਕਿ ਮੈਰੀ ਕਾਮ ਨੂੰ ਆਪਣੇ ਭਾਰ ਵਰਗ 48 ਕਿਲੋਗ੍ਰਾਮ ਦੀ ਬਜਾਏ 51 ਕਿਲੋਗ੍ਰਾਮ ਵਰਗ ਵਿੱਚ ਖੇਡਣਾ ਪਿਆ ਸੀ। ਇਸ ਵਰਗ ਵਿੱਚ ਉਨ੍ਹਾਂ ਨੇ ਸਿਰਫ਼ ਦੋ ਹੀ ਮੈਚ ਖੇਡੇ ਸਨ।

ਮੈਰੀ ਕਾਮ ਨੇ ਕਰੀਅਰ ਵਿੱਚ ਬੁਰੇ ਦਿਨ ਵੀ ਦੇਖੇ ਜਦੋਂ ਉਹ 2014 ਵਿੱਚ ਗਲਾਸਗੋ ਵਿੱਚ ਕੁਆਲੀਫਾਈ ਨਹੀਂ ਕਰ ਸਕੀ ਅਤੇ ਨਾ ਹੀ ਰੀਓ ਓਲੰਪਿਕ ਲਈ ਕੁਆਲੀਫਾਈ ਕਰ ਸਕੀ ਸੀ।

ਮੈਰੀ ਕਾਮ ਨੇ ਨਿੱਜੀ ਜ਼ਿੰਦਗੀ ਵਿੱਚ ਵੀ ਕਈ ਚੁਣੌਤੀਆਂ ਝੱਲੀਆਂ ਹਨ। 'ਹਿੰਦੁਸਤਾਨ ਟਾਈਮਜ਼' ਵਿੱਚ ਛਪੇ ਆਪਣੇ ਬੇਟਿਆਂ ਦੇ ਨਾਂ ਲਿਖੇ ਖ਼ਤ ਵਿੱਚ ਉਨ੍ਹਾਂ ਨੇ ਸਾਂਝਾ ਕੀਤਾ ਸੀ ਕਿ ਕਿਵੇਂ ਜਦੋਂ ਉਹ 17 ਸਾਲ ਦੀ ਸੀ ਤਾਂ ਉਹ ਜਿਨਸੀ ਉਤਪੀੜਨ ਦਾ ਸ਼ਿਕਾਰ ਹੋਈ ਸੀ-ਪਹਿਲੀ ਵਾਰ ਮਣੀਪੁਰ ਵਿੱਚ, ਫਿਰ ਦਿੱਲੀ ਵਿੱਚ ਅਤੇ ਹਿਸਾਰ ਵਿੱਚ। ਇਹ ਉਹ ਦੌਰ ਸੀ ਜਦੋਂ ਮੈਰੀ ਕਾਮ ਮੁੱਕੇਬਾਜ਼ੀ ਵਿੱਚ ਆਪਣਾ ਕਰੀਅਰ ਬਣਾਉਣ ਲਈ ਸੰਘਰਸ਼ ਕਰ ਰਹੀ ਸੀ।ਜਦੋਂ ਉਹ ਆਪਣੀ ਤੀਜੀ ਵਿਸ਼ਵ ਚੈਂਪੀਅਨਸ਼ਿਪ ਜਿੱਤ ਕੇ ਘਰ ਪਰਤੀ ਤਾਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਦੇ ਸਹੁਰੇ ਦਾ ਕਤਲ ਕਰ ਦਿੱਤਾ ਗਿਆ ਸੀ।ਪਰ ਹਰ ਬਾਰ ਮੈਰੀ ਨੇ ਹਾਲਾਤ ਨੂੰ ਮਾਤ ਦਿੱਤੀ ਅਤੇ ਬਾਕਸਿੰਗ ਰਿੰਗ ਵਿੱਚ ਉਹ ਅਲੱਗ ਹੀ ਰੂਪ ਵਿੱਚ ਨਜ਼ਰ ਆਉਂਦੀ ਹੈ।

ਉਨ੍ਹਾਂ ਨੇ ਕਿਹਾ ਸੀ, "ਅੱਜ ਦੀ ਮੈਰੀ ਅਤੇ 2012 ਤੋਂ ਪਹਿਲਾਂ ਦੀ ਮੈਰੀ ਵਿੱਚ ਫਰਕ, ਨੌਜਵਾਨ ਮੈਰੀ ਇੱਕ ਤੋਂ ਬਾਅਦ ਇੱਕ ਲਗਾਤਾਰ ਪੰਚ ਮਾਰਦੀ ਸੀ। ਹੁਣ ਮੈਰੀ ਹਮਲਾ ਕਰਨ ਲਈ ਸਹੀ ਵਕਤ ਦਾ ਇੰਤਜ਼ਾਰ ਕਰਦੀ ਹੈ ਅਤੇ ਇਸ ਤਰ੍ਹਾਂ ਆਪਣੀ ਊਰਜਾ ਬਚਾਉਂਦੀ ਹੈ।"

## ਧਰਮਸੋਤ ਕਾਰਨ ਕੈਪਟਨ...

ਕਿ ਸਕਾਲਰਸ਼ਿਪ ਘੁਟਾਲੇ ਵਿਚ ਕੈਪਟਨ ਸਰਕਾਰ ਦੇ ਮੰਤਰੀਆਂ ਦੀ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ 'ਦਾਲ ਵਿਚ ਕੁਝ ਕਾਲਾ ਨਹੀਂ ਬਲਕਿ ਪੂਰੀ ਦਾਲ ਹੀ ਕਾਲੀ' ਹੈ। ਉਨਾਂ ਕਿਹਾ ਕਿ ਸੀਬੀਆਈ ਵਲੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਇਲਜਾਮਾਂ ਦਾ ਬਿਓਰਾ ਮੰਗ ਲੈਣਾ ਇਹ ਦਰਸਾਉਂਦਾ ਹੈ ਕਿ ਕੈਪਟਨ ਸਰਕਾਰ ਦੇ ਰਾਜ ਵਿਚ ਉਨਾਂ ਦੇ ਮੰਤਰੀਆਂ ਵਲੋਂ ਆਮ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਦਾਇਰਾ ਕਿੰਨਾ ਵੱਡਾ ਹੋ ਸਕਦਾ ਹੈ। ਉਨਾਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਯੋਗ ਕਾਰਵਾਈ ਦੀ ਮੰਗ ਕੀਤੀ।

ਇਸ ਸਬੰਧੀ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਵੀ ਪਿਛਲੇ ਦਿਨੀਂ ਸਕਾਲਰਸ਼ਿਪ ਘੁਟਾਲੇ ਵਿਚ ਸੀਬੀਆਈ ਵਲੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਇਲਜਾਮਾਂ ਦਾ ਸੱਚ ਲੋਕਾਂ ਸਾਹਮਣੇ ਲਿਆਉਣ ਲਈ ਕਿਹਾ ਸੀ।

## ਸਾਂਵਲ, ਸਾਵਣ

ਚਲੋ ਅਸੀਂ ਵੀ ਪੀਂਘਾਂ ਪਾਈਏ
ਪੀਂਘਾਂ ਅੰਬਰ ਤੀਕ ਚੜਾਈਏ।
ਚੰਨ ਮਾਮੇ ਤੋਂ ਚੋਰੀ ਚੋਰੀ
ਅੰਬਰੋਂ ਤਾਰੇ ਤੋੜ ਲਿਆਈਏ।
ਦਿਲ ਕੀ ਪਿਆਸ ਦਾ ਬੂਟੀਆਂ ਵਾਲਾ
ਸੋਹਣਾ ਜਿਹਾ ਇਕ ਸੂਟ ਸਵਾਈਏ।
ਚੁੰਨੀ ਲੈ ਅਸਮਾਨੀ ਰੰਗ ਦੀ
ਤਾਰੇ ਉਸ ਦੇ ਵਿੱਚ ਜੜਵਾਈਏ।
ਬਾਹਵਾਂ ਦੇ ਵਿੱਚ ਕੱਚ ਦੀਆਂ ਵੰਗਾਂ
ਹੱਥਾਂ ਉਤੇ ਮਹਿੰਦੀ ਲਾਈਏ।
ਛਣਣ ਛਣ, ਛਣਣ ਛਣਣ ਛਣ
ਪੈਰਾਂ ਵਿੱਚ ਝਾਂਜਰ ਛਣਕਾਈਏ।
ਬੇਬੇ ਦੇ ਚਾਵਾਂ ਨਾਲ ਬਣਾਏ
ਖੀਰ ਤੇ ਪੂੜੇ ਮਿਲਕੇ ਖਾਈਏ।
ਨਣਦ ਭਾਬੀਆਂ ਕੱਠੀਆਂ ਹੋ ਕੇ
ਵਿਹੜੇ ਦੇ ਵਿੱਚ ਗਿੱਧਾ ਪਾਈਏ।
ਕਿਣਮਿਣ ਕਿਣਮਿਣ ਕਣੀਆਂ ਵਰਸਣ
ਕਣੀਆਂ ਦੇ ਵਿੱਚ ਭਿਜ ਭੁਜ ਜਾਈਏ।
ਜੇ 'ਸੁਰਜੀਤ' ਸਾਂਵਲ ਆ ਜਾਵੇ
ਸਾਵਣ ਖੁਸ਼ੀਆਂ ਨਾਲ ਮਨਾਈਏ।

ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ, ਯੂ.ਐਸ.ਏ.




# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**